ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 6 | Issue 45 | 15 November to 21 November October 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

## ਕੈਨੇਥ ਜਸਟਰ ਨੇ ਭਾਰਤ 'ਚ ਅਮਰੀਕੀ ਰਾਜਦੂਤ ਵਜੋਂ ਸਹੁੰ ਚੁੱਕੀ

**ਵਾਸ਼ਿੰਗਟਨ/ਬਿਊਰੋ ਨਿਊਜ਼:** ਕੈਨੇਥ ਜਸਟਰ ਨੇ ਭਾਰਤ ਲਈ ਅਮਰੀਕੀ ਰਾਜਦੂਤ ਵਜੋਂ ਹਲਫ਼ ਲਿਆ ਹੈ। ਉਪ ਰਾਸ਼ਟਰਪਤੀ ਮਾਈਕ ਪੈਂਸ ਨੇ ਭਰੋਸਾ ਪ੍ਰਗਟਾਇਆ ਕਿ ਉਹ ਹੋਰ ਮਜ਼ਬੂਤ ਭਾਈਵਾਲੀ ਦਾ ਨਿਰਮਾਣ ਕਰਨਗੇ, ਜੋ ਦੋਵੇਂ ਮੁਲਕਾਂ ਤੇ ਉਨ੍ਹਾਂ ਦੇ ਲੋਕਾਂ ਲਈ ਲਾਹੇਵੰਦ ਹੋਵੇਗੀ। ਜਸਟਰ ਭਾਰਤੀ-ਅਮੈਰਿਕਨ ਰਿਚਰਚ ਵਰਮਾ ਦੀ ਜਗ੍ਹਾ ਲੈਣਗੇ, ਜਿਨ੍ਹਾਂ ਨੇ ਡੋਨਲਡ ਟਰੰਪ ਦੇ ਰਾਸ਼ਟਰਪਤੀ ਬਣਨ ਬਾਅਦ 20 ਜਨਵਰੀ ਨੂੰ ਅਸਤੀਫ਼ਾ ਦੇ ਦਿੱਤਾ ਸੀ।



## ਭੂਚਾਲ ਨਾਲ ਇਰਾਕ ਤੇ ਇਰਾਨ ਵਿੱਚ 400 ਤੋਂ ਵੱਧ ਮੌਤਾਂ

**ਤਹਿਰਾਨ/ਬਿਊਰੋ ਨਿਊਜ਼:** ਇਰਾਕ-ਇਰਾਨ ਸਰਹੱਦ ਨੇੜੇ ਆਏ 7.3 ਦੀ ਤੀਬਰਤਾ ਵਾਲੇ ਭੂਚਾਲ ਕਾਰਨ ਦੋਵਾਂ ਮੁਲਕਾਂ ਵਿੱਚ 400 ਤੋਂ ਵੱਧ ਮੌਤਾਂ ਹੋਈਆਂ। ਇਸ ਕਾਰਨ ਲੋਕਾਂ ਨੂੰ ਰਾਤ ਆਪਣੇ ਘਰਾਂ ਤੋਂ ਬਾਹਰ ਕੱਟਣੀ ਪਈ। ਭੂਚਾਲ ਦੇ ਝਟਕੇ ਭੂਮੱਧ ਸਾਗਰ ਤੱਟ ਤੱਕ ਮਹਿਸੂਸ ਕੀਤੇ ਗਏ। ਐਤਵਾਰ ਰਾਤੀਂ ਆਏ ਇਸ ਭੂਚਾਲ ਦਾ ਸਭ ਤੋਂ ਮਾਰੂ ਅਸਰ ਇਰਾਨ

ਬਾਕੀ ਸਫ਼ਾ 33 'ਤੇ

# ਭਾਰਤੀ ਕੌਂਸਲੇਟ ਦੇ ਸਹਿਯੋਗ ਨਾਲ ਕਰਵਾਏ ਸੈਮੀਨਾਰ 'ਚ 'ਦਸਤਾਰ' ਦੀ ਬੇਅਦਬੀ ਦਾ ਜ਼ੋਰਦਾਰ ਵਿਰੋਧ

*'ਸਵਾ ਲੱਖ ਸਿੰਘ' ਨੇ ਪ੍ਰਬੰਧਕਾਂ ਨੂੰ ਕਾਰਵਾਈ ਮੁਲਤਵੀ ਕਰਨ ਲਈ ਕੀਤਾ ਮਜਬੂਰ*

### ਯੋਗੀ ਭਜਨ ਦੇ ਚੇਲਿਆਂ ਨੇ ਕੌਂਸਲੇਟ ਦੀ ਚਾਪਲੂਸੀ ਲਈ ਲੋਇਲਾ ਮੈਰੀਮੌਂਟ ਯੂਨੀਵਰਸਿਟੀ 'ਚ ਰੱਖਿਆ ਸੀ ਪ੍ਰੋਗਰਾਮ

**ਲਾਸ ਏਂਜਲਸ/ਬਿਊਰੋ ਨਿਊਜ਼:** ਭਾਰਤੀ ਕੌਂਸਲੇਟ ਦੇ ਸਹਿਯੋਗ ਨਾਲ ਇੱਥੇ ਲੰਘੇ ਸ਼ੁਕਰਵਾਰ ਨੂੰ ਕਰਵਾਏ ਸੈਮੀਨਾਰ 'ਚ ਪ੍ਰਬੰਧਕਾਂ ਨੂੰ ਦਸਤਾਰ ਦੀ ਬੇਅਦਬੀ ਦੇ ਜ਼ੋਰਦਾਰ ਵਿਰੋਧ ਦਾ ਸਾਹਮਣ ਕਰਨਾ ਪਿਆ। ਯੋਗੀ ਭਜਨ ਦੇ ਚੇਲਿਆਂ ਵਲੋਂ ਭਾਰਤੀ ਕੌਂਸਲੇਟ ਦੀ ਚਾਪਲੂਸੀ ਲਈ ਲੋਇਲਾ ਮੈਰੀਮੌਂਟ ਯੂਨੀਵਰਸਿਟੀ 'ਚ ਸਿੱਖ ਅਤੇ ਜੈਨੀ ਅਧਿਆਪਨ' ਵਿਭਾਗ ਦੇ ਸਹਿਯੋਗ ਨਾਲ ਰੱਖੇ ਇਸ ਪ੍ਰੋਗਰਾਮ ਸਵਾ ਲੱਖ ਸਿੰਘ' ਨੇ ਪ੍ਰਬੰਧਕਾਂ ਨੂੰ ਕਾਰਵਾਈ ਮੁਲਤਵੀ ਕਰਨ ਲਈ ਮਜਬੂਰ ਕਰ ਦਿੱਤਾ। ਦਸਮ ਪਿਤਾ ਸੀ ਗੁਰੂ ਗੋਬਿੰਦ ਸਿੰਘ ਜੀ ਦੇ 350 ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਉਨ੍ਹਾਂ ਦੀ ਸ਼ਖ਼ਸੀਅਤ ਦੀ ਸਰਾਹਣਾ ਹਿੱਤ , ਲੋਇਲਾ ਮੈਰੀਮੌਂਟ ਯੂਨੀਵਰਸਿਟੀ ਵਿੱਚ ਸਾਰਾ ਦਿਨ ਚੱਲਣ ਵਾਲੇ ਸੈਮੀਨਾਰ ਵਿੱਚ ਉਦੋਂ ਖਲਬਲੀ ਮੱਚ ਗਈ ਜਦੋਂ ਪ੍ਰਬੰਧਕਾਂ ਨੇ ਭਾਰਤੀ ਕੌਂਸਲੇਟ ਦੇ ਸਿਰ ਉਤੇ ਦਸਤਾਰ ਰੱਖਣ ਦੀ ਕੋਸ਼ਿਸ਼ ਕੀਤੀ।

ਬਾਕੀ ਸਫ਼ਾ 32 'ਤੇ

**ਸੰਪਾਦਕੀ ਅੰਦਰ ਪੜ੍ਹੋ**
**ਸਿੱਖ ਮਸਲਿਆਂ ਵਿੱਚ ਬੇਲੋੜਾ ਦਖ਼ਲ**



ਸੈਮੀਨਾਰ ਮੌਕੇ ਰੋਸ ਪ੍ਰਗਟਾਉਂਦੇ ਹੋਏ ਸਿੱਖ ਇਨਫਰਮੇਸ਼ਨ ਸੈਂਟਰ ਦੇ ਬਾਨੀ ਭਜਨ ਸਿੰਘ ਭਿੰਡਰ।

ਯੂਟਿਊਬ ਉੱਤੇ ਇਸ ਰਿਪੋਰਟ ਦੀ ਵੀਡੀਓ ਵੇਖਣ ਲਈ ਲਿੰਕ.
https://www.youtube.com/watch?v=b2HVHuRjxp4&feature=youtu.be

# "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 25 ਦਸੰਬਰ ਨੂੰ ਹੀ ਮਨਾਇਆ ਜਾਵੇ"

## ਪੰਜ ਸਿੰਘ ਸਾਹਿਬਾਨ ਨੇ ਦਸਮ ਪਿਤਾ ਦੇ ਪ੍ਰਕਾਸ਼ ਪੁਰਬ ਬਾਰੇ ਸ਼੍ਰੋਮਣੀ ਕਮੇਟੀ ਦੀ ਸਿਫ਼ਾਰਸ਼ ਨੂੰ ਕੀਤਾ ਰੱਦ

**ਅੰਮ੍ਰਿਤਸਰ/ਬਿਊਰੋ ਨਿਊਜ਼**, ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ 25 ਦਸੰਬਰ ਬਜਾਏ ਕਿਸੇ ਹੋਰ ਮਿਤੀ ਨੂੰ ਮਨਾਉਣ ਦੀ ਕੀਤੀ ਸਿਫ਼ਾਰਸ਼ ਪੰਜ ਸਿੰਘ ਸਾਹਿਬਾਨ ਨੇ ਰੱਦ ਕਰ ਦਿੱਤੀ ਹੈ। ਇਥੇ ਅਕਾਲ ਤਖ਼ਤ ਸਾਹਿਬ ਵਿਖੇ ਇਕੱਤਰਤਾ 'ਚ ਗੁਰਪੁਰਬ 25 ਦਸੰਬਰ ਨੂੰ ਹੀ ਮਨਾਉਣ ਦਾ ਫੈਸਲਾ ਕੀਤਾ ਗਿਆ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ

ਬਾਕੀ ਸਫ਼ਾ 33 'ਤੇ



ਅਕਾਲ ਤਖ਼ਤ ਸਾਹਿਬ ਵਿਖੇ ਮੀਟਿੰਗ ਕਰਦੇ ਹੋਏ ਸਿੰਘ ਸਾਹਿਬਾਨ।

## ਤਖ਼ਤਾਂ ਦੇ ਜਥੇਦਾਰ ਕਿਸੇ ਦੁਨਿਆਵੀ ਅਦਾਲਤ ਅਧੀਨ ਨਹੀਂ: ਬਡੂੰਗਰ

*ਪ੍ਰਕਾਸ਼ ਪੁਰਬ ਸਬੰਧੀ ਸਿੰਘ ਸਾਹਿਬਾਨ ਦਾ ਫ਼ੈਸਲਾ ਸਭ ਨੂੰ ਪ੍ਰਵਾਨ*

**ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਇੱਥੇ ਕਿਹਾ ਕਿ ਤਖ਼ਤਾਂ ਦੇ ਜਥੇਦਾਰ ਕਿਸੇ ਦੁਨਿਆਵੀ ਅਦਾਲਤ ਅਧੀਨ ਨਹੀਂ ਹਨ ਤੇ ਇਹ ਗੱਲ ਉਨ੍ਹਾਂ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਸੰਮਨ ਭੇਜਣ ਮੌਕੇ ਵੀ ਸਪੱਸ਼ਟ ਕਰ ਦਿੱਤੀ ਸੀ। ਇਸ ਲਈ ਜਥੇਦਾਰਾਂ ਵੱਲੋਂ ਕੌਮ ਦੇ ਹਿੱਤਾਂ ਦੇ ਮੱਦੇਨਜ਼ਰ ਲਿਆ ਕੋਈ ਵੀ ਫ਼ੈਸਲਾ ਸਾਰੀ ਕੌਮ ਨੂੰ ਪ੍ਰਵਾਨਿਤ ਹੈ। ਜਿੱਥੋਂ ਤੱਕ ਦਿਲਗੀਰ ਮਾਮਲੇ ਵਿੱਚ



ਬਾਕੀ ਸਫ਼ਾ 33 'ਤੇ

## ਉਤਰੀ ਕੈਲੇਫੋਰਨੀਆ 'ਚ ਅੰਨੇਵਾਹ ਗੋਲੀਬਾਰੀ, 4 ਮੌਤਾਂ

**ਸੈਕਰਾਮੈਂਟੋ/ਬਿਊਰੋ ਨਿਊਜ਼:** ਉਤਰੀ ਕੈਲੇਫੋਰਨੀਆ ਦੇ ਰਾਜਧਾਨੀ ਵਾਲੇ ਸ਼ਹਿਰ ਸੈਕਰਾਮੈਂਟੋ ਤੋਂ ਕਈ ਮੀਲ ਟੇਹਾਮਾ ਕਾਊਂਟੀ ਦੇ ਰਾਂਚੋ ਰੀਜ਼ਰਵ ਇਲਾਕੇ ਦੇ ਇੱਕ ਛੋਟੇ ਜਿਹੇ ਕਸਬੇ ਨੇੜੇ ਇਕ ਸਿਰਫਿਰੇ ਹਥਿਆਰਬੰਦ ਵਿਅਕਤੀ ਵਲੋਂ ਇਲਾਕੇ ਵਿਚ ਅੰਨੇਵਾਹ ਗੋਲੀਬਾਰੀ ਕੀਤੀ ਗਈ ਜਿਸ ਕਾਰਨ 4 ਲੋਕਾਂ ਦੀ ਮੌਤ ਹੋ ਗਈ ਹੈ ਤੇ 10 ਲੋਕ ਜ਼ਖਮੀ ਹੋ ਗਏ ਹਨ। ਮੰਗਲਵਾਰ ਨੂੰ ਵਾਪਰੀ ਇਸ ਵਾਰਦਾਤ ਦੇ ਮ੍ਰਿਤਕਾਂ ਵਿਚ ਦੋ ਛੋਟੇ ਬੱਚੇ ਵੀ ਸ਼ਾਮਲ ਹਨ। ਪੁਲਿਸ ਵਲੋਂ ਹਮਲਾਵਰ ਨੂੰ ਗੋਲੀ ਮਾਰ ਕੇ ਹਲਾਕ ਕਰ ਦਿੱਤਾ ਗਿਆ। ਪੁਲੀਸ ਅਨੁਸਾਰ ਹਮਲਾਵਰ ਨੇ ਰਾਂਚੋਂ ਟੇਹਾਮਾ ਐਲੀਮੈਂਟਰੀ ਸਕੂਲ ਵਿੱਚ ਦਾਖ਼ਲ ਹੋਣ ਦਾ ਯਤਨ ਕੀਤਾ ਪਰ ਮੌਕੇ ਉੱਤੇ ਕਾਰਵਾਈ

ਬਾਕੀ ਸਫ਼ਾ 33 'ਤੇ

## ਅਮਰੀਕਾ-ਚੀਨ ਇਕੱਠਿਆਂ ਸੁਲਝਾ ਸਕਦੇ ਨੇ ਆਲਮੀ ਮੁਸ਼ਕਲਾਂ: ਟਰੰਪ

**ਪੇਈਚਿੰਗ/ਬਿਊਰੋ ਨਿਊਜ਼:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਉੱਤਰੀ ਕੋਰੀਆ ਦੇ ਪਰਮਾਣੂ ਮਸਲੇ ਨਾਲ ਨਜਿੱਠਣ ਲਈ ਚੀਨ ਦੇ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਕਿ ਅਮਰੀਕਾ ਅਤੇ ਚੀਨ ਇਕੱਠਿਆਂ ਗੰਭੀਰ ਆਲਮੀ ਮੁਸ਼ਕਲਾਂ ਨੂੰ ਹੱਲ ਕਰ ਸਕਦੇ ਹਨ। ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਦੁਵੱਲੇ ਸਬੰਧਾਂ ਨੂੰ ਹੁਲਾਰਾ ਦੇਣ ਲਈ ਬੀਤੇ ਦਿਨੀਂ ਇਥੇ ਹੋਈ ਬੈਠਕ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਦਾ ਚੀਨੀ ਰਾਜਧਾਨੀ 'ਚ ਸ਼ਾਹੀ ਅੰਦਾਜ਼ 'ਚ ਸਵਾਗਤ ਕੀਤਾ ਗਿਆ। ਟਰੰਪ ਨੇ ਨਿੱਘੇ ਸਵਾਗਤ ਦਾ ਧੰਨਵਾਦ ਕਰਦਿਆਂ ਆਲਮੀ ਸਮੱਸਿਆਵਾਂ ਦੇ ਟਾਕਰੇ ਲਈ ਜਿਨਪਿੰਗ ਨੂੰ ਇਕ ਮੰਚ 'ਤੇ ਆਉਣ ਦਾ ਸੱਦਾ ਦਿੱਤਾ। ਏਸ਼ੀਆ ਦੇ ਪੰਜ ਮੁਲਕਾਂ ਦੇ ਦੌਰੇ 'ਤੇ



ਬਾਕੀ ਸਫ਼ਾ 30 'ਤੇ

For Advertisements in Quomantry Amritsar Times Please Call :
Jai Singh
510-677-2777















ੴ ਸਤਿਗੁਰ ਪ੍ਰਸਾਦਿ ॥
ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ॥



# ਹੌਲੀਵੁੱਡ ਸਿੱਖ ਟੈਂਪਲ

## ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 548ਵੇਂ ਪ੍ਰਕਾਸ਼ ਦਿਹਾੜੇ ਸਬੰਧੀ ਸਮਾਗਮ

**18 ਨਵੰਬਰ, 2017 , ਸ਼ਨਿੱਚਰਵਾਰ**
**ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ**

**ਸਥਾਨ: ਫਰੈਂਡਸ਼ਿਪ ਆਡੀਟੋਰੀਅਮ,**
**3201 ਰਿਵਰਸਾਈਡ ਡਰਾਈਵ,**
**ਲਾਸ ਏਂਜਲਸ, ਕੈਲੀਫੋਰਨੀਆ 90027**



## ਭਾਈ ਇੰਦਰਜੀਤ ਸਿੰਘ ਜੀ

*ਸ੍ਰੀ ਦਰਬਾਰ ਸਾਹਿਬ ਵਾਲੇ ਅਤੇ ਹੋਰ*



ਹਜ਼ੂਰੀ ਰਾਗੀ ਜਥਾ ਭਾਈ ਅਜੀਤ ਸਿੰਘ ਜੀ ਅਤੇ ਭਾਈ ਮਨਜੀਤ ਸਿੰਘ ਜੀ
5 ਰਾਗੀ ਜਥੇ ਇਕੱਠੇ ਕੀਰਤਨ ਕਰਨਗੇ।
ਗੁਰਦੁਆਰਾ ਜਥਾ ਅਤੇ ਗੁਰਦੁਆਰਾ ਸਕੂਲੀ ਬੱਚੇ ਕੀਰਤਨ ਕਰਨਗੇ।
ਸਿਟੀ, ਸਟੇਟ ਅਧਿਕਾਰੀਆਂ ਦਾ ਸਨਮਾਨ ਕੀਤਾ ਜਾਵੇਗਾ।
ਸਿੱਖ ਬੁੱਧੀਜੀਵੀ ਅਤੇ ਆਗੂ ਹਿੱਸਾ ਲੈ ਰਹੇ ਹਨ।





*ਸਮਾਗਮ ਵਿਚ ਸ਼ਾਮਲ ਹੋ ਰਹੇ ਗੁਰੂਘਰ : ਗੁਰਦੁਆਰਾ ਵਾਲਨੱਟ, ਆਈ.ਆਈ.ਜੀ.ਐਸ., ਗੁਰਦੁਆਰਾ ਬਿਓਨਾ ਪਾਰਕ ਸਟੈਨਟਨ ਰੋਡ, ਗੁਰਦੁਆਰਾ ਏ.ਵੀ. ਸਿੱਖ ਸੈਂਟਰ ਲੈਂਕਾਸਟਰ, ਗੁਰਦੁਆਰਾ ਰਿਵਰਸਾਈਡ, ਗੁਰਦੁਆਰਾ ਵੈਂਤੂਰੇ, ਗੁਰਦੁਆਰਾ ਸਰਬ ਸਾਂਝਾ ਦਰਬਾਰ (ਕੇ.ਸੀ.ਐਫ.), ਸਿੱਖ ਸੈਂਟਰ ਆਫ਼ ਰਿਵਰਸਾਈਡ, ਗੁਰਦੁਆਰਾ ਮਾਤਾ ਸਾਹਿਬ ਕੌਰ ਜੀ, ਗੁਰਦੁਆਰਾ ਨਾਨਕ ਸਦਨ, ਗੁਰੂ ਰਾਮ ਦਾਸ ਆਸ਼ਰਮ, ਗੁਰਦੁਆਰਾ ਵੈਲੀ ਸਿੱਖ ਟੈਂਪਲ, ਗੁਰਦੁਆਰਾ ਲੈਂਕਰਸ਼ਿਮ, ਗੁਰਦੁਆਰਾ ਸਿੰਘ ਸਭਾ ਬਿਓਨਾ ਪਾਰਕ ਔਰੈਂਜਥਰੋਪ ਰੋਡ ਅਤੇ ਹੋਰ।*

**ਰਾਗੀ ਜਥੇ ਕਿਰਪਾ ਕਰਕੇ ਸ. ਸੰਤੋਖ ਸਿੰਘ (310-569-9506), ਸ. ਬਲਦੇਵ ਸਿੰਘ ਜੌਹਲ (661-965-5937) ਨਾਲ ਸੰਪਰਕ ਕਰ ਸਕਦੇ ਹਨ।**

ਪੰਜਾਬੀ ਬਾਜ਼ਾਰ ਲਈ ਸ. ਭੁਪਿੰਦਰ ਸਿੰਘ ਢਿਲੋਂ (323-514-6347),
ਸ. ਬਲਜਿੰਦਰ ਸਿੰਘ ਮੁਲਤਾਨੀ (213-249-8099),
ਸ. ਗੁਰਦੇਵ ਸਿੰਘ (323-304-4871) ਨਾਲ ਸੰਪਰਕ ਕਰ ਸਕਦੇ ਹਨ।
(ਸਟਾਲ ਲਗਾਉਣ ਵਾਲੇ ਆਪਣੀਆਂ ਛਤਰੀਆਂ ਨਾਲ ਲੈ ਕੇ ਆਉਣ।
ਮੇਜ ਸਾਡੇ ਵਲੋਂ ਮੁਹੱਈਆ ਕਰਵਾਏ ਜਾਣਗੇ।)

ਲੰਗਰ ਸੇਵਾ ਲਈ ਸੰਪਰਕ ਕਰੋ : ਸ. ਅਮਰਜੀਤ ਸਿੰਘ 310-291-4835
ਮੀਡੀਆ ਕੋ-ਆਰਡੀਨੇਟਰ : ਸ. ਮਨਜਿੰਦਰ ਪੀ. ਸਿੰਘ :818-268-3213
ਭਾਈ ਘਨ੍ਹੀਆ ਜੀ ਸੇਵਾ ਦਲ ਵਲੋਂ ਨਾਸ਼ਤੇ ਦੀ ਸੇਵਾ ਕੀਤੀ ਜਾਵੇਗੀ। ਬਾਬਾ ਸਵੀਟਸ ਵਲੋਂ ਜਲੇਬੀਆਂ ਦਾ ਲੰਗਰ ਲਾਇਆ ਜਾਵੇਗਾ। ਗੁਰੂ ਕਾ ਲੰਗਰ ਸਾਰਾ ਦਿਨ ਚੱਲੇਗਾ।
ਵੀਡੀਓ ਫੋਟੋਗ੍ਰਾਫ਼ੀ ਮਨਜਿੰਦਰ ਸੱਗੂ ਵਲੋਂ ਕੀਤੀ ਜਾਵੇਗੀ।

*ਅਖੰਡ ਪਾਠ ਸਾਹਿਬ ਦੇ ਭੋਗ 18 ਨਵੰਬਰ,2017, ਸ਼ਨਿੱਚਰਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਪਾਏ ਜਾਣਗੇ।*
*ਸਾਨੂੰ ਵਾਲੰਟੀਅਰਾਂ ਤੇ ਸੇਵਾਦਾਰਾਂ ਦੀ ਲੋੜ ਹੈ। ਇਸ ਸਬੰਧੀ ਸਾਡੇ ਨਾਲ ਸੰਪਰਕ ਕਰੋ।*
*ਅਸੀਂ ਆਡੀਟੋਰੀਅਮ ਵਿਖੇ ਵੈਲਿੱਡ ਪਾਰਕਿੰਗ ਘੱਟ ਚਾਰਜ 'ਤੇ ਮੁਹੱਈਆ ਕਰਵਾ ਰਹੇ ਹਾਂ।*
*ਗੁਰਦੁਆਰਾ ਸਾਹਿਬ ਤੋਂ ਫਰੈਂਡਸ਼ਿਪ ਆਡੀਟੋਰੀਅਮ ਤਕ ਸ਼ਟਲ ਸਵੇਰੇ 9.00 ਵਜੇ ਤੋਂ ਸ਼ਾਮ 5.30 ਵਜੇ ਤੱਕ ਮੁਹੱਈਆ ਕਰਵਾਈ ਜਾਵੇਗੀ।*

**ਮੈਨੇਜਮੈਂਟ ਕਮੇਟੀ :** ਡਾ. ਅਮਰਜੀਤ ਸਿੰਘ ਮਰਵਾਹ (ਚੇਅਰਮੈਨ), ਸ. ਬਲਦੇਵ ਸਿੰਘ ਜੌਹਲ (ਪ੍ਰਧਾਨ), ਸ. ਭੁਪਿੰਦਰ ਸਿੰਘ ਢਿਲੋਂ(ਮੀਤ ਪ੍ਰਧਾਨ), ਸ. ਸੰਤੋਖ ਸਿੰਘ (ਜਨਰਲ ਸਕੱਤਰ), ਸ. ਰੌਣਕ ਸਿੰਘ (ਵਧੀਕ ਸਕੱਤਰ), ਸ. ਬਲਜਿੰਦਰ ਸਿੰਘ ਮੁਲਤਾਨੀ (ਮੀਤ ਪ੍ਰਧਾਨ ਵਿਤ), ਸ. ਗੁਰਦੇਵ ਸਿੰਘ (ਖਜਾਨਚੀ), ਸ. ਗੁਲਬਾਗ ਸਿੰਘ (ਵਧੀਕ ਖਜਾਨਚੀ), ਮਨਜੀਤ ਸਿੰਘ ਖਾਲੀਲ (ਧਾਰਮਿਕ ਮਾਮਲੇ), ਸ. ਅਮਰਜੀਤ ਸਿੰਘ (ਲੰਗਰ ਇੰਚਾਰਜ), ਸ. ਹਰਮਿੰਦਰ ਸਿੰਘ ਚੌਹਾਨ (ਮੇਨਟੇਨਸ ਇੰਚਾਰਜ)

---

**ਦਾਨ ਕਮੇਟੀ :** ਜਵਾਹਰ ਲਾਲ ਸੈਣੀ, ਇਕਬਾਲ ਸਿੰਘ ਢਿਲੋਂ, ਸੁਰਿੰਦਰ ਸਿੰਘ ਗਿੱਲ, ਦਰਸ਼ਨ ਸਿੰਘ, ਇਕਬਾਲ ਸਿੰਘ ਸਮਰਾ ਐਂਡ ਬਰਦਰਜ਼, ਡਾ. ਜਸਵੰਤ ਸਿੰਘ ਢਿਲੋਂ, ਸੰਤ ਸਿੰਘ, ਬਲਵੰਤ ਸਿੰਘ, ਮੇਜਰ ਗੁਰਜੀਤ ਸਿੰਘ, ਹਰਜਿੰਦਰ ਸਿੰਘ ਮਲ੍ਹੀ, ਅਵਤਾਰ ਸਿੰਘ, ਹਰਭਜਨ ਸਿੰਘ, ਮਨਜੀਤ ਸਿੰਘ (ਪੱਪੀ), ਗੁਰਚਰਨ ਸਿੰਘ (ਬੱਲੀ), ਸਤਨਾਮ ਸਿੰਘ ਥਿਆੜਾ, ਗੁਰਸ਼ਰਨ ਨੱਤ (ਕਾਕਾ), ਮਨਜੀਤ ਸਿੰਘ ਪੰਧੇਰ, ਨਿਰਮਲ ਸੈਂਹਬੀ, ਹਰਭਜਨ ਸਿੰਘ ਸਮਰਾ, ਸਵਰਨਜੀਤ ਸਿੰਘ ਸਾਹਨੀ, ਗੁਰਦਾਸ ਸਿੰਘ ਕੇਹਲ, ਸਰਬਜੀਤ ਸਿੰਘ ਸੋਢੀ, ਗੁਰਦੇਵ ਸਿੰਘ ਨੌਲੀ, ਮਲਕੀਤ ਸਿੰਘ ਸੋਗੀ, ਅਵਤਾਰ ਸਿੰਘ ਭੋਗਲ, ਵੜੈਚ ਬਰਦਰਜ਼, ਸੰਤੋਖ ਸਿੰਘ ਖਿੰਡਾ ਬਰਦਰਜ਼, ਮੋਹਿੰਦਰ ਸਿੰਘ ਜੌਹਲ, ਹਰਨੇਕ ਸਿੰਘ ਥਿਆੜਾ, ਕੀਰਤਨ ਸਿੰਘ ਖਾਲਸਾ, ਰਾਮ ਸਿੰਘ, ਜਸਵਿੰਦਰ ਧਾਲੀਵਾਲ, ਹਰਜਿੰਦਰ ਸਿੰਘ ਰੰਧਾਵਾ, ਹਰਨਾਮ ਸਿੰਘ।

ਹੋਰ ਵਧੇਰੇ ਜਾਣਕਾਰੀ ਲਈ ਸ. ਬਲਦੇਵ ਸਿੰਘ ਜੌਹਲ (661-965-5937), ਮਨਜਿੰਦਰ ਪਾਲ ਸਿੰਘ (818-268-3213) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

Find us on Facebook

**ਸਾਡੀ ਵੈੱਬਸਾਈਟ 'ਤੇ ਜਾਣ ਲਈ : www.hollywoodsikhtemple.com**

# NOW OPEN IN MODESTO/CERES



G.S. Pannu
Immigration Consultant-LDA

# PANNU'S
## LEGAL SERVICES (Regd. & Bonded)
510.677.5200

**IMMIGRATION** ivisapass@gmail.com

- Family Petitions (Husband, Wife, Brother, Sister, Mother, Father, Son, Daughter)
- Green Card
- Citizenship
- Affidavit of Support
- Political Asylum
- Visas From India
  - Tourist • Business • H1B
  - Student • Relegious
  - ... & related matters

Family Petitions **FREE**

**DIVORCE**
- Petitions
- Child Support
- Child Visitation
- Child Custody
- Modification
- ...& related matters

RADIO GAL PUNJAB DI USA ਰੇਡੀਓ
LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
Download on the App Store | ANDROID APP ON Google Play
Live on Facebook | Video on YouTube
www.radiogalpunjabdiusa.com

POWER OF ATTORNEY
CREDIT REPAIR/CLEAR
SMALL CLAIM COURT CASES
...& help in legal documents preparation

**FREMONT** 40757 GRIMMER BLVD, CA 94538
**MODESTO/CERES** 3810 EAU CLAIRE AVE, CA 95307

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ
## Now Open
Indiana
1480 N State Road 1, Cambridge City, IN 47327. 70 Exit 137
Diesel/Gas

ਟਰੱਕਾਂ ਵਾਲੇ ਭਰਾਵਾਂ ਲਈ
**ਖੁੱਲ੍ਹ ਗਿਆ**



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet
over 100 gallons
open 6am to midnight
Phone: 765-478-6300

# CHAAT BHAVAN®
CHAAT BHAVAN RESTAURANT
## Best Name for Indian Vegetarian Food
DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

*Catering*
FULL SERVICE CATERING
FOR YOUR SPECIAL EVENT
from 50 to upto 10,000 guests.
*Setup a Tasting Appointment Today!*

5355 MOWRY AVENUE • FREMONT 510.795.1100
976 E. EL CAMINO REAL • SUNNYVALE 408.795.1100
4112 GRAFTON ST • DUBLIN 925.829.1700
WWW.CHAATBHAVAN.COM

# ਪੰਜਾਬ ਪੁਲੀਸ ਬਰਤਾਨਵੀ ਨਾਗਰਿਕ ਜੱਗੀ ਜੌਹਲ ਨਾਲ ਕਰ ਰਹੀ ਹੈ ਅਣਮਨੁੱਖੀ ਵਿਵਹਾਰ-ਬ੍ਰਿਟਿਸ਼ ਮੇਅਰ

**ਜਲੰਧਰ/ਬਿਊਰੋ ਨਿਊਜ਼**, ਇੰਗਲੈਂਡ ਦੇ ਵੈਟਫੋਰਡ ਸ਼ਹਿਰ ਦੇ ਮੇਅਰ ਸਿਆਸੀ ਕਤਲਾਂ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤੇ ਬਰਤਾਨਵੀ ਨੌਜਵਾਨ ਜਗਤਾਰ ਸਿੰਘ ਜੌਹਲ ਨਾਲ ਪੰਜਾਬ ਪੁਲੀਸ ਦੇ ਵਿਵਹਾਰ ਤੋਂ ਖ਼ਫ਼ਾ ਹਨ। ਵੈਟਫੋਰਡ ਦੇ ਮੇਅਰ ਜਗਤਾਰ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਪੰਜਾਬ ਪੁਲੀਸ ਨੇ ਜੱਗੀ ਜੌਹਲ ਨਾਲ ਅਣਮਨੁੱਖੀ ਵਿਵਹਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਜੱਗੀ ਦੀ ਮਾਮਲੇ ਵਿੱਚ ਕੀ ਸ਼ਮੂਲੀਅਤ ਹੈ, ਇਸ ਸਬੰਧੀ ਬੇਸ਼ੱਕ ਜਾਂਚ ਹੋਣੀ ਚਾਹੀਦੀ ਹੈ ਪਰ ਜਿਸ ਤਰ੍ਹਾਂ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ, ਇਸ ਮਾਮਲੇ ਨੂੰ ਉਹ ਬਰਤਾਨੀਆ ਵਿੱਚ ਚੁੱਕਣਗੇ। ਭਾਰਤ ਦੌਰੇ 'ਤੇ ਆਏ ਜਗਤਾਰ ਸਿੰਘ ਢੀਂਡਸਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਦੀਆਂ ਰਿਪੋਰਟਾਂ ਆਈਆਂ ਹਨ, ਉਹ ਨਿਰਾਸ਼ ਕਰਨ ਵਾਲੀਆਂ ਹਨ। ਉਨ੍ਹਾਂ ਕਿਹਾ ਕਿ ਜੱਗੀ ਜੌਹਲ ਦੇ ਮੂੰਹ 'ਤੇ ਅਚਾਨਕ ਬੋਰੀ ਸੁੱਟ ਕੇ ਦਬੋਚਿਆ ਗਿਆ, ਜਦੋਂਕਿ ਅਚਨਚੇਤੀ ਕਾਰਵਾਈ ਨਾਲ ਕੁਝ ਵੀ ਹੋ ਸਕਦਾ ਸੀ। ਉਨ੍ਹਾਂ ਕਿਹਾ ਕਿ ਜੱਗੀ ਬਰਤਾਨਵੀ ਨਾਗਰਿਕ ਹੈ ਅਤੇ ਉਸ ਦਾ ਵੀਜ਼ਾ ਰੋਕਿਆ ਜਾ ਸਕਦਾ ਸੀ ਜਾਂ ਉਸ ਨੂੰ ਕੋਈ ਨੋਟਿਸ ਕਰਕੇ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਜੱਗੀ ਨੂੰ ਚੁੱਕਣ ਤੋਂ ਬਾਅਦ ਉਸ ਦੇ ਪਰਿਵਾਰ ਨੂੰ ਵੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ।



ਮੀਡੀਆ ਨਾਲ ਗੱਲਬਾਤ ਕਰਦੇ ਹੋਏ ਬਰਤਾਨਵੀ ਮੇਅਰ।

ਸ੍ਰੀ ਢੀਂਡਸਾ ਨੇ ਕਿਹਾ ਕਿ ਉਹ ਇੰਗਲੈਂਡ ਜਾ ਕੇ ਇਸ ਮਾਮਲੇ ਨੂੰ ਭਾਰਤੀ ਹਾਈ ਕਮਿਸ਼ਨਰ ਅਤੇ ਬਰਤਾਨਵੀ ਅਧਿਕਾਰੀਆਂ ਕੋਲ ਚੁੱਕਣਗੇ। ਉਨ੍ਹਾਂ ਦੱਸਿਆ ਕਿ ਇੰਗਲੈਂਡ ਵਿੱਚ ਪਹਿਲਾਂ ਸਲੋਹ ਤੋਂ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਵੀ ਬਰਤਾਨਵੀ ਅਧਿਕਾਰੀਆਂ ਨਾਲ ਗੱਲਬਾਤ ਕਰ ਚੁੱਕੇ ਹਨ।

# ਪੰਜਾਬ ਸਰਕਾਰ ਵਲੋਂ ਸਿੱਖ ਨੌਜਵਾਨਾਂ ਦੀਆਂ ਝੂਠੇ ਕੇਸਾਂ 'ਚ ਗ੍ਰਿਫਤਾਰੀਆਂ ਦੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਨਿੰਦਾ

**ਨਿਊਯਾਰਕ/ਮੱਖਣ ਸਿੰਘ ਕਲੇਰ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਨੇ ਪੰਜਾਬ ਸਰਕਾਰ ਵਲੋਂ ਸਿੱਖ ਨੌਜਵਾਨਾਂ ਦੀਆਂ ਝੂਠੇ ਕੇਸਾਂ ਵਿੱਚ ਗ੍ਰਿਫਤਾਰੀਆਂ ਦੀ ਸਖਤ ਸ਼ਬਦਾਂ ਚ ਨਿੰਦਾ ਕਰਦਿਆਂ ਇਸ ਕਾਰਵਾਈ ਤੁਰੰਤ ਬੰਦ ਕਰਨ ਲਈ ਕਿਹਾ ਹੈ। ਪਾਰਟੀ ਵਲੋਂ ਇੱਥੇ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ 'ਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਦੇ ਹੁਕਮਾਂ ਤੇ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਪੁਲਿਸ ਵਲੋਂ ਵਿਦੇਸ਼ਾਂ ਵਿੱਚੋਂ ਪੰਜਾਬ ਗਏ ਸਿੱਖ ਨੌਜਵਾਨਾਂ ਨੂੰ ਸੋਚੀ ਸਮਝੀ ਸਾਜਿਸ਼ ਅਧੀਨ ਝੂਠੇ ਕੇਸਾਂ ਵਿੱਚ ਫਸਾ ਕੇ ਗ੍ਰਿਫਤਾਰ ਕੀਤਾ ਗਿਆ ਹੈ। ਕਾਂਗਰਸ ਵਲੋਂ ਇਕ ਫਿਰਕੇ ਨੂੰ ਖੁਸ਼ ਕਰਨ ਵਾਸਤੇ ਬੇਕਸੂਰ ਨੌਜਵਾਨਾਂ ਨੂੰ ਬਲੀ ਦੇ ਬੱਕਰੇ ਬਣਾਇਆ ਜਾ ਰਿਹਾ ਹੈ। ਕੈਪਟਨ ਸਰਕਾਰ 1984 ਦੇ ਕਾਲੇ ਦੌਰ ਵਰਗੇ ਸਮਿਆਂ ਨੂੰ ਮੁੜ ਸੱਦਾ ਦੇਣ ਵਾਲੇ ਕਦਮ ਪੁੱਟ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਕਨਵੀਨਰ ਬੂਟਾ ਸਿੰਘ ਖੜੌਦ,ਪ੍ਰਧਾਨ ਸੁਰਜੀਤ ਸਿੰਘ ਕੁਲਾਰ,ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ,ਪੈਨਲ ਮੈਂਬਰ ਰੁਪਿੰਦਰ ਸਿੰਘ ਬਾਠ,ਪੈਨਲ ਮੈਂਬਰ ਮੱਖਣ ਸਿੰਘ ਕਲੇਰ ਤੇ ਮੀਡੀਆ ਇੰਚਾਰਜ ਸਰਬਜੀਤ ਸਿੰਘ ਨੇ ਇੱਥੇ ਜਾਰੀ ਇਸ ਸਾਂਝੇ ਬਿਆਨ ਰਾਹੀਂ ਗ੍ਰਿਫਤਾਰ ਕੀਤੇ ਗਏ ਨੌਜਵਾਨਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੱਤਾ ਤੇ ਪੰਜਾਬ ਵਿੱਚਲੀ ਪਾਰਟੀ ਨੂੰ ਵੀ ਤੇ ਵਿਸ਼ੇਸ਼ ਤੌਰ ਤੇ ਪਾਰਟੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੂੰ ਬੇਨਤੀ ਕੀਤੀ ਗਈ ਹੈ ਕਿ ਫੜੇ ਗਏ ਨੌਜਵਾਨਾਂ ਦੀ ਮਦਦ ਕੀਤੀ ਜਾਵੇ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇਂ ਸਮੂਹ ਸਿੱਖ ਧਾਰਮਿਕ ਤੇ ਸਿਆਸੀ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਇੱਕ ਮੁੱਠ ਹੋ ਕੇ ਇਨਾਂ ਗ੍ਰਿਫਤਾਰੀਆਂ ਦੇ ਵਿਰੋਧ ਵਿੱਚ ਲਾਮਬੰਦੀ ਕਰਕੇ ਨੌਜਵਾਨਾਂ ਦੀ ਰਿਹਾਈ ਕਰਵਾਈ ਜਾਵੇ।

# ਮਾਂ ਬੋਲੀ ਪੰਜਾਬੀ ਨੂੰ ਅਪਣੀ ਧਰਤੀ ਉੱਤੇ ਮਿਲਿਆ ਬਣਦਾ ਮਾਣ, ਜਰਨੈਲੀ ਸੜਕਾਂ ਉੱਤੇ ਨਵੇਂ ਸਾਈਨ ਬੋਰਡਾਂ 'ਚ ਬਣੇਗੀ ਪਟਰਾਣੀ

ਬਠਿੰਡਾ/ਬਿਊਰੋ ਨਿਊਜ਼:

ਬਠਿੰਡਾ-ਅੰਮ੍ਰਿਤਸਰ ਕੌਮੀ ਸ਼ਾਹਰਾਹ ਉੱਤੇ ਲੱਗੇ ਨਵੇਂ ਸਾਈਨ ਬੋਰਡਾਂ ਵਿੱਚ ਹੁਣ ਪੰਜਾਬੀ ਭਾਸ਼ਾ ਪਟਰਾਣੀ ਬਣੇਗੀ। ਇਨ੍ਹਾਂ ਸਾਈਨ ਬੋਰਡਾਂ 'ਤੇ ਹੁਣ ਹਿੰਦੀ ਭਾਸ਼ਾ ਨਹੀਂ ਦਿਖੇਗੀ। ਨਵੇਂ ਸਾਈਨ ਬੋਰਡਾਂ 'ਚ ਪੰਜਾਬੀ ਤੇ ਅੰਗਰੇਜ਼ੀ ਭਾਸ਼ਾ ਦੇ ਹੀ ਦਰਸ਼ਨ ਹੋਣਗੇ, ਜਦਕਿ ਪੰਜਾਬੀ ਸਭ ਤੋਂ ਉਪਰ ਹੋਏਗੀ। ਰਾਜਸਥਾਨ ਵਿੱਚ ਨਵੇਂ ਸਾਈਨ ਬੋਰਡਾਂ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਅਤੇ ਇਨ੍ਹਾਂ ਨੂੰ 31 ਦਸੰਬਰ ਤੱਕ ਪੁਰਾਣੇ ਬੋਰਡਾਂ ਨਾਲ ਤਬਦੀਲ ਕਰ ਦਿੱਤਾ ਜਾਏਗਾ।

ਜਾਣਕਾਰੀ ਅਨੁਸਾਰ ਲੋਕ ਨਿਰਮਾਣ ਵਿਭਾਗ ਨੇ ਦੋ ਦਿਨ ਪਹਿਲਾਂ ਸੜਕ ਉਸਾਰਨ ਵਾਲੀ ਕੰਪਨੀ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਹੈ, ਜਿਸ ਵਿੱਚ ਨਵੇਂ ਸਾਈਨ ਬੋਰਡ ਸਿਰਫ਼ ਪੰਜਾਬੀ ਤੇ ਅੰਗਰੇਜ਼ੀ ਭਾਸ਼ਾ ਵਿੱਚ ਲਿਖਣ ਦੇ ਹੁਕਮ ਕੀਤੇ ਗਏ ਹਨ।

ਕੌਮੀ ਸ਼ਾਹਰਾਹ 'ਤੇ ਲੱਗੇ ਸਾਈਨ ਬੋਰਡਾਂ ਵਿੱਚ ਪੰਜਾਬੀ ਨੂੰ ਪਹਿਲਾਂ ਤੀਜੇ ਨੰਬਰ 'ਤੇ ਰੱਖਿਆ ਹੋਇਆ ਸੀ, ਜਿਸ ਤੋਂ ਕਾਫ਼ੀ ਰੌਲਾ ਪਿਆ ਸੀ। ਮਾਲਵਾ ਯੂਥ ਫੈਡਰੇਸ਼ਨ ਦੇ ਪ੍ਰਧਾਨ ਲੱਖਾ ਸਧਾਣਾ ਦੀ ਅਗਵਾਈ ਵਿੱਚ ਨੌਜਵਾਨਾਂ ਨੇ ਇਨ੍ਹਾਂ ਬੋਰਡਾਂ 'ਤੇ ਕਾਲਖ ਫੇਰ ਦਿੱਤੀ ਸੀ। ਇਸ ਮਗਰੋਂ ਬਠਿੰਡਾ ਪੁਲੀਸ ਨੇ ਲੱਖਾ ਸਧਾਣਾ ਅਤੇ ਬਾਬਾ ਹਰਦੀਪ ਸਿੰਘ




ਖ਼ਿਲਾਫ਼ ਕੇਸ ਦਰਜ ਕਰਕੇ ਜੇਲ੍ਹ ਭੇਜ ਦਿੱਤਾ ਸੀ। ਲੋਕ ਨਿਰਮਾਣ ਵਿਭਾਗ ਨੇ ਹੁਣ ਨਵੇਂ ਫ਼ੈਸਲੇ ਤਹਿਤ ਹਿੰਦੀ ਭਾਸ਼ਾ ਨੂੰ ਨਵੇਂ ਸਾਈਨ ਬੋਰਡਾਂ ਤੋਂ ਬਾਹਰ ਕਰ ਦਿੱਤਾ ਹੈ। ਬਠਿੰਡਾ-ਅੰਮ੍ਰਿਤਸਰ ਮਾਰਗ 'ਤੇ 120 ਕਿਲੋਮੀਟਰ ਦੇ ਦਾਇਰੇ ਵਾਲੇ ਸਾਈਨ ਬੋਰਡ ਤਬਦੀਲ ਹੋਣੇ ਹਨ। ਬਠਿੰਡਾ ਜ਼ੀਰਕਪੁਰ ਸੜਕ ਮਾਰਗ 'ਤੇ ਜਿਹੜੇ ਸਾਈਨ ਬੋਰਡ ਲੱਗੇ ਹਨ, ਉਨ੍ਹਾਂ ਵਿੱਚ ਪੰਜਾਬੀ ਭਾਸ਼ਾ ਉਪਰ ਹੈ ਅਤੇ ਹੇਠਾਂ ਅੰਗਰੇਜ਼ੀ ਭਾਸ਼ਾ ਹੈ। ਬਠਿੰਡਾ ਅੰਮ੍ਰਿਤਸਰ ਕੌਮੀ ਸ਼ਾਹਰਾਹ ਦੇ ਨੋਡਲ ਅਧਿਕਾਰੀ ਅੰਗਰੇਜ਼ ਸਿੰਘ ਨੇ ਕਿਹਾ ਕਿ ਨਵੇਂ ਸਾਈਨ ਬੋਰਡ ਬਣਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ ਤੇ ਜਲਦੀ ਹੀ ਸੜਕਾਂ 'ਤੇ ਨਵੇਂ ਬੋਰਡ ਨਜ਼ਰ ਪੈਣਗੇ। ਲੋਕ ਨਿਰਮਾਣ ਵਿਭਾਗ ਦੇ ਮੁੱਖ ਇੰਜਨੀਅਰ ਏ.ਕੇ.ਸਿੰਗਲਾ ਨੇ ਕਿਹਾ ਕਿ 31 ਦਸੰਬਰ ਤੱਕ ਸਾਰੇ ਸਾਈਨ ਬੋਰਡ ਤਬਦੀਲ ਹੋ ਜਾਣਗੇ।

# ਟਰੱਕਾਂ 'ਚ ਈਐਲਡੀ ਲਾਉਣ ਦਾ ਕੰਮ ਸਾਲ ਅੱਗੇ ਪਾਇਆ ਜਾਵੇ

## *ਸਿੱਖ ਟਰੱਕ ਮਾਲਕਾਂ ਦੇ ਭਾਰਤੀ-ਅਮਰੀਕੀ ਵ਼ਫਦ ਨੇ ਟਰੰਪ ਪ੍ਰਸ਼ਾਸਨ ਤੋਂ ਕੀਤੀ ਮੰਗ*

**ਵਾਸ਼ਿੰਗਟਨ/ਬਿਊਰੋ ਨਿਊਜ਼**, ਟਰੱਕ ਮਾਲਕਾਂ ਦੀ ਪ੍ਰਤੀਨਿਧਤਾ ਕਰਦੇ ਭਾਰਤੀ-ਅਮਰੀਕੀ ਵਫ਼ਦ ਨੇ ਟਰੰਪ ਪ੍ਰਸ਼ਾਸਨ ਤੋਂ ਟਰੱਕਾਂ ਵਿੱਚ ਮਹਿੰਗੀ ਲੌਗਿੰਗ ਡਿਵਾਈਸ (ਡਿਊਟੀ ਦਾ ਰਿਕਾਰਡ ਰੱਖਣ ਲਈ ਯੰਤਰ) ਲਾਉਣ ਦਾ ਕੰਮ ਇੱਕ ਸਾਲ ਅੱਗੇ ਪਾਉਣ ਲਈ ਕਿਹਾ ਹੈ। ਅਗਲੇ ਮਹੀਨੇ 18 ਦਸੰਬਰ ਤੋਂ ਲਾਗੂ ਹੋਣ ਵਾਲੇ ਨਵੇਂ ਨਿਯਮਾਂ ਮੁਤਾਬਕ ਛੋਟ ਵਾਲੀ ਸ਼੍ਰੇਣੀ ਵਾਲੇ ਟਰੱਕਾਂ ਨੂੰ ਛੱਡਕੇ, ਸਾਰੇ ਕਮਰਸ਼ੀਅਲ ਟਰੱਕਾਂ ਨੂੰ 'ਇਲੈਕਟ੍ਰਾਨਿਕ ਲੌਗਿੰਗ ਡਿਵਾਈਸ' (ਈਐਲਡੀ) ਖ਼ਰੀਦਣ ਅਤੇ ਇਸ ਦੀ ਵਰਤੋਂ ਕਰਨੀ ਜ਼ਰੂਰੀ ਹੈ।

ਅੰਦਾਜ਼ੇ ਮੁਤਾਬਕ ਨਵੇਂ ਨਿਯਮਾਂ ਕਾਰਨ ਲਗਪਗ ਡੇਢ ਲੱਖ ਭਾਰਤੀ ਮੂਲ ਦੇ ਟਰੱਕ ਡਰਾਈਵਰ ਪ੍ਰਭਾਵਿਤ ਹੋਣਗੇ, ਜਿਨ੍ਹਾਂ 'ਚੋਂ ਜ਼ਿਆਦਾਤਰ ਸਿੱਖ ਤੇ ਪੰਜਾਬ ਤੋਂ ਹਨ। ਟਰਾਂਸਪੋਰਟ ਵਿਭਾਗ ਨੂੰ 40 ਭਾਰਤੀ-ਅਮਰੀਕੀ ਛੋਟੀਆਂ ਟਰੱਕ ਮਾਲਕਾਂ ਦੀਆਂ ਕੰਪਨੀਆਂ ਵੱਲੋਂ ਇੱਕ ਪਟੀਸ਼ਨ 'ਤੇ ਹਸਤਾਖ਼ਰ ਕਰ ਕੇ 'ਸਿੱਖਸ ਪੁਲੀਟੀਕਲ ਐਕਸ਼ਨ ਕਮੇਟੀ' ਦੇ ਗੁਰਿੰਦਰ ਸਿੰਘ ਖ਼ਾਲਸਾ ਅਤੇ 'ਨਾਰਥ ਅਮੇਰੀਕਾ ਪੰਜਾਬੀਜ਼ ਟਰੱਕਰ ਐਸੋਸੀਏਸ਼ਨ' ਦੇ ਹਰਸ਼ ਸੇਠੀ ਦੀ ਅਗਵਾਈ 'ਚ ਸੌਂਪਿਆ ਗਿਆ ਹੈ। ਪਟੀਸ਼ਨ ਮੁਤਾਬਕ ਇਨ੍ਹਾਂ ਕੰਪਨੀਆਂ ਦੇ ਮੈਂਬਰ 18 ਦਸੰਬਰ ਵਾਲੀ ਸਮਾਂ ਸੀਮਾ ਤਕ ਇਹ ਯੰਤਰ ਲਗਾਉਣ ਲਈ ਤਿਆਰ ਨਹੀਂ ਹਨ। ਪਟੀਸ਼ਨ ਮੁਤਾਬਕ ਮੌਜੂਦਾ ਈਐਲਡੀ ਰਿਟੇਲ ਬਾਜ਼ਾਰ ਇਸ ਸਨਅਤ ਦੀਆਂ ਜ਼ਰੂਰਤਾਂ ਪੂਰੀਆਂ ਨਹੀਂ ਕਰਦਾ। ਇਹ ਯੰਤਰ ਮੌਜੂਦਾ ਕੰਮ ਦੇ ਘੰਟਿਆਂ ਸਬੰਧੀ ਛੋਟਾਂ ਸਬੰਧੀ ਰਿਕਾਰਡ ਰੱਖਣ ਤੋਂ ਅਸਮਰੱਥ ਹਨ। ਨਵਾਂ ਈਐਲਡੀ 'ਸੈਲਫ ਸਰਟੀਫਿਕੇਸ਼ਨ ਸਿਸਟਮ ਪੂਰੀ ਤਰ੍ਹਾਂ ਅਣਉਚਿਤ ਹੈ ਅਤੇ ਇਸ ਨੂੰ ਉਨ੍ਹਾਂ ਸਾਰੀਆਂ ਥਾਵਾਂ 'ਤੇ ਨਵਿਆਉਣ ਦੀ ਲੋੜ ਹੈ ਜਿੱਥੇ ਸਾਰੇ ਈਐੱਲਡੀਜ਼ 'ਫੈਡਰਲ ਮੋਟਰ ਕਰੀਅਰ ਸੇਫਟੀ ਐਡਮਿਨਸਟ੍ਰੇਸ਼ਨ' ਵੱਲੋਂ ਤਸਦੀਕਸ਼ੁਦਾ ਹਨ। ਜ਼ਿਕਰਯੋਗ ਹੈ ਕਿ ਹਾਲ ਹੀ ਦੇ ਕੁਝ ਹਫ਼ਤਿਆਂ 'ਚ ਟਰੱਕ ਮਾਲਕਾਂ ਦੇ ਪ੍ਰਤੀਨਿਧਾਂ ਨੇ ਅਮਰੀਕਾ ਦੇ ਉਪ ਰਾਸ਼ਟਰਪਤੀ ਮਾਈਕ ਪੈਂਸ ਨਾਲ ਮੁਲਾਕਾਤ ਕੀਤੀ ਹੈ।

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
- Chapter 7 & 13 Bankruptcy
- Protect Your Assets- Home, Etc..
- Start Fresh- Clear

Family Law • Divorce

Immigration Law
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਸੰਯੁਕਤ ਰਾਸ਼ਟਰ ਸੰਘ ਨੇ ਆਪਣੇ ਮਨੁੱਖੀ ਅਧਿਕਾਰ ਦਸਤਾਵੇਜ਼ ਵਿਚ ਗੁਰਬਾਣੀ ਤੋਂ ਸੇਧ ਲੈ ਕੇ ਸਿੱਖ ਕੌਮ ਦਾ ਮਾਣ ਵਧਾਇਆ

## ਏਜੀਪੀਸੀ ਨੇ ਗੁਰਬਾਣੀ ਤੋਂ ਸੇਧ ਲੈ ਕੇ ਤਿਆਰ ਕੀਤੇ ਦਸਤਾਵੇਜ਼ ਲਈ ਯੂ. ਐੱਨ. ਦਾ ਧੰਨਵਾਦ ਕੀਤਾ

### ਯੂਬਾ ਸਿਟੀ ਨਗਰ ਕੀਰਤਨ ਸਮਾਗਮ ਉਤੇ ਪੜ੍ਹਿਆ ਗਿਆ ਸੀ ਅਹਿਮ ਦਸਤਾਵੇਜ



**ਯੂਬਾ ਸਿਟੀ/ਬਲਵਿੰਦਰਪਾਲ ਸਿੰਘ ਖਾਲਸਾ:** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਨੇ ਕਿਹਾ ਹੈ ਕਿ ਸਿੱਖ ਭਾਈਚਾਰੇ ਲਈ ਇਹ ਬੇਹੱਦ ਮਾਣ ਵਾਲੀ ਗੱਲ ਹੈ ਕਿ ਪਹਿਲੀ ਵਾਰ ਯੂ. ਐੱਨ. ਨੇ ਆਪਣੇ ਮਨੁੱਖੀ ਅਧਿਕਾਰਾਂ ਦੇ ਦਸਤਾਵੇਜ਼ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਤਿੰਨ ਤੁਕਾਂ ਤੋਂ ਸੇਧ ਲੈ ਕੇ ਇਕ ਵਡਾ ਦਸਤਾਵੇਜ਼ ਤਿਆਰ ਕੀਤਾ ਹੈ। ਇਸ ਨਾਲ ਸਿੱਖ ਧਰਮ ਦੁਨੀਆਂ ਦੇ ਮੁਖ ਧਰਮਾਂ ਦੀ ਕਤਾਰ ਵਿਚ ਸ਼ਾਮਲ ਹੋ ਗਿਆ ਹੈ। ਏਜੀਪੀਸੀ ਦੇ ਪ੍ਰਧਾਨ ਸ: ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਇੱਥੇ ਜਾਰੀ ਸਾਂਝੇ ਪ੍ਰੈੱਸ ਬਿਆਨ ਰਾਹੀਂ ਕਿਹਾ ਕਿ ਸਿੱਖਾਂ, ਜੋ ਹਮੇਸ਼ਾਂ ਹੀ ਮਜ਼ਲੂਮਾਂ ਲਈ ਕੁਰਬਾਨੀਆਂ ਦਿੰਦੇ ਆਏ ਹਨ, ਦੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ 3 ਤੁਕਾਂ ਤੋਂ ਸਿੱਧੀ ਸੇਧ ਲੈ ਕੇ ਸੰਯੁਕਤ ਰਾਸ਼ਟਰ ਸੰਘ ਨੇ ਆਪਣੇ ਸਰਕਾਰੀ ਦਸਤਾਵੇਜ਼ਾਂ 'ਚ ਸ਼ਾਮਿਲ ਕਰਕੇ ਸਿੱਖ ਧਰਮ ਤੇ ਕੌਮ ਦਾ ਮਾਣ ਵਧਾਇਆ ਹੈ। ਉਨ੍ਹਾਂ ਕਿਹਾ ਕਿ ਇਹ ਉਕਤ ਤੁਕਾਂ ਦਾ ਅੰਗਰੇਜ਼ੀ, ਅਰਬੀ ਅਤੇ ਫ਼ਰੈਂਸ਼ ਭਾਸ਼ਾ 'ਚ ਤਰਜ਼ਮਾ ਕਰਵਾ ਕੇ ਛਾਪਿਆ ਹੈ। ਗੁਰੂ ਗਰੰਥ ਸਾਹਿਬ ਜੀ ਦੇ ਅੰਗ 74, 272 ਤੇ 473 ਦੀਆਂ ਤੁਕਾਂ ਵਿਚ ਦਿਤੇ ਇਲਾਹੀ ਫਲਸਫੇ ਦਾ ਜ਼ਿਕਰ ਹੈ ਜਿਸ ਵਿਚ ਸਿੱਖ ਪ੍ਰਭੁਸੱਤਾ-ਹਲੇਮੀ ਰਾਜ ਦਾ ਜ਼ਿਕਰ ਹੈ, ਉਸਤੋਂ ਬਾਦ ਔਰਤ ਦੀ ਮਹਾਨਤਾ ਦਾ ਜ਼ਿਕਰ ਹੈ ਤੇ ਤੀਜੀ ਤੁੱਕ ਵਿਚ ਬ੍ਰਹਮ ਗਿਆਨੀ ਦਾ ਚਰਚਾ ਹੈ। ਇਸ ਮੌਕੇ ਡਾ. ਇਕਦਾਰ ਕਰਾਮਤ ਚੀਮਾ ਨੇ ਯੂ. ਐੱਨ. ਨੇ ਆਪਣੇ ਆਫੀਸ਼ੀਅਲ ਦਸਤਾਵੇਜ਼ 'ਚ ਤੁਕਾਂ ਤੋਂ ਲਈ ਸਿੱਧੀ ਬਾਰੇ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਸੰਯੁਕਤ ਰਾਸ਼ਟਰ ਸੰਘ ਨੇ ਆਪਣੇ ਜ਼ਰੂਰੀ ਦਸਤਾਵੇਜਾਂ 'ਚ ਗੁਰਬਾਣੀ ਦੀ ਸਿੱਧੀ ਸੇਧ ਨੂੰ ਆਪਣਾ ਹਿੱਸਾ ਬਣਾਇਆ ਹੈ। ਉਨ੍ਹਾਂ ਕਿਹਾ ਕਿ ਇਹ ਸਮੂਹ ਸਿੱਖ ਜਗਤ ਲਈ ਖ਼ੁਸ਼ੀ ਅਤੇ ਫ਼ਖ਼ਰ ਵਾਲੀ ਗੱਲ ਹੈ। ਇਸ ਦਸਤਾਵੇਜ਼ ਦੇ ਗੁਰਬਾਣੀ ਵਾਲੇ ਹਿੱਸੇ ਨੂੰ ਯੂਬਾ ਸਿਟੀ ਦੇ ਸਲਾਨਾ ਨਗਰ ਕੀਰਤਨ ਦੌਰਾਨ ਗੁਰਦੁਆਰਾ ਸਾਹਿਬ ਅੰਦਰ ਸੰਗਤਾਂ ਨਾਲ ਭਰੇ ਹਾਲ ਵਿਚ ਪੇਸ਼ ਕੀਤਾ ਤੇ ਪੜ੍ਹ ਕੇ ਸੁਣਾਇਆ ਗਿਆ। ਡਾ: ਇਕਤਿਦਾਰ ਚੀਮਾ ਸੰਯੁਕਤ ਰਾਸ਼ਟਰ ਸੰਘ ਮਨੁੱਖੀ ਅਧਿਕਾਰ ਕਮਿਸ਼ਨ ਦੀ ਐਡਵਾਇਜ਼ਰੀ ਕਮੇਟੀ ਦੇ ਮੈਂਬਰ ਹਨ।

# ਸਿੱਖ ਸੰਗਤਾਂ ਨਾਨਕਸ਼ਾਹੀ ਕੈਲੰਡਰ ਮੁਤਾਬਕ ਦਸਵੇਂ ਪਾਤਸ਼ਾਹ ਦਾ ਗੁਰਪੁਰਬ 5 ਜਨਵਰੀ ਨੂੰ ਮਨਾਉਣ:ਦਲ ਖਾਲਸਾ

**ਅੰਮ੍ਰਿਤਸਰ/ਸਿੱਖ ਸਿਆਸਤ ਬਿਊਰੋ:** ਦਲ ਖਾਲਸਾ ਨੇ ਮੂਲ ਨਾਨਕਸ਼ਾਹੀ ਕੈਲੰਡਰ (2003) ਦੇ ਹੱਕ ਵਿੱਚ ਆਪਣਾ ਸਿਧਾਂਤਕ ਪੈਂਤੜਾ ਮੁੱੜ ਦੁਹਰਾਉਂਦਿਆਂ ਕਿਹਾ ਕਿ ਉਹ ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ 5 ਜਨਵਰੀ ਨੂੰ ਹੀ ਮਨਾਉਣਗੇ।



ਜਥੇਬੰਦੀ ਨੇ ਤਖਤਾਂ ਦੇ ਜਥੇਦਾਰਾਂ ਵਲੋਂ ਅੱਜ (13 ਨਵੰਬਰ, 2017) ਆਪਣੀ ਮੀਟਿੰਗ ਦੌਰਾਨ ਗੁਰਪੁਰਬ ਬਿਕਰਮੀ ਕੈਲੰਡਰ ਅਨੁਸਾਰ 25 ਦਸੰਬਰ ਨੂੰ ਮਨਾਉਣ ਦੇ ਦਿੱਤੇ ਆਦੇਸ਼ ਨੂੰ ਮੂਲੋਂ ਰੱਦ ਕਰਦਿਆਂ ਕਿਹਾ ਕਿ ਰੱਦ ਕੀਤੇ ਜਥੇਦਾਰਾਂ ਦੇ ਫੈਸਲੇ ਵੀ ਰੱਦ ਹੋਣੇ ਚਾਹੀਦੇ ਹਨ। ਪਾਰਟੀ ਦੇ ਬੁਲਾਰੇ ਕੰਵਰਪਾਲ ਸਿੰਘ ਅਤੇ ਕੋਆਰਡੀਨੇਟਰ ਜਸਵੀਰ ਸਿੰਘ ਖੰਡੂਰ ਨੇ ਬਿਆਨ ਵਿੱਚ ਕਿਹਾ ਕਿ ਗਿਆਨੀ ਗੁਰਬਚਨ ਸਿੰਘ ਬਤੌਰ ਜਥੇਦਾਰ ਅਕਾਲ ਤਖਤ ਕੌਮ ਦੇ ਵੱਡੇ ਹਿੱਸੇ ਵਲੋਂ ਰੱਦ ਕੀਤੇ ਜਾ ਚੁੱਕੇ ਹਨ ਅਤੇ ਉਹਨਾਂ ਕੋਲ ਕਿਸੇ ਤਰ੍ਹਾਂ ਦਾ ਕੋਈ ਨੈਤਿਕ ਜਾਂ ਹੋਰ ਅਧਿਕਾਰ ਨਹੀਂ ਹੈ ਕਿ ਉਹ ਕੌਮ ਨਾਲ ਜੁੜੇ ਫੈਸਲੇ ਕਰਨ। ਉਹਨਾਂ ਕਿਹਾ ਕਿ ਦਲ ਖਾਲਸਾ ਨੇ ਪਹਿਲੇ ਦਿਨ ਤੋਂ ਹੀ ਨਾਨਕਸ਼ਾਹੀ ਕੈਲੰਡਰ ਦੇ ਮੂਲ ਸਰੂਪ ਨਾਲ ਕੀਤੀ ਛੇੜ-ਛਾੜ ਅਤੇ ਫਿਰ ਇਸਨੂੰ ਮੁੜ ਬਿਕਰਮੀ ਵਿੱਚ ਤਬਦੀਲ ਕਰਨ

ਬਾਕੀ ਸਫ਼ਾ 33 'ਤੇ

# ਮੂਲ ਨਾਨਕਸ਼ਾਹੀ ਕੈਲੰਡਰ ਸਬੰਧੀ ਭਰਵਾਂ ਵਿਚਾਰ ਵਟਾਂਦਰਾ

## ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਸੱਦੀ ਗਈ ਕਾਨਫਰੰਸ ਅੰਤਰਰਾਸ਼ਟਰੀ ਹੋ ਨਿਬੜੀ

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਮੂਲ ਨਾਨਕਸ਼ਾਹੀ ਕੈਲੰਡਰ ਨੂੰ ਸੰਪੂਰਨ ਰੂਪ ਵਿਚ ਲਾਗੂ ਕਰਵਾਉਣ ਹਿੱਤ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਬੀਤੇ ਦਿਨੀਂ ਕਰਵਾਈ ਕਾਨਫਰੰਸ ਅੰਤਰਰਾਸ਼ਟਰੀ ਹੋ ਨਿਬੜੀ ਜਿਸ ਵਿੱਚ ਮੂਲ ਨਾਨਕਸ਼ਾਹੀ ਕੈਲੰਡਰ ਸਬੰਧੀ ਭਰਵਾਂ ਵਿਚਾਰ ਵਟਾਂਦਰਾ ਕੀਤਾ ਗਿਆ।



ਪੈਲਾਟਾਈਨ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਮਿੱਡਵੈਸਟ ਦੇ ਸਮੂਹ ਗੁਰਦੁਆਰਾ ਸਾਹਿਬਾਨਾਂ ਕਮੇਟੀਆਂ, ਪੰਥਕ ਜਥੇਬੰਦੀਆਂ ਜਿਨ੍ਹਾਂ ਵਿਚ ਵਿਸ਼ੇਸ਼ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਸ਼ਾਮਲ ਸਨ, ਅਤੇ ਸੰਗਤਾਂ ਦੇ ਸਹਿਯੋਗ ਨਾਲ 11 ਅਤੇ 12 ਨਵੰਬਰ ਨੂੰ ਕਰਵਾਈ ਇਸ ਇਕੱਤਰਤਾ ਵਿੱਚ ਮੁੱਖ ਬੁਲਾਰਿਆਂ ਵਿੱਚ ਨਾਨਕਸ਼ਾਹੀ ਕੈਲੰਡਰ ਤਿਆਰ ਕਰਨ ਵਾਲੇ ਸਿੱਖ ਵਿਦਵਾਨ ਸ. ਪਾਲ ਸਿੰਘ ਪੁਰੇਵਾਲ ਸ਼ਾਮਲ ਸਨ।

ਵੱਖ ਵੱਖ ਦੇਸ਼ਾਂ ਤੋਂ ਬਹੁਤ ਸਾਰੇ ਸਿੱਖ ਵਿਦਵਾਨ ਵਲੋਂ ਇਸ ਕਾਨਫਰੰਸ ਵਿਚ ਬਹੁਮੁੱਲੇ ਵਿਚਾਰ ਪੇਸ਼ ਕਰਨ ਤੋਂ ਇਲਾਵਾ ਭਖ਼ਦੇ ਸਿੱਖ ਮਸਲਿਆਂ ਸਬੰਧੀ ਮਤੇ ਪੜ੍ਹੇ ਤੇ ਪਾਸ ਕੀਤੇ ਗਏ। ਇਸ ਕਾਨਫਰੰਸ ਬਾਰੇ ਵਿਸਥਾਰਤ ਰਿਪੋਰਟ ਤੇ ਤਸਵੀਰਾਂ ਅਗਲੇ ਹਫ਼ਤੇ ਪ੍ਰਕਾਸ਼ਤ ਕੀਤੀਆਂ ਜਾਣਗੀਆਂ।


ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CIS CALIFORNIA IMMIGRATION SERVICES
(Registered & Bonded)



- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES



Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office 4127 Bay Street, Suite 5
Tracy Office 95 W. 11th Street, Suite 205
www.caials.com rosy@caials.com



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਪੈਸਾ ਹੈ ਨਹੀਂ ਪੱਲੇ, ਬਾਜ਼ਾਰ ਖੜ੍ਹੀ ਹੱਲੇ

## ਸੁਖਬੀਰ ਦੇ ਸ਼ੇਖ਼ਚਿਲੀ ਸੁਪਨਿਆਂ ਨੇ ਕੈਪਟਨ ਦੀ ਨੀਂਦ 'ਉਡਾਈ'



ਅੰਮ੍ਰਿਤਸਰ ਦੇ ਬੀਆਰਟੀਐਸ ਬੱਸ ਅੱਡੇ ਵਿੱਚ ਖੜ੍ਹੀਆਂ ਬੱਸਾਂ।

**ਅੰਮ੍ਰਿਤਸਰ/ਬਿਊਰੋ ਨਿਊਜ਼** : ਪੰਜਾਬ ਦੀ ਸਿਆਸਤ ਨੂੰ 25 ਸਾਲਾਂ ਤੱਕ ਅਪਣੀ ਮੁੱਠੀ ਵਿੱਚ ਬੰਦ ਕਰੀ ਰੱਖਣ ਦੇ ਚਾਹਵਾਨ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਸ਼ੇਖਚਿਲੀ ਸੁਪਨੇ" ਮੌਜੂਦਾ ਮੁੱਖ ਮੰਤਰੀ ਕੈਪਰਟਨ ਅਮਰਿੰਦਰ ਸਿੰਘ ਤੇ ਉਸਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦੀ ਨੀਂਦ ਉਡਾ ਰੱਖੀ ਹੈ। ਪੰਜਾਬ ਸਰਕਾਰ ਦੀ ਹਾਲ "ਪੈਸਾ ਹੈ ਨਹੀਂ ਪੱਲੇ, ਬਾਜ਼ਾਰ ਖੜ੍ਹੀ ਹੱਲੇ" ਵਾਲੀ ਕਹਾਵਤ ਵਾਲੀ ਹੋਈ ਹੈ। ਪਿਛਲੇ ਅਕਾਲੀ-ਭਾਜਪਾ ਸਰਕਾਰ ਵਲੋਂ ਵੋਟਾਂ ਬਟੋਰਨ ਦੇ ਮਨਸ਼ੇ ਨਾਲ ਲੋਕਾਂ ਨੂੰ ਖੁਸ਼ ਕਰਨ ਖ਼ਾਤਰ ਅਣਗਿਣਤ ਵਿਕਾਸ ਪ੍ਰਾਜੈਕਟ ਬਣਾਉਣ ਤੇ ਰਾਜ ਦੇ ਖਜਾਦੀ ਬੇਹੱਦ ਮਾੜੀ ਹਾਲਤ ਨੂੰ ਜਾਣ ਬੁਝ ਕੇ ਅੱਖੋਂ ਪ੍ਰੋਖੇ ਕਰਦਿਆਂ "ਅਪਣਾ ਘੋੜਾ ਭਜਾਈ ਜਾਣ" ਦਾ ਸਿੱਟਾ ਮੌਜੂਦਾ ਸਰਕਾਰ ਨੂੰ ਭੁਗਤਣਾ ਪੈ ਰਿਹਾ ਹੈ। ਪਿਛਲੀ ਅਕਾਲੀ-ਭਾਜਪਾ ਸਰਕਾਰ ਦੇ ਮੋਹਰੀਆਂ ਨੇ ਤਾਂ ਅਪਣੀਆਂ ਮਨਮਰਜ਼ੀ ਦੀਆਂ ਸਕੀਮਾਂ ਵਾਸਤੇ ਰਾਜਸਰਕਾਰ ਨੂੰ ਬੈਂਕਾਂ ਤੇ ਹਰਨਾਂ ਕੋਲ ਗਹਿਣੇ ਧਰਨ ਦੀ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਸਰਕਾਰੀ ਜ਼ਮੀਨਾਂ, ਇਮਾਰਤਾਂ ਅਪਣੇ ਚਹੇਤਿਆਂ ਕੋਲ ਕੌਡੀਆਂ ਵੱਟੇ ਵੇਚਣ ਤੋਂ ਇਲਾਵਾ ਹਰ ਵਿਭਾਗ ਦੇ ਪੈਸੇ ਹੋਰਨਾਂ ਸਕੀਮਾਂ ਉੱਤੇ ਲਾਉਣ ਲਈ ਨਿਯਮਾਂ ਨੂੰ ਛਿੱਕੇ ਟੰਗਣ 'ਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ।

ਹੁਣ ਹਾਲ ਇਹ ਹੈ ਕਿ ਲੋਕਾਂ ਨੇ ਭਾਵੇਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਨੂੰ ਭਾਰੀ ਬਹੁਮੱਤ ਨਾਲ ਜਿਤਾਇਆ ਸੀ ਪਰ ਕਾਂਗਰਸ ਸਰਕਾਰ ਬਣਨ ਮਗਰੋਂ ਵਿਕਾਸ ਕਾਰਜ ਲਗਭਗ ਰੁਕ ਗਏ ਹਨ ਅਤੇ ਜਿਹੜੇ ਕੰਮ ਚੱਲ ਵੀ ਰਹੇ ਹਨ, ਉਨ੍ਹਾਂ ਦੀ ਚਾਲ ਕਾਫ਼ੀ ਮੱਠੀ ਹੈ।

ਸਰਕਾਰ ਦਾ ਖਜ਼ਾਨੇ ਇੱਤ ਤਰ੍ਹਾਂ ਨਰ੍ਹਾਂ ਖਾਲ੍ਹੀ ਹੋਣ ਕਾਰਨ ਵਿਕਾਸ ਕਾਰਜਾਂ ਵਿੱਚ ਖੜੋਤ ਆ ਗਈ ਹੈ।

ਅਕਾਲੀ-ਭਾਜਪਾ ਸਰਕਾਰ ਵੱਲੋਂ ਸ਼ੁਰੂ ਕੀਤੇ ਜਿਹੜੇ ਕੰਮ ਪਿਛਲੀ ਸਰਕਾਰ ਵੇਲੇ ਮੁਕੰਮਲ ਹੋ ਗਏ, ਸਿਰਫ ਉਹੀ ਯੋਜਨਾਵਾਂ ਪੂਰੀਆਂ ਹੋਈਆਂ ਹਨ। ਅੱਧ ਵਿਚਾਲੇ ਕੰਮਾਂ ਵਾਲੀਆਂ ਯੋਜਨਾਵਾਂ ਦਾ ਅੱਜ ਵੀ ਮਾੜਾ ਹਾਲ ਹੈ ਅਤੇ ਉਨ੍ਹਾਂ ਦੇ ਮੁਕੰਮਲ ਹੋਣ ਦਾ ਕੋਈ ਨਿਰਧਾਰਤ ਸਮਾਂ ਨਹੀਂ ਹੈ। ਪਿਛਲੀ ਸਰਕਾਰ ਵੱਲੋਂ ਸੈਰ-ਸਪਾਟੇ ਨੂੰ ਉਤਸ਼ਾਹਤ ਕਰਨ ਤੇ ਮੰਤਵ ਨਾਲ ਸ਼ੁਰੂ ਕੀਤੀ ਜਲ ਬੱਸ ਨੂੰ ਤਾਂ ਨਵੀ ਸਰਕਾਰ ਨੇ ਪੱਕੀ ਬਰੇਕ ਲਾ ਦਿੱਤੀ ਹੈ। ਇਸ ਯੋਜਨਾ 'ਤੇ ਸਰਕਾਰ ਨੇ ਲਗਭਗ 10 ਕਰੋੜ ਰੁਪਏ ਖਰਚੇ ਸਨ। ਇਸ ਯੋਜਨਾ ਨੂੰ ਨਵੀਂ ਸਰਕਾਰ ਨੇ ਆਉਂਦਿਆਂ ਹੀ ਇਹ ਆਖ ਕੇ ਬੰਦ ਕਰ ਦਿੱਤਾ ਕਿ ਇਹ ਯੋਜਨਾ ਯੋਗ ਨਹੀਂ ਹੈ ਜਦਕਿ ਇਸ ਯੋਜਨਾ ਨੂੰ ਸਿਰੇ ਚਾੜ੍ਹਨ ਵਾਲੇ ਵੀ ਇੱਥੋਂ ਦੇ ਅਧਿਕਾਰੀ ਹੀ ਸਨ।

2014 ਦੀ ਲਪਗਪ 600 ਕਰੋੜ ਰੁਪਏ ਦੀ ਲਾਗਤ ਵਾਲੀ ਬੀਆਰਟੀਐਸ ਬੱਸ ਯੋਜਨਾ ਅੱਜ ਤੱਕ ਮੁਕੰਮਲ ਨਹੀ ਹੋਈ ਹੈ। ਇਸ ਯੋਜਨਾ ਦਾ ਪਹਿਲਾ ਪੜਾਅ ਪਿਛਲੀ ਸਰਕਾਰ ਵੱਲੋਂ ਦਸੰਬਰ 2016 ਵਿੱਚ ਸ਼ੁਰੂ ਕਰ ਦਿੱਤਾ ਗਿਆ ਸੀ ਅਤੇ ਇਹ ਯੋਜਨਾ ਫਰਵਰੀ 2017 ਵਿੱਚ ਮੁਕੰਮਲ ਕੀਤੇ ਜਾਣ ਦਾ ਟੀਚਾ ਰੱਖਿਆ ਗਿਆ ਸੀ। ਲਗਪਗ ਇਕ ਸਾਲ ਬੀਤਣ ਨੂੰ ਆਇਆ ਹੈ ਅਤੇ ਇਹ ਯੋਜਨਾ ਮੁਕੰਮਲ ਨਹੀਂ ਹੋ ਸਕੀ ਤੇ ਇਸ ਦਾ ਕੰਮ ਸੁਸਤ ਚਾਲ ਚੱਲ ਰਿਹਾ ਹੈ। ਇਸ ਤੋਂ ਪਹਿਲਾ ਅੰਮ੍ਰਿਤਸਰ ਸਿਟੀ ਬੱਸ ਸੇਵਾ ਯੋਜਨਾ ਤਹਿਤ ਖ਼ਰੀਦੀਆਂ ਲਗਪਗ 100 ਬੱਸਾਂ ਵੀ ਖ਼ਰਾਬ ਹੋ ਰਹੀਆਂ ਹਨ। ਇਹ ਯੋਜਨਾ 2014 ਵਿਚ ਸ਼ੁਰੂ ਹੋਈ ਸੀ ਅਤੇ ਜੂਨ 2017 ਵਿੱਚ ਇਸ ਨੂੰ ਵੀ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ।

ਇਸੇ ਤਰ੍ਹਾਂ ਕਰੋੜਾਂ ਰੁਪਏ ਖਰਚ ਕਰ ਕੇ ਬਣਾਈ ਗਈ ਹੈਰੀਟੇਜ ਸਟਰੀਟ ਇਸ ਵੇਲੇ ਸਾਂਭ-ਸੰਭਾਲ ਲਈ ਲੋੜੀਂਦੇ ਫੰਡਾਂ ਦੀ ਘਾਟ ਕਾਰਨ ਮੰਦੇ ਹਾਲ ਵਿੱਚ ਹੈ ਅਤੇ ਇਸ ਦੀ ਸਾਫ਼-ਸਫ਼ਾਈ ਯੂਥ ਅਕਾਲੀ ਦਲ ਨੇ ਖੁਦ ਸਾਂਭਣ ਦਾ ਐਲਾਨ ਕੀਤਾ ਹੈ। ਇਸ ਦੀ ਸਾਂਭ-ਸੰਭਾਲ ਵਾਸਤੇ ਨਿਯੁਕਤ ਕੀਤੀ ਇੱਕ ਨਿੱਜੀ ਕੰਪਨੀ ਨੂੰ ਸੇਵਾਵਾਂ ਬਦਲੇ ਸੇਵਾ ਫਲ ਦੀ ਰਕਮ ਨਾ ਮਿਲਣ ਕਾਰਨ ਕਈ ਵਾਰ ਇਸ ਦੇ ਕਰਮਚਾਰੀ ਆਪਣੀਆਂ ਤਨਖ਼ਾਹਾਂ ਲਈ ਹੜਤਾਲਾਂ ਕਰ ਚੁੱਕੇ ਹਨ। ਇਸੇ ਤਰ੍ਹਾਂ ਸੌਲਿਡ ਵੇਸਟ ਮੈਨੇਜਮੈਂਟ ਪਲਾਂਟ ਦੀ ਹੁਣ ਤੱਕ ਸ਼ੁਰੂਆਤ ਨਹੀਂ ਹੋ ਸਕੀ। ਕਈ ਯੋਜਨਾਵਾਂ ਦੇ ਸਿਰਫ ਨੀਂਹ ਪੱਥਰ ਹੀ ਰੱਖੇ ਗਏ, ਜਿਨ੍ਹਾਂ ਵਿੱਚ ਰਣਜੀਤ ਐਵੇਨਿਊ ਇਲਾਕੇ ਵਿੱਚ ਬਹੁ ਮੰਤਵੀ ਖੇਡ ਕੰਪਲੈਕਸ ਬਣਾਉਣਾ ਵੀ ਸ਼ਾਮਲ ਹੈ। ਕਾਂਗਰਸ ਸਰਕਾਰ ਨੇ ਸਿਰਫ ਉਹੀ ਕੰਮ ਜਾਰੀ ਰੱਖੇ ਹਨ ਜਿਹੜੇ ਪਹਿਲਾਂ ਚੱਲ ਰਹੇ ਸਨ, ਪਰ ਜੋ ਨਵੇਂ ਸ਼ੁਰੂ ਹੋਣੇ ਸਨ, ਉਨ੍ਹਾਂ ਨੂੰ ਸ਼ੁਰੂ ਕਰਨ ਦੀ ਯੋਜਨਾ ਨੂੰ ਹੀ ਠੱਪ ਕਰ ਦਿੱਤਾ ਗਿਆ ਹੈ।

ਮੇਅਰ ਬਖਸ਼ੀ ਰਾਮ ਅਰੋੜਾ ਨੇ ਦੱਸਿਆ ਕਿ ਨਿਗਮ ਦੀ ਮਿਆਦ ਪੂਰੀ ਹੋਣ ਤੋਂ ਪਹਿਲਾ ਹੀ ਕਾਂਗਰਸ ਸਰਕਾਰ ਨੇ ਪਿਛਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਸ਼ਹਿਰੀ ਵਿਕਾਸ ਲਈ ਭੇਜੇ ਲਗਪਗ 600 ਕਰੋੜ ਰੁਪਏ ਵਿੱਚੋਂ 400 ਕਰੋੜ ਰੁਪਏ ਤੋਂ ਵੱਧ ਦੀ ਰਕਮ ਇਹ ਆਖ ਕੇ ਵਾਪਸ ਮੰਗਵਾ ਲਈ ਸੀ ਕਿ ਨਵੇਂ ਕੰਮ ਨਵੀਂ ਸਰਕਾਰ ਦੀ ਸਹਿਮਤੀ ਨਾਲ ਹੀ ਸ਼ੁਰੂ ਹੋਣਗੇ। ਕਾਂਗਰਸੀ ਆਗੂਆਂ ਵੱਲੋਂ ਦਿੱਤੀ ਦੁਹਾਈ ਮਗਰੋਂ ਸਰਕਾਰ ਨੇ ਸਿਰਫ਼ ਉਨ੍ਹਾਂ ਕੰਮਾਂ ਨੂੰ ਹੀ ਜਾਰੀ ਰੱਖਣ ਦੀ ਆਗਿਆ ਦਿੱਤੀ ਹੈ, ਜਿਹੜੇ ਪਹਿਲਾਂ ਹੀ ਚੱਲ ਰਹੇ ਸਨ। ਕੰਮ ਕਰ ਰਹੇ ਠੇਕੇਦਾਰਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਹੈ ਕਿਉਂਕਿ ਉਨ੍ਹਾਂ ਨੂੰ ਚੱਲ ਰਹੇ ਕੰਮਾਂ ਦਾ ਮਿਹਨਤਾਨਾ ਅਤੇ ਬਕਾਇਆ ਆਦਿ ਨਹੀਂ ਮਿਲ ਰਿਹਾ। ਇਸ ਤਰ੍ਹਾਂ ਸ਼ਹਿਰ ਵਿੱਚ ਚੱਲ ਰਹੇ ਲਗਪਗ ਸਾਰੇ ਹੀ ਵਿਕਾਸ ਕੰਮ ਰੁਕ ਚੁੱਕੇ ਹਨ।

# ਖਜ਼ਾਨਾ ਮੰਤਰੀ ਦੇ ਹਲਕੇ ਵਿੱਚ ਵੀ ਪੈਸੇ ਖੁਣੋਂ ਨਹੀਂ ਹੋ ਰਹੇ ਵਿਕਾਸ ਦੇ ਕੰਮ

**ਬਠਿੰਡਾ/ਬਿਊਰੋ ਨਿਊਜ਼**, ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਬਠਿੰਡਾ ਸ਼ਹਿਰ ਦੇ ਵਿਕਾਸ ਨੂੰ ਹੁਲਾਰਾ ਨਹੀਂ ਦੇ ਸਕੇ, ਜਦੋਂਕਿ ਪੁਰਾਣੀ ਸਰਕਾਰ ਨੇ ਬਠਿੰਡਾ ਤੋਂ ਕਰੋੜਾਂ ਰੁਪਏ ਵਾਰ ਦਿੱਤੇ ਸਨ। ਬਠਿੰਡਾ ਦੇਖਣ ਨੂੰ ਤਾਂ 'ਸਮਾਰਟ' ਲੱਗਦਾ ਹੈ, ਪਰ ਸ਼ਹਿਰ ਦੇ ਮੁਢਲੇ ਮਸਲੇ ਹੱਲ ਨਹੀਂ ਹੋਏ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਖ਼ਜ਼ਾਨਾ ਵੀ ਸ਼ਹਿਰੀ ਵਿਕਾਸ ਲਈ ਬੰਦ ਹੀ ਹੈ।

ਕੈਪਟਨ ਸਰਕਾਰ ਆਉਣ ਮਗਰੋਂ ਸ਼ਹਿਰ ਵਿੱਚ ਨਵੇਂ ਵਿਕਾਸ ਕਾਰਜ ਚਾਲੂ ਨਹੀਂ ਹੋਏ ਹਨ। ਬਠਿੰਡਾ ਥਰਮਲ ਤੋਂ ਪਹਿਲਾਂ ਸ਼ਹਿਰ ਵਿੱਚ ਕਈ ਵਰ੍ਹਿਆਂ ਤੋਂ ਚੱਲ ਰਹੀ 'ਸ਼ਹਿਰੀ ਬੱਸ ਸੇਵਾ' ਬੰਦ ਹੋ ਗਈ ਹੈ। ਘਾਟੇ ਦਾ ਸੌਦਾ ਹੋਣ ਕਰਕੇ ਪੀਆਰਟੀਸੀ ਨੇ ਇਸ ਨੂੰ ਬੰਦ ਕਰ ਦਿੱਤਾ ਹੈ, ਜਿਸ ਕਾਰਨ ਬੱਸਾਂ ਕਬਾੜ ਬਣ ਰਹੀਆਂ ਹਨ। ਪਿੰਡ ਗੁਰੂਸਰ ਸੈਣੇਵਾਲਾ ਦੇ ਚਮਕੌਰ ਸਿੰਘ ਦਾ ਪ੍ਰਤੀਕਰਮ ਸੀ ਕਿ ਸ਼ਹਿਰੀ ਬੱਸ ਸੇਵਾ ਬੰਦ ਹੋਣ ਨਾਲ ਰੋਜ਼ਾਨਾ ਆਉਣ-ਜਾਣ ਵਾਲੇ ਲੋਕਲ ਯਾਤਰੀਆਂ ਨੂੰ ਬਹੁਤ ਪ੍ਰੇਸ਼ਾਨੀ ਹੁੰਦੀ ਹੈ। ਬਠਿੰਡਾ ਵਿੱਚ ਏਸੀ ਬੱਸ ਅੱਡਾ ਬਣਨਾ ਸੀ, ਜੋ ਫੰਡਾਂ ਦੀ ਘਾਟ ਕਰ ਕੇ ਨਹੀਂ ਬਣ ਸਕਿਆ ਹੈ। ਸ਼ਹਿਰ ਵਿੱਚ ਬਣਨ ਵਾਲੀ ਬਹੁਮੰਜ਼ਿਲਾ ਪਾਰਕਿੰਗ ਦਾ ਸਿਰਫ਼ ਨੀਂਹ ਪੱਥਰ ਬਚਿਆ ਹੈ। ਸਰਕਾਰੀ ਸਕੂਲ ਦੀ ਜਗ੍ਹਾ ਵਿੱਚ ਅਜੇ ਤੱਕ ਪਾਰਕਿੰਗ ਉਸਾਰੀ ਦਾ ਕੰਮ ਸ਼ੁਰੂ ਨਹੀਂ ਹੋਇਆ ਹੈ। ਬਠਿੰਡਾ ਸ਼ਹਿਰ ਵਿੱਚ ਸੌ ਫ਼ੀਸਦੀ ਸੀਵਰੇਜ ਪਾਣੀ ਦਾ 212 ਕਰੋੜ ਰੁਪਏ ਦਾ ਪ੍ਰਾਜੈਕਟ ਉਲੀਕਿਆ ਸੀ, ਜੋ ਅੱਧ ਵਿਚਾਲੇ ਲਟਕ ਰਿਹਾ ਹੈ। ਨਗਰ ਨਿਗਮ ਨੇ 'ਹੁਡਕੋ' ਤੋਂ 105 ਕਰੋੜ ਦਾ ਲੋਨ ਲਿਆ ਸੀ। ਸੂਤਰਾਂ ਅਨੁਸਾਰ ਅਜੇ ਤੱਕ ਇਸ ਤ੍ਰਿਵੇਣੀ ਕੰਪਨੀ ਨੇ 45 ਕਰੋੜ ਦਾ ਕੰਮ ਹੀ ਕੀਤਾ ਹੈ, ਜਦੋਂਕਿ ਨਿਗਮ ਵੱਲੋਂ ਪੈਸਾ ਜਾਰੀ ਨਹੀਂ ਕੀਤਾ ਜਾ ਰਿਹਾ ਹੈ। ਕੰਪਨੀ ਵੱਲੋਂ ਮੁੱਖ ਸੀਵਰੇਜ ਤੇ ਡਿਸਪੋਜ਼ਲ ਬਣਾਏ ਜਾਣ ਦਾ ਕੰਮ ਸ਼ੁਰੂ ਨਹੀਂ ਕੀਤਾ ਗਿਆ ਹੈ। ਇਹ ਕੰਮ 2015 ਵਿੱਚ ਸ਼ੁਰੂ ਹੋਇਆ ਸੀ, ਜੋ ਦੋ ਵਰ੍ਹਿਆਂ ਵਿੱਚ ਮੁਕੰਮਲ ਹੋਣਾ ਸੀ। ਹੁਣ ਫੰਡਾਂ ਦੀ ਤੋਟ ਅੜਿੱਕਾ ਬਣ ਗਈ ਹੈ।



ਬਠਿੰਡਾ ਵਿੱਚ ਰੁਲ਼ ਰਿਹਾ ਇੱਕ ਵਿਕਾਸ ਪ੍ਰੋਜੈਕਟ ਦਾ ਨੀਂਹ ਪੱਥਰ।

ਇਸੇ ਤਰ੍ਹਾਂ ਸ਼ਹਿਰ ਦੀ ਸੰਗੂਆਣਾ ਬਸਤੀ ਅਤੇ ਸੰਜੇ ਨਗਰ ਕੋਲ ਰੇਲ ਲਾਈਨਾਂ 'ਤੇ ਦੋ ਅੰਡਰ ਬ੍ਰਿਜ ਬਣਨੇ ਸਨ, ਉਨ੍ਹਾਂ ਦਾ ਕੰਮ ਵੀ ਅਜੇ ਤੱਕ ਚਾਲੂ ਨਹੀਂ ਹੋਇਆ ਹੈ। ਬਠਿੰਡਾ ਨਹਿਰ ਤੇ ਕੋਠੇ ਅਮਰਪੁਰਾ ਕੋਲ ਪੁਲ ਬਣਨਾ ਸੀ, ਜਿਸ ਦਾ ਨੀਂਹ ਪੱਥਰ ਵੀ ਰੱਖਿਆ ਗਿਆ ਅਤੇ ਫੰਡ ਵੀ ਆ ਗਏ ਸਨ, ਪਰ ਇਹ ਫੰਡ ਵਾਪਸ ਹੋ ਗਏ ਹਨ। ਇਸ ਕਰਕੇ ਇਹ ਪ੍ਰਾਜੈਕਟ ਲਟਕ ਗਿਆ ਹੈ। ਬਠਿੰਡਾ ਵਿੱਚ ਬਣੇ ਕੈਂਸਰ ਹਸਪਤਾਲ ਵਿੱਚ ਡਾਕਟਰਾਂ ਦੀ ਵੱਡੀ ਕਮੀ ਹੈ। ਸ਼ਹਿਰ ਦੀ ਪੁਰਾਣੀ ਰਿੰਗ ਰੋਡ ਦਾ ਅੜਿੱਕਾ ਵੀ ਬਰਕਰਾਰ ਹੈ। ਓਵਰਬ੍ਰਿਜ 'ਤੇ ਲਾਈਟਾਂ ਲਾਉਣ ਲਈ ਪੈਸੇ ਵੀ ਨਗਰ ਨਿਗਮ ਨੇ ਨਹੀਂ ਦਿੱਤੇ ਹਨ। ਬਠਿੰਡਾ ਸ਼ਹਿਰ ਵਿੱਚ ਜੋ ਐਲਈਡੀ ਲਾਈਟਾਂ ਲਾਉਣ ਦਾ ਪ੍ਰਾਜੈਕਟ ਸੀ, ਉਹ ਮਾਲ ਰੋਡ ਤੋਂ ਅੱਗੇ ਨਹੀਂ ਵਧ ਸਕਿਆ। ਇਹ ਪ੍ਰਾਜੈਕਟ ਬਿਜਲੀ ਖ਼ਰਚੇ ਘਟਾਉਣ ਲਈ ਬਣਿਆ ਸੀ। ਕੇਂਦਰੀ ਸਕੀਮ ਤਹਿਤ ਗ਼ਰੀਬ ਲੋਕਾਂ ਲਈ ਪੁੱਡਾ ਦੀ ਜਗ੍ਹਾ ਵਿੱਚ 2200 ਮਕਾਨ ਬਣਨੇ ਸਨ, ਉਹ ਸ਼ੁਰੂ ਹੀ ਨਹੀਂ ਹੋਏ ਹਨ। ਨਗਰ ਸੁਧਾਰ ਟਰੱਸਟ ਵੱਲੋਂ ਮਨਮੋਹਨ ਕਾਲੀਆ ਐਨਕਲੇਵ ਦੇ ਫਲੈਟ ਵੀ ਮਾਲਕਾਂ ਨੂੰ ਅਜੇ ਤੱਕ ਸੌਂਪੇ ਨਹੀਂ ਹਨ। 'ਸਿਦਕ' ਫੋਰਮ ਦੇ ਪ੍ਰਧਾਨ ਸਾਧੂ ਰਾਮ ਕੁਸਲਾ ਦਾ ਕਹਿਣਾ ਸੀ ਕਿ ਕੈਪਟਨ ਹਕੂਮਤ ਦੇ ਵਿਕਾਸ ਨੇ ਅਜੇ ਤੱਕ ਬਠਿੰਡਾ ਦੀ ਜੂਹ ਵਿੱਚ ਪੈਰ ਨਹੀਂ ਪਾਇਆ ਹੈ। ਵਿੱਤ ਮੰਤਰੀ ਨੂੰ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਯਾਦ ਕਰਨੇ ਚਾਹੀਦੇ ਹਨ। ਉਨ੍ਹਾਂ ਨੇ ਆਪਣੇ ਅਖ਼ਤਿਆਰੀ ਕੋਟੇ 'ਚੋਂ ਬਠਿੰਡਾ ਦੀ ਲਾਇਬਰੇਰੀ ਨੂੰ ਪੰਜ ਲੱਖ ਦੇ ਫੰਡ ਜ਼ਰੂਰ ਦਿੱਤੇ ਹਨ, ਪਰ ਇਸ ਤੋਂ ਵੱਧ ਕੁਝ ਨਹੀਂ ਹੋਇਆ।

## ਛੇਤੀ ਸ਼ੁਰੂ ਹੋ ਜਾਣਗੇ ਪ੍ਰਾਜੈਕਟ: ਕਮਿਸ਼ਨਰ

ਨਗਰ ਨਿਗਮ ਦੇ ਕਮਿਸ਼ਨਰ ਸੰਯਮ ਅਗਰਵਾਲ ਦਾ ਕਹਿਣਾ ਹੈ ਕਿ ਨਵੀਂ ਸਰਕਾਰ ਵੱਲੋਂ ਅਜੇ ਤੱਕ ਕੋਈ ਫੰਡ ਪ੍ਰਾਪਤ ਨਹੀਂ ਹੋਏ ਹਨ, ਪਰ ਸੀਵਰੇਜ ਤੇ ਪਾਣੀ ਦੇ ਪ੍ਰਾਜੈਕਟ ਲਈ ਪੈਸੇ ਜਾਰੀ ਕਰ ਦਿੱਤੇ ਹਨ। ਇਹ ਕੰਮ ਕਈ ਪੜਾਵਾਂ ਵਿੱਚ ਮੁਕੰਮਲ ਹੋਣਾ ਹੈ। ਉਨ੍ਹਾਂ ਦੱਸਿਆ ਕਿ ਬਹੁਮੰਜ਼ਿਲਾ ਪਾਰਕਿੰਗ ਦਾ ਕੰਮ ਵੀ ਛੇਤੀ ਸ਼ੁਰੂ ਕਰ ਰਹੇ ਹਾਂ ਤੇ ਦੋ ਅੰਡਰ ਬ੍ਰਿਜਾਂ ਦੀ ਉਸਾਰੀ ਦਾ ਮਾਮਲਾ ਵੀ ਹਾਊਸ ਮੀਟਿੰਗ ਵਿੱਚ ਰੱਖਿਆ ਗਿਆ ਹੈ, ਇਨ੍ਹਾਂ ਲਈ ਕੋਈ ਫੰਡ ਪ੍ਰਾਪਤ ਨਹੀਂ ਹੋਏ ਹਨ।


ACURA

AutoNation Acura
Stevens Creek
4747 Stevens Creek Bl.
Santa Clara, CA 95051

ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।

ਤੁਸੀਂ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।

ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।



Rashpal Singh Aulakh
Sales Manager
AutoNation Acura Stevens Creek
Santa Clara, CA 95051

ਕਾਲ ਕਰੋ ਜਾਂ ਆ ਕੇ ਮਿਲੋ

Cell : 510.299.4326

Email : aulakhr1@autonation.com



When tired of all treatments for
any disease at any age Try

HOMEOPATHIC

Experienced Consultant Physician since 1973

American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜ਼ਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA

Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

# ਖ਼ਾਲਿਸਤਾਨ ਦੀ ਮੰਗ ਨਾ ਗ਼ੈਰਕਾਨੂੰਨੀ ਹੈ ਅਤੇ ਨਾ ਹੀ ਅਪਰਾਧ : ਪ੍ਰੋ. ਬਡੂੰਗਰ

**ਅੰਮ੍ਰਿਤਸਰ/ਸਿੱਖ ਸਿਆਸਤ ਬਿਊਰੋ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਹੈ ਕਿ ਖ਼ਾਲਿਸਤਾਨ ਦੀ ਮੰਗ ਕਰਨੀ ਕੋਈ ਗਲਤ ਕੰਮ ਨਹੀਂ ਹੈ। ਵੀਰਵਾਰ ਨੂੰ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸਿੱਖ ਵੱਖਰੀ ਕੌਮ ਹੈ, ਖ਼ਾਲਿਸਤਾਨ ਦੀ ਮੰਗ ਨਾ ਤਾਂ ਗ਼ੈਰਕਾਨੂੰਨੀ ਹੈ ਅਤੇ ਨਾ ਹੀ ਕੋਈ ਅਪਰਾਧ ਹੈ। ਹਾਲਾਂਕਿ ਉਹ ਬਾਦਲ ਦਲ ਦੀ ਅਗਵਾਈ ਵਾਲੀ ਸ਼੍ਰੋਮਣੀ ਕਮੇਟੀ ਨਾਲ ਸਬੰਧ ਰੱਖਦੇ ਹਨ। ਬਡੂੰਗਰ ਨੇ ਪ੍ਰੈਸ ਕਾਨਫਰੰਸ ਦੌਰਾਨ ਪੱਤਰਕਾਰਾਂ ਵਲੋਂ ਅਮਰੀਕਾ 'ਚ ਹੋਬੋਕਨ ਸ਼ਹਿਰ ਦੇ ਮੇਅਰ ਦੀ ਚੋਣ ਮੌਕੇ ਰਵਿੰਦਰ ਸਿੰਘ ਭੱਲਾ ਨੂੰ "ਅੱਤਵਾਦੀ" ਕਹੇ ਜਾਣ ਦੀ ਘਟਨਾ ਦੇ ਸਬੰਧ 'ਚ ਪੁੱਛੇ ਸਵਾਲ ਦੇ ਜਵਾਬ 'ਚ ਉਪਰੋਕਤ ਗੱਲ ਕਹੀ। ਪ੍ਰੋ. ਬਡੂੰਗਰ ਨੇ ਉਦਾਹਰਣ ਦਿੱਤੀ ਕਿ 1984 'ਚ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦੋ ਸਿੱਖਾਂ ਨੇ ਚੰਡੀਗੜ੍ਹ 'ਚ ਖ਼ਾਲਿਸਤਾਨ ਦੇ ਨਾਅਰੇ ਜਨਤਕ ਤੌਰ 'ਤੇ ਲਾਏ। ਪਰ ਅਦਾਲਤ ਨੇ ਇਹ ਕਹਿ ਕੇ ਉਨ੍ਹਾਂ ਨੂੰ ਬਰੀ ਕਰ ਦਿੱਤਾ ਕਿ ਖ਼ਾਲਿਸਤਾਨ ਦੇ ਨਾਅਰੇ ਮਾਰਨੇ 'ਦੇਸ਼ਧ੍ਰੋਹ' ਨਹੀਂ, ਜਦੋਂ ਤਕ ਕਿ ਇਸ ਵਿਚ ਹਿੰਸਾ ਨੂੰ ਉਭਾਰਨ ਦੀ ਗੱਲ ਨਾ ਹੋਵੇ। ਜਦੋਂ ਮੀਡੀਆ ਨੇ ਇਸ ਵਿਦੇਸ਼ਾਂ 'ਚ ਕੁਝ ਆਗੂਆਂ ਬਾਰੇ ਪੁੱਛਿਆ ਗਿਆ ਜਿਨ੍ਹਾਂ ਨੂੰ "ਖ਼ਾਲਿਸਤਾਨੀਆਂ" ਕਿਹਾ ਜਾਂਦਾ ਹੈ ਤਾਂ ਉਸਦੇ ਜਵਾਬ 'ਚ ਪ੍ਰੋ. ਬਡੂੰਗਰ ਨੇ ਕਿਹਾ, "ਆਇਰਲੈਂਡ ਦੇ ਲੋਕ ਇੰਗਲੈਂਡ ਤੋਂ ਆਜ਼ਾਦ ਹੋਣਾ ਚਾਹੁੰਦੇ ਹਨ, ਇਸੇ ਤਰ੍ਹਾਂ ਉੱਤਰ ਕੋਰੀਆ ਅਤੇ ਦੱਖਣੀ ਕੋਰੀਆ ਦਾ ਮਸਲਾ ਹੈ"। ਉਨ੍ਹਾਂ ਹੋਰ ਉਦਾਹਰਣਾਂ ਦਿੰਦਿਆਂ ਕਿਹਾ ਕਿ ਇਹ ਸਿਰਫ ਸਿੱਖਾਂ ਦਾ ਮਸਲਾ ਨਹੀਂ ਦੁਨੀਆ 'ਚ ਹੋਰ ਥਾਵਾਂ 'ਤੇ ਵੀ ਅਜ਼ਾਦੀ ਦੀਆਂ ਗੱਲਾਂ ਹੋ ਰਹੀਆਂ ਹਨ। ਪ੍ਰੋ. ਬਡੂੰਗਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਅਮਰੀਕਾ 'ਚ ਮੇਅਰ ਬਣੇ ਸਿੱਖ ਰਵਿੰਦਰ ਸਿੰਘ ਭੱਲਾ (ਰਵੀ ਭੱਲਾ) ਦਾ ਦਰਬਾਰ ਸਾਹਿਬ ਆਉਣ 'ਤੇ ਸਨਮਾਨ ਕਰੇਗੀ। ਉਨ੍ਹਾਂ ਅੰਮ੍ਰਿਤਸਰ ਦੇ ਕੱਟੜਪੰਥੀ ਹਿੰਦੂ ਆਗੂ ਸੁਧੀਰ ਸੂਰੀ ਵਲੋਂ ਦਿੱਤੇ ਸਿੱਖ ਵਿਰੋਧੀ ਬਿਆਨ ਦੀ ਵੀ ਨਿੰਦਾ ਕੀਤੀ।



ਅੰਮ੍ਰਿਤਸਰ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਅਤੇ ਹੋਰ।

## ਬਡੂੰਗਰ ਸੁਪਰੀਮ ਕੋਰਟ ਦਾ ਫ਼ੈਸਲਾ ਪੜ੍ਹੇ- ਭਾਜਪਾ

**ਚੰਡੀਗੜ੍ਹ/ਬਿਊਰੋ ਨਿਊਜ਼:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਵਲੋਂ ਖ਼ਾਲਿਸਤਾਨ ਬਾਰੇ ਦਿੱਤੇ ਬਿਆਨ 'ਤੇ ਪੰਜਾਬ ਭਾਜਪਾ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕ੍ਰਿਪਾਲ ਸਿਘ ਬਡੂੰਗਰ ਨੂੰ ਅਪੀਲ ਕੀਤੀ ਹੈ ਕਿ ਉਹ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਹਵਾਲਾ ਦੇਣ ਤੋਂ ਪਹਿਲਾਂ, ਅਦਾਲਤ ਦੇ ਉਸ ਫ਼ੈਸਲੇ ਨੂੰ ਪੜ੍ਹ ਲੈਣ। ਸੂਬਾ ਮੀਤ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਅਤੇ ਸੂਬਾ ਸਕੱਤਰ ਵਿਨੀਤ ਜੋਸ਼ੀ ਨੇ ਪ੍ਰੋ: ਬਡੂੰਗਰ ਨੂੰ ਕਿਹਾ ਕਿ ਉਹ ਸ਼੍ਰੋਮਣੀ ਦੇ ਪ੍ਰਧਾਨ ਹਨ, ਸ਼੍ਰੋਮਣੀ ਕਮੇਟੀ ਇਕ ਇਤਿਹਾਸਿਕ ਸੰਸਥਾ ਹੈ, ਜਿਸਦਾ ਸਿੱਖ ਧਰਮ 'ਚ ਇਕ ਵਿਸ਼ੇਸ਼ ਸਥਾਨ ਹੈ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਮੂੰਹ 'ਚੋਂ ਨਿਕਲੇ ਹੋਏ ਸ਼ਬਦ ਕਾਫ਼ੀ ਅਹਿਮ ਹੁੰਦੇ ਹਨ । ਭਾਜਪਾ ਆਗੂਆਂ ਨੇ ਕਿਹਾ ਕਿ ਪੰਜਾਬ ਅੱਤਵਾਦ ਦੇ ਲੰਮੇ ਦੌਰ 'ਚੋਂ ਨਿਕਲ ਚੁੱਕਿਆ ਹੈ, ਪੰਜਾਬੀਆਂ ਨੇ ਸ਼ਹਾਦਤਾਂ ਦੇਕੇ ਇਹ ਸ਼ਾਂਤੀ ਕਾਇਮ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਇਹ ਸ਼ਾਂਤੀ ਬਣੀ ਰਹੇ ਅਤੇ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਆਗੂ ਇਸਨੂੰ ਵਿਸ਼ੇਸ਼ ਤੌਰ 'ਤੇ ਸਮਝਣ। ਆਗੂਆਂ ਕਿਹਾ ਕਿ ਖ਼ਾਲਿਸਤਾਨ ਦੀ ਮੰਗ ਕਰਨਾ ਮਤਲਬ ਭਾਰਤ ਦੇ ਟੁਕੜੇ ਕਰਨਾ ਹੈ, ਇਸ ਲਈ ਇਹ ਗੈਰ-ਸੰਵੈਧਾਨਿਕ ਸੀ, ਹੈ ਅਤੇ ਰਹੇਗਾ।

# ਸਿਮਰਨਜੀਤ ਸਿੰਘ ਮਾਨ ਨੇ ਖਾਲਿਸਤਾਨ ਬਾਰੇ ਪ੍ਰੋ. ਬਡੂੰਗਰ ਦੇ ਬਿਆਨ ਦੀ ਕੀਤੀ ਸਰਾਹਨਾ

**ਅੰਮ੍ਰਿਤਸਰ/ਬਿਊਰੋ ਨਿਊਜ਼:**
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਨਰਜੀਤ ਸਿੰਘ ਨੇ ਪ੍ਰੈਸ ਬਿਆਨ ਜਾਰੀ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵਲੋਂ ਖ਼ਾਲਿਸਤਾਨ ਦਾ ਮੁੱਦਾ ਚੁੱਕਣ 'ਤੇ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਹੈ। ਸ. ਮਾਨ ਨੇ ਜਾਰੀ ਪ੍ਰੈਸ ਬਿਆਨ 'ਚ ਕਿਹਾ ਕਿ 1946 ਵਿਚ ਸ. ਬਸੰਤ ਸਿੰਘ ਕੁੱਕੜ ਨੇ ਸ਼੍ਰੋਮਣੀ ਕਮੇਟੀ ਦੇ ਹਾਊਸ ਵਿਚ ਖ਼ਾਲਿਸਤਾਨ ਦਾ ਮਤਾ ਰੱਖਕੇ ਸਰਬਸੰਮਤੀ ਨਾਲ ਪਾਸ ਕਰਵਾਇਆ ਗਿਆ ਸੀ।



ਸ. ਮਾਨ ਨੇ ਅਪੀਲ ਕੀਤੀ ਕਿ ਆਉਂਦੀ 28 ਨਵੰਬਰ ਨੂੰ ਹੋਣ ਵਾਲੇ ਸਲਾਨਾ ਇਜਲਾਸ ਵਿਚ 'ਖ਼ਾਲਿਸਤਾਨ' ਦਾ ਮਤਾ ਰੱਖਦੇ ਹੋਏ 1946 ਦੇ ਉਪਰੋਕਤ ਮਤੇ ਦੀ ਪ੍ਰੋੜ੍ਹਤਾ ਸ਼੍ਰੋਮਣੀ ਕਮੇਟੀ ਨੂੰ ਕਰਨੀ ਚਾਹੀਦੀ ਹੈ। ਤਾਂ ਜੋ ਬਾਹਰਲੇ ਮੁਲਕਾਂ ਦੀਆਂ ਹਕੂਮਤਾਂ ਖ਼ਾਲਿਸਤਾਨ ਦੇ ਪਾਸ ਮਤੇ ਦੇ ਤਹਿਤ ਸਿੱਖ ਕੌਮ ਦੇ ਨਿਸ਼ਾਨੇ ਪ੍ਰਤੀ ਸੁਹਿਰਦਤਾ ਨਾਲ ਸਾਨੂੰ ਹਰ ਪੱਖੋਂ ਮਦਦ ਕਰ ਸਕਣ। ਸ. ਮਾਨ ਨੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਜੋ ਆਪ ਜੀ ਨੇ ਕੌਮੀ ਨਿਸ਼ਾਨੇ ਖ਼ਾਲਿਸਤਾਨ ਦੇ ਸੰਬੰਧ ਵਿਚ ਨਿਧੜਕ ਹੋ ਕੇ ਗੱਲ ਕੀਤੀ ਹੈ, ਇਸ ਲਈ ਤੁਸੀਂ ਵਧਾਈ ਦੇ ਪਾਤਰ ਹੋ।
ਜਾਰੀ ਬਿਆਨ 'ਚ ਸ. ਮਾਨ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਬਡੂੰਗਰ ਨੂੰ ਸੁਝਾਅ ਦਿੱਤਾ ਕਿ ਨਾਨਕਸ਼ਾਹੀ ਕੈਲੰਡਰ, ਦਸਮ ਗ੍ਰੰਥ ਅਤੇ ਸਿੱਖ ਕੌਮ ਨਾਲ ਸੰਬੰਧਤ ਜੋ ਵੀ ਗੰਭੀਰ ਮੁੱਦੇ ਸਾਹਮਣੇ ਹਨ, ਉਨ੍ਹਾਂ ਨੂੰ ਵੀ ਇਸੇ ਦ੍ਰਿੜ੍ਹਤਾ ਅਤੇ ਦੂਰਅੰਦੇਸ਼ੀ ਨਾਲ ਹੱਲ ਕਰਨ ਲਈ ਆਪਣੀ ਜ਼ਿੰਮੇਵਾਰੀ ਨਿਭਾਉਣ।

# ਖਾਲਿਸਤਾਨ 'ਚ ਸਾਰੇ ਧਰਮਾਂ ਨੂੰ ਮਿਲੇਗਾ ਬਰਾਬਰ ਦਾ ਸਤਿਕਾਰ : ਦਲ ਖ਼ਾਲਸਾ

### *ਸਿਆਸੀ ਪਾਰਟੀਆਂ ਸੌੜੇ ਹਿੱਤਾਂ ਲਈ ਲੋਕਾਂ ਨੂੰ ਨਾ ਡਰਾਉਣ*

**ਅੰਮ੍ਰਿਤਸਰ/ਸਿੱਖ ਸਿਆਸਤ ਬਿਊਰੋ :**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ ਕ੍ਰਿਪਾਲ ਸਿੰਘ ਬਡੂੰਗਰ ਵਲੋਂ ਖ਼ਾਲਿਸਤਾਨ ਪ੍ਰਤੀ ਦਿੱਤੇ ਗਏ ਬਿਆਨ ਦੇ ਮੱਦੇਨਜ਼ਰ ਦਲ ਖ਼ਾਲਸਾ ਨੇ ਭਾਰਤੀ ਮੁੱਖਧਾਰਾ ਵਿੱਚ ਸਰਗਰਮ ਰਾਜਨੀਤਿਕ ਪਾਰਟੀਆਂ ਭਾਜਪਾ, ਕਾਂਗਰਸ ਅਤੇ ਆਪ ਦੀ ਸਖਤ ਸ਼ਬਦਾਂ ਵਿੱਚ ਆਲੋਚਨਾ ਕਰਦੇ ਹੋਏ ਕਿਹਾ ਕਿ ਉਹ ਸਿੱਖਾਂ ਦੀ ਆਜ਼ਾਦੀ ਦੀਆਂ ਭਾਵਨਾਵਾਂ ਨੂੰ ਅਮਨ ਅਤੇ ਕਾਨੂੰਨ ਦੀ ਸਮੱਸਿਆ ਦੇ ਨਾਂ ਹੇਠ ਰੋਲਣ ਦੀ ਕੋਸ਼ਿਸ਼ ਵਿੱਚ ਹਨ ।ਪਾਰਟੀ ਆਗੂ ਕੰਵਰਪਾਲ ਸਿੰਘ ਅਤੇ ਪਰਮਜੀਤ ਸਿੰਘ ਟਾਂਡਾ ਨੇ ਕਿਹਾ ਕਿ ਸਿੱਖ ਆਪਣੀ ਕਿਸਮਤ ਦੇ ਆਪ ਮਾਲਕ ਬਣਨਾ ਚਾਹੁੰਦੇ ਹਨ। ਉਹਨਾਂ ਕਿਹਾ ਮੌਜੂਦਾ ਸਿੱਖਾਂ ਦੀਆਂ ਇੱਛਾਵਾਂ ਅਤੇ ਭਾਵਨਾਵਾਂ ਨੂੰ ਅਲੱਗ ਕਰਕੇ ਨਹੀਂ ਦੇਖਿਆ ਜਾ ਸਕਦਾ, ਇਸ ਨੂੰ ਇਤਿਹਾਸ ਦੇ ਪਰਿਪੇਖ ਵਿੱਚ ਹੀ ਸਮਝਿਆ ਜਾ ਸਕਦਾ ਹੈ। ਉਹਨਾਂ ਕਿਹਾ ਕਿ ਸਿੱਖ ਇਸ ਖਿਤੇ ਦੀ ਤੀਸਰੀ ਕੌਮ ਹੋਣ ਦੇ ਨਾਲ-ਨਾਲ ਪੰਜਾਬ ਉੱਤੇ ਸਿੱਖ ਰਾਜ ਦੀ ਨੀਂਹ ਰੱਖ ਚੁਕੇ ਹਨ, ਜਿਸ ਦੀਆਂ ਨੀਹਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਰੱਖੀਆਂ ਸਨ ਅਤੇ ਜਿਸ ਨੂੰ ਮਜਬੂਤ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੇ ਕੀਤਾ ਸੀ।
ਉਹਨਾਂ ਕਿਹਾ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਿਰਫ ਉਹੀ ਕਿਹਾ ਜੋ ਕੌਮ ਦੀਆਂ ਸਮੂਹਿਕ ਭਾਵਨਾਵਾਂ ਹਨ। ਉਹਨਾਂ ਕਿਹਾ ਕਿ ਸਿੱਖ ਮਨਾਂ ਅੰਦਰ ਆਪਣੇ ਰਾਜ ਨੂੰ ਮੁੜ ਸਥਾਪਤ ਕਰਨ ਦੀ ਰੀਝ ਅੱਜ ਵੀ ਪੂਰੀ ਤਰਾਂ ਸਿੱਖ ਮਾਨਸਿਕਤਾ ਵਿੱਚ ਪ੍ਰਬਲ ਹੈ।
ਉਹਨਾਂ ਭਾਜਪਾ ਦੇ ਬੁਲਾਰੇ ਨੂੰ ਆੜੇ ਹੱਥੀ ਲਿਆ ਜਿਸਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਇਹ ਮਿਹਣਾ ਮਾਰਿਆ ਗਿਆ ਹੈ ਕਿ ਉਹ ਸੁਪਰੀਮ ਕੋਰਟ ਦੇ ਆਦੇਸ਼ ਨੂੰ ਦੁਬਾਰਾ ਪੜ੍ਹਨ। ਉਹਨਾਂ ਕਿਹਾ ਕਿ ਇਕ ਨਹੀਂ ਬਹੁਤ ਸਾਰੇ ਕੇਸ ਮੌਜੂਦ ਹਨ, ਜਿੱਥੇ ਹਾਈ ਕੋਰਟ ਅਤੇ ਸੁਪਰੀਮ ਕੋਰਟ ਨੇ ਸ਼ਾਂਤਮਈ ਢੰਗ ਨਾਲ ਖ਼ਾਲਿਸਤਾਨ ਦੀ ਗੱਲ ਕਰਨ ਨੂੰ ਦੇਸ਼ਧ੍ਰੋਹ ਨਹੀਂ ਮੰਨਿਆ। ਉਹਨਾਂ ਆਪਣੇ ਕੇਸਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ




**ਦਲ ਖ਼ਾਲਸਾ ਦੇ ਆਗੂ ਕੰਵਰਪਾਲ ਸਿੰਘ ਅਤੇ ਪਰਮਜੀਤ ਸਿੰਘ ਟਾਂਡਾ, ਮੁੱਖ ਧਾਰਾ ਦੇ ਭਾਰਤੀ ਸਿਆਸੀ ਦਲਾਂ ਵਲੋਂ ਖ਼ਾਲਿਸਤਾਨ ਨੂੰ ਹਊਆ ਬਣਾ ਕੇ ਪੇਸ਼ ਕਰਨ ਬਾਰੇ ਜਾਣਕਾਰੀ ਦਿੰਦੇ ਹੋਏ।**

ਖ਼ਾਲਿਸਤਾਨ ਦੀ ਗੱਲ ਕਰਨ ਲਈ ਜਿੰਨੇ ਵੀ ਦੇਸ਼ਧ੍ਰੋਹ ਦੇ ਕੇਸ ਆਜ਼ਾਦੀ ਪਸੰਦ ਜਥੇਬੰਦੀਆ ਦੇ ਕਾਰਕੁੰਨਾਂ ਉਤੇ ਪਾਏ ਗਏ ਸਨ, ਉਹ ਸਾਰੇ ਕਾਨੂੰਨ ਦੀ ਨਜ਼ਰ ਵਿੱਚ ਜਾਇਜ ਨਹੀਂ ਠਹਿਰਾਏ ਗਏ। ਉਹਨਾਂ ਕਿਹਾ ਕਿ ਸਿੱਖਾਂ ਦੀ ਆਜ਼ਾਦੀ ਦੀ ਤਾਂਘ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਨਿਰਦੇਸ਼ਾਂ ਉਤੇ ਨਿਰਭਰ ਨਹੀਂ ਕਰਦੀ ਬਲਕਿ ਇਹ ਸਿੱਖਾਂ ਦੇ ਬੀਤੇ ਇਤਿਹਾਸ ਦੀਆਂ ਡੂੰਘੀਆਂ ਜੜ੍ਹਾਂ ਵਿੱਚ ਪਈ ਹੋਈ ਹੈ। ਉਹਨਾਂ ਭਾਰਤੀ ਮੁੱਖ ਧਾਰਾ ਦੀਆਂ ਪਾਰਟੀਆਂ ਦੇ ਸਾਰੇ ਸ਼ੰਕੇ ਦੂਰ ਕਰਦਿਆਂ ਕਿਹਾ ਕਿ ਅਸੀਂ ਇਹ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਆਜ਼ਾਦ ਪੰਜਾਬ ਜਾਂ ਖ਼ਾਲਿਸਤਾਨ ਇਕੱਲਾ ਇੱਕ ਧਰਮ ਦੇ ਲੋਕਾਂ ਉਤੇ ਆਧਾਰਿਤ ਦੇਸ਼ ਨਹੀਂ ਹੋਵੇਗਾ ਬਲਕਿ ਇਸ ਵਿੱਚ ਹੋਰ ਬਾਕੀ ਸਾਰੇ ਭਾਈਚਾਰੇ ਹਿੰਦੂ, ਮੁਸਲਿਮ, ਇਸਾਈ ਅਤੇ ਦਲਿਤ ਵੀ ਬਰਾਬਰ ਦੇ ਹਿੱਸੇਦਾਰ ਹੋਣਗੇ। ਉਹਨਾਂ ਕਿਹਾ ਕਿ ਅਸੀਂ ਸ਼ਾਂਤਮਈ ਢੰਗ ਨਾਲ ਪੰਜਾਬ ਦੀ ਸਮੱਸਿਆ ਨੂੰ ਹੱਲ਼ ਕਰਨਾ ਚਾਹੁੰਦੇ ਹਾਂ ਅਤੇ ਇਸ ਦਾ ਸਿਰਫ ਇਕੋ ਹੀ ਹੱਲ ਹੈ ਸਵੈ-ਨਿਰਣੇ ਦਾ ਹੱਕ ਹੈ। ਉਹਨਾਂ ਕਿਹਾ ਕਿ ਅਸੀਂ ਸਮਝਦੇ ਹਾਂ ਕਿ ਰਾਜਨੀਤਕ ਨਿਸ਼ਾਨੇ ਖ਼ੂਨ ਖਰਾਬੇ ਅਤੇ ਹਿੰਸਾ ਨਾਲ ਹੱਲ ਨਹੀਂ ਹੋਣੇ ਚਾਹੀਦੇ ਪਰ ਇਸ ਦੀ ਜ਼ਿੰਮੇਵਾਰੀ ਸਰਕਾਰਾਂ ਦੀ ਹੈ ਕਿ ਉਹ ਲੋਕਾਂ ਨੂੰ ਇਸ ਪਾਸੇ ਜਾਣ ਲਈ ਮਜ਼ਬੂਰ ਨਾ ਕਰਨ। ਉਹਨਾਂ ਇੰਗਲੈਂਡ ਅਤੇ ਕੈਨੇਡਾ ਦੀ ਉਦਾਹਰਨ ਦਿੰਦਿਆਂ ਦਿੱਲੀ ਨੂੰ ਕਿਹਾ ਕਿ ਉਹ ਵੀ ਪੰਜਾਬ ਅਤੇ ਬਾਕੀ ਹੋਰ ਕੌਮਾਂ ਜੋ ਆਪਣੀ ਆਜ਼ਾਦੀ ਲਈ ਲੜ ਰਹੀਆਂ ਹਨ ਉਹਨਾਂ ਨੂੰ ਸਕਾਟਲੈਂਡ ਅਤੇ ਕਿਉਬਕ ਦੀ ਤਰਾਂ ਰਾਏਸ਼ੁਮਾਰੀ ਦਾ ਹੱਕ ਦੇਵੇ। ਉਹਨਾਂ ਕਿਹਾ ਕਿ ਇਹ ਪਾਰਟੀਆਂ ਇੱਕ ਸ਼ਰਾਰਤ ਵਿਚੋਂ ਸਿੱਖ ਜੁਝਾਰੂਆਂ ਨੂੰ ਪੰਜਾਬ ਅੰਦਰ ਡੁੱਲੇ ਖ਼ੂਨ ਲਈ ਜ਼ਿੰਮੇਵਾਰ ਦੱਸ ਰਹੀਆਂ ਹਨ ਜਦਕਿ ਸਿੱਖਾਂ ਨੇ ਹਥਿਆਰਬੰਦ ਲੜਾਈ ਭਾਰਤ ਵਲੋਂ ਉਹਨਾਂ ਦੇ ਹੱਕ ਲੁੱਟਣ, ਇਨਸਾਫ ਨਾ ਦੇਣ ਅਤੇ ਸਰਕਾਰੀ ਦਮਨ ਵਿਰੁੱਧ ਚੁੱਕੇ ਸਨ।

# ਯੁਨਾਈਟਿਡ ਖਾਲਸਾ ਦਲ ਯੂ.ਕੇ.ਵਲੋਂ ਪੰਜਾਬ 'ਚ ਸਿੱਖ ਨੌਜਵਾਨਾਂ ਦੀ ਵੱਡੀ ਪੱਧਰ 'ਤੇ ਫੜੋ ਫੜੀ ਤੇ ਪੁਲੀਸ ਤਸ਼ੱਦਦ ਲਈ ਕੈਪਟਨ ਅਤੇ ਸੁਰੇਸ਼ ਅਰੋੜਾ ਨੂੰ ਚਿਤਾਵਨੀ

### "ਜਗਤਾਰ ਸਿੰਘ ਜੱਗੀ ਵਿਰੁਧ ਹਿੰਦੂਆਂ ਦੀ ਹਤਿਆ ਦਾ ਕੇਸ ਨਿਰਾ ਝੂਠ ਦਾ ਪੁਲੰਦਾ"

**ਲੰਡਨ/ਬਿਊਰੋ ਨਿਊਜ਼ :** ਯੁਨਾਈਟਿਡ ਖਾਲਸਾ ਦਲ ਯੂ.ਕੇ. ਨੇ ਪੰਜਾਬ 'ਚ ਸਿੱਖ ਨੌਜਵਾਨਾਂ ਦੀ ਵੱਡੀ ਪੱਧਰ ਤੇ ਫੜੋ ਫੜੀ ਅਤੇ ਉਨ੍ਹਾਂ ਉੱਤੇ ਢਾਹੇ ਜਾ ਰਹੇ ਪੁਲਸੀ ਤਸ਼ੱਦਦ ਦੀ ਕਰੜੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਇਸ ਜੁਲਮੀਂ ਅਤੇ ਅਣਮਨੁੱਖੀ ਵਰਤਾਰੇ ਵਿੱਚ ਪੰਜਾਬ ਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੰਜਾਬ ਜਿਹੜਾ ਸਿੱਖਾਂ ਦੇ ਸਿੱਖੀ ਦੀ ਕਾਤਲ ਜਮਾਤ ਕਾਂਗਰਸ ਨਾਲ ਸਬੰਧਤ ਹੈ ਅਤੇ ਪੰਜਾਬ ਪੁਲਿਸ ਦਾ ਮੁਖੀ ਸੁਰੇਸ਼ ਅਰੋੜਾ ਮੁੱਖ ਤੌਰ ਤੇ ਜ਼ਿੰਮੇਵਾਰ ਹਨ । ਜਥੇਬੰਦੀ ਦਾ ਕਹਿਣਾ ਹੈ ਕਿ ਵਿਦੇਸ਼ਾਂ ਤੋਂ ਪੰਜਾਬ ਜਾਣ ਵਾਲੇ ਨੌਜਵਾਨਾਂ ਨੂੰ ਪੁਲਿਸ ਵਲੋਂ ਖਾਸ ਤੌਰ ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤਾਂ ਕਿ ਉਹ ਪੰਜਾਬ ਜਾਣਾ ਬੰਦ ਕਰ ਦੇਣ । ਪੰਜਾਬ ਪੁਲਿਸ ਆਪਣੀਆਂ ਖਾਨਦਾਨੀ ਆਦਤ ਅਨੁਸਾਰ ਮਨਘੜਤ ਕਹਾਣੀਆਂ ਘੜ ਕੇ ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਅਣਸੁਲਝੇ ਕੇਸਾਂ ਵਿੱਚ ਨਾਮਜ਼ਦ ਕਰ ਰਹੀ ਤਾਂ ਕਿ ਸਿੱਖ ਵਿਰੋਧੀ ਲਾਬੀ ਨੂੰ ਖੁਸ਼ ਕੀਤਾ ਜਾ ਸਕੇ ।
ਯੁਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੌਹਲ ਉਰਫ ਜੱਗੀ ਦੀ ਪੰਜਾਬ ਪੁਲਿਸ ਵਲੋਂ ਕੀਤੀ ਗਈ ਗ੍ਰਿਫਤਾਰੀ ਦੀ ਸਖਤ ਨਿਖੇਧੀ ਕਰਦਿਆਂ ਦਲ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਮਨੁੱਖੀ ਅਧਿਕਾਰਾਂ ਦੀਆਂ ਅਲੰਬਰਦਾਰ ਜਥੇਬੰਦੀਆਂ ਅਤੇ ਸਿੱਖ ਸੰਸਥਾਵਾਂ ਨੂੰ ਸਨਿਮਰ ਅਪੀਲ ਕੀਤੀ ਗਈ ਹੈ ਕਿ ਉਹ ਨੌਜਵਾਨ ਜਗਤਾਰ ਸਿੰਘ ਜੌਹਲ ਦੀ ਗ੍ਰਿਫਤਾਰੀ ਖਿਲਾਫ ਅਵਾਜ਼ ਬੁਲੰਦ ਕਰਦੇ ਹੋਏ ਉਸ ਦੀ ਰਿਹਾਈ ਲਈ ਯਤਨ ਜਰੂਰ ਕਰਨ ।
ਜ਼ਿਕਰਯੋਗ ਹੈ ਕਿ ਜਗਤਾਰ ਸਿੰਘ ਜੌਹਲ ਉਰਫ ਜੱਗੀ ਜੌਹਲ ਪੰਜਾਬ ਵਿੱਚ ਵਿਆਹ ਕਰਵਾਉਣ ਗਿਆ ਹੋਇਆ ਅਤੇ ਪੁਲਿਸ ਵਲੋਂ ਗ੍ਰਿਫਤਾਰ ਕਰ ਲਿਆ ਗਿਆ ਹੈ । ਉਸਦੀ ਗ੍ਰਿਫਤਾਰੀ ਬਿਲਕੁਲ ਝੂਠ ਦਾ ਪੁਲੰਦਾ ਹੈ ਅਤੇ ਉਸ ਖਿਲਾਫ ਦਰਜ ਕੀਤੇ ਜਾ ਰਹੇ ਮੁਕੱਦਮੇ ਬੇਬੁਨਿਆਦ ਅਤੇ ਝੂਠੇ ਹਨ ।
ਯੁਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਦੋਸ਼ ਲਗਾਇਆ ਗਿਆ ਕਿ ਪੰਜਾਬ ਦਾ ਮੁੱਖ ਮੰਤਰੀ ਕੈਪਟਨ ਅਮਰਇੰਦਰ ਸਿੰਘ ਨੇ ਬੁੱਚੜ ਬੇਅੰਤੇ ਦਾ ਰਾਹ ਅਖਤਿਆਰ ਕਰ ਲਿਆ ਹੈ ਅਤੇ ਪੁਲਿਸ ਮੁਖੀ ਸੁਰੇਸ਼ ਅਰੋੜਾ ਹਜਾਰਾਂ ਸਿੱਖਾਂ ਦੇ ਕਾਤਲ ਕੇ.ਪੀ .ਗਿੱਲ ਦੇ ਨਕਸ਼ੇ ਕਦਮਾਂ ਤੇ ਚੱਲ ਰਿਹਾ ਹੈ । ਸਿੱਖਾਂ ਤੇ ਤਸ਼ੱਦਦ ਦੇ ਤਾਜ਼ਾ ਘਟਨਾ ਕਰਮ ਦੌਰਾਨ ਇੱਕ ਦਰਜਨ ਤੋਂ ਵੱਧ ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਭਾਰੀ ਤਸ਼ੱਦਦ ਢਾਹਿਆ ਜਾ ਰਿਹਾ ਹੈ । ਜਦਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਦੇ ਦੋਸ਼ੀ ਅਤੇ ਬੇਅਦਬੀ ਖਿਲਾਫ ਸ਼ਾਂਤਮਈ ਸੰਘਰਸ਼ ਕਰਨ ਵਾਲੇ ਸਿੱਖਾਂ ਤੇ ਗੋਲੀਆਂ ਚਲਾਉਣ ਵਾਲੇ ਪਾਪੀ ਪੁਲਸੀਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ ।ਕੈਨੇਡਾ ਵਿੱਚ ਵਸਦੇ ਸਿੱਖਾਂ ਨੇ ਆਪਣੀ ਲਿਆਕਤ,ਮਿਹਨਤ ਅਤੇ ਸੂਝਬੂਝ ਨਾਲ ਉੱਚੇ ਰੁਤਬਿਆਂ ਤੇ ਅੱਪੜੇ ਹਨ । ਪਰ ਦਿੱਲੀ ਦਰਬਾਰ ਦੇ ਝਾੜੂ ਬਰਦਾਰ ਕੈਪਟਨ ਨੂੰ ਇਹ ਸਿੱਖ ਸਦਾ ਹੀ ਚੁੱਭਦੇ ਰਹਿੰਦੇ ਹਨ ।
ਯੁਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਵਲੋਂ ਖਾਲਿਸਤਾਨ ਦੇ ਹੱਕ ਵਿੱਚ ਬਿਆਨ ਦੇਣ ਮਗਰੋਂ ਮੁੱਕਰ ਜਾਣ ਨੂੰ ਸਿਆਸੀ ਡਰਾਮਾ ਆਖਿਆ ਗਿਆ ਜਿਹੜਾ ਹਿੰਦੂਤਵੀ ਜਮਾਤ ਭਾਜਪਾ ਦੇ ਗੁਲਾਮ ਬਾਦਲਕਿਆਂ ਦੀ ਬੁਰਕੀ ਜਾਂ ਘੁਰਕੀ ਕਾਰਨ ਮੁਕਰ ਗਿਆ ।ਬਡੂੰਗਰ ਨੂੰ ਯਾਦ ਕਰਵਾਇਆ ਗਿਆ ਕਿ ਸ੍ਰ.ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਵਲੋਂ ਅਜਾਦ ਸਿੱਖ ਰਾਜ ਦਾ ਮਤੇ ਕੀਤਾ ਜਾ ਚੁੱਕਾ ਹੈ ,ਉਸ ਬਾਰੇ ਉਹ ਕੀ ਕਰੇਗਾ।

# ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਨੇ ਜ਼ਿੰਮੇਵਾਰੀ ਤਿਆਗੀ

**ਅਜਨਾਲਾ/ਬਿਊਰੋ ਨਿਊਜ਼:** ਕਰੀਬ ਦੋ ਸਾਲ ਪਹਿਲਾਂ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਚੱਬਾ ਵਿੱਚ ਸਰਬੱਤ ਖਾਲਸਾ ਦੌਰਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਥਾਪੇ ਗਏ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਨੇ ਸੰਗਤ ਵੱਲੋਂ ਮਿਲੀ ਜ਼ਿੰਮੇਵਾਰੀ ਛੱਡਣ ਦਾ ਐਲਾਨ ਕਰ ਦਿੱਤਾ। ਆਪਣੀ ਸਰਪ੍ਰਸਤੀ ਵਿੱਚ ਚੱਲ ਰਹੇ ਗੁਰਮਤਿ ਵਿਦਿਆਲਾ ਦਮਦਮੀ ਟਕਸਾਲ ਅਜਨਾਲਾ ਦੇ ਮੁੱਖ ਦਫ਼ਤਰ ਵਿੱਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਭਾਈ ਅਜਨਾਲਾ ਨੇ ਕਿਹਾ ਕਿ ਜਿਸ ਆਸ ਨਾਲ ਸਰਬੱਤ ਖਾਲਸਾ ਨੇ ਉਨ੍ਹਾਂ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਦੀ ਸੇਵਾ ਸੌਂਪੀ ਸੀ, ਉਸ ਸੇਵਾ ਨੂੰ ਸੰਗਤ ਦੀਆਂ ਆਸਾਂ ਅਨੁਸਾਰ ਨਿਭਾਉਣ ਤੋਂ ਉਹ ਅਸਮਰੱਥ ਹਨ। ਉਨ੍ਹਾਂ ਕਿਹਾ ਕਿ "ਮੈਂ ਆਪਣੀਆਂ ਊਣਤਾਈਆਂ, ਅਣਗਹਿਲੀਆਂ ਅਤੇ ਆਪਣੀ ਯੋਗਤਾ ਨਾ ਸਮਝਦਿਆਂ ਸੰਗਤ ਵੱਲੋਂ ਦਿੱਤੀ ਜ਼ਿੰਮੇਵਾਰੀ ਛੱਡ ਰਿਹਾ ਹਾਂ ਅਤੇ ਸੰਗਤ ਆਪਣੀ ਮਰਜ਼ੀ ਨਾਲ ਉਨ੍ਹਾਂ ਦੀ ਜਗ੍ਹਾ ਨਵਾਂ ਜਥੇਦਾਰ ਨਿਯੁਕਤ ਕਰ ਸਕਦੀ ਹੈ ਕਿਉਂਕਿ ਇਹ ਹੱਕ ਸਰਬੱਤ ਖਾਲਸਾ ਅਤੇ ਸਮੁੱਚੇ ਪੰਥ ਦਾ ਹੈ।" ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਆਉਣ ਵਾਲੇ ਸਮੇਂ ਵਿੱਚ ਜੇ ਬਾਕੀ ਮੁਤਵਾਜ਼ੀ ਜਥੇਦਾਰਾਂ ਨੇ ਕੋਈ ਮੀਟਿੰਗ ਕੀਤੀ ਤਾਂ ਉਹ ਕਿਸੇ ਵੀ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਣਗੇ।



ਜਥੇਦਾਰ ਵਜੋਂ ਮਿਲੀ ਜ਼ਿੰਮੇਵਾਰੀ ਛੱਡਣ ਦਾ ਐਲਾਨ ਕਰਦੇ ਹੋਏ ਭਾਈ ਅਮਰੀਕ ਸਿੰਘ ਅਜਨਾਲਾ।

ਜ਼ਿਕਰਯੋਗ ਹੈ ਕਿ ਬੀਤੇ ਕੁਝ ਦਿਨਾਂ ਤੋਂ ਗੁਰਮਤਿ ਵਿਦਿਆਲਾ ਦਮਦਮੀ ਟਕਸਾਲ ਅਜਨਾਲਾ ਸਿੱਖ ਰਾਜਨੀਤੀ ਦਾ ਸਰਗਰਮ ਕੇਂਦਰ ਬਣਿਆ ਹੋਇਆ ਸੀ।

ਭਾਈ ਅਜਨਾਲਾ ਨੂੰ ਮਨਾਉਣ ਲਈ ਬੀਤੇ ਦਿਨਾਂ ਤੋਂ ਗੁਰਮਤਿ ਵਿਦਿਆਲਾ ਵਿੱਚ ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ, ਗੁਰਦੀਪ ਸਿੰਘ ਬਠਿੰਡਾ, ਸਤਨਾਮ ਸਿੰਘ ਮਨਾਵਾ, ਪਰਮਜੀਤ ਸਿੰਘ ਤੇ ਵੱਸਣ ਸਿੰਘ ਜ਼ੱਫਰਵਾਲ ਸਮੇਤ ਹੋਰ ਸਿੱਖ ਆਗੂ ਪਹੁੰਚਦੇ ਰਹੇ, ਜਿਨ੍ਹਾਂ ਦੀਆਂ ਭਾਈ ਅਮਰੀਕ ਸਿੰਘ ਨਾਲ ਗੁਪਤ ਮੀਟਿੰਗਾਂ ਵੀ ਹੋਈਆਂ। ਭਾਈ ਅਜਨਾਲਾ ਪਹਿਲਾਂ ਵੀ ਕਈ ਵਾਰ ਕਹਿ ਚੁੱਕੇ ਹਨ ਕਿ ਬੇਅਦਬੀ ਦੀਆਂ ਘਟਨਾਵਾਂ ਦੇ ਰੋਸ ਵਜੋਂ ਚੱਬੇ ਦੀ ਧਰਤੀ 'ਤੇ ਲੱਖਾਂ ਦੀ ਗਿਣਤੀ ਵਿੱਚ ਇਕੱਤਰ ਸੰਗਤ ਨੂੰ ਉਸ ਵੇਲੇ ਥਾਪੇ ਗਏ ਜਥੇਦਾਰਾਂ ਪਾਸੋਂ ਕਈ ਆਸਾਂ ਸਨ, ਜੋ ਦੋ ਸਾਲ ਦਾ ਸਮਾਂ ਲੰਘਣ ਦੇ ਬਾਵਜੂਦ ਪੂਰੀਆਂ ਨਹੀਂ ਹੋ ਸਕੀਆਂ।

ਭਾਈ ਅਜਨਾਲਾ ਨੇ ਸਭ ਨੂੰ ਸਪੱਸ਼ਟ ਕਰ ਦਿੱਤਾ ਸੀ ਕਿ ਸਰਬੱਤ ਖਾਲਸਾ ਵਾਲੇ ਜਥੇਦਾਰ ਕੌਮ ਨੂੰ ਕੋਈ ਨਵੀਂ ਸੇਧ ਵੀ ਨਹੀਂ ਦੇ ਸਕੇ। ਪਤਾ ਲੱਗਿਆ ਹੈ ਕਿ ਪਿਛਲੇ ਸਮੇਂ ਦੌਰਾਨ ਕਈ ਪੰਥਕ ਮਸਲਿਆਂ ਵਿੱਚ ਭਾਈ ਅਜਨਾਲਾ ਦਾ ਬਾਕੀ ਜਥੇਦਾਰਾਂ ਨਾਲ ਵਿਰੋਧ ਚਲਦਾ ਰਿਹਾ ਸੀ।

## ਹਰਜਿੰਦਰ ਦਿਲਗੀਰ ਦੇ ਮਾਮਲੇ 'ਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨੋਟਿਸ ਜਾਰੀ

**ਚੰਡੀਗੜ੍ਹ/ਬਿਊਰੋ ਨਿਊਜ਼,** ਸਿੱਖ ਇਤਿਹਾਸਕਾਰ ਡਾ. ਹਰਜਿੰਦਰ ਸਿੰਘ ਦਿਲਗੀਰ ਦੀ ਪਟੀਸ਼ਨ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਮੰਗਲਵਾਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨੋਟਿਸ ਜਾਰੀ ਕੀਤੇ ਜਾਣ ਮਗਰੋਂ ਤਖ਼ਤਾਂ ਦੇ ਜਥੇਦਾਰਾਂ ਦੀਆਂ ਤਾਕਤਾਂ (ਪੰਥ 'ਚੋਂ ਛੇਕਣ ਦੀ) ਨਿਆਂਇਕ ਨਿਗਰਾਨੀ ਹੇਠ ਆ ਗਈਆਂ ਹਨ। ਜਸਟਿਸ ਰਾਜਨ ਗੁਪਤਾ ਦੇ ਬੈਂਚ ਨੇ ਸ਼੍ਰੋਮਣੀ ਕਮੇਟੀ ਨੂੰ 29 ਨਵੰਬਰ ਲਈ ਨੋਟਿਸ ਜਾਰੀ ਕੀਤਾ ਹੈ।

ਡਾ. ਦਿਲਗੀਰ ਦੇ ਵਕੀਲ ਨਵਕਿਰਨ ਸਿੰਘ ਨੇ ਪਟੀਸ਼ਨ 'ਚ ਸੰਵਿਧਾਨ ਦੀ ਧਾਰਾ 25 ਤੇ 26 ਦਾ ਹਵਾਲਾ ਦਿੰਦਿਆਂ ਕਿਹਾ ਕਿ ਇਕ ਧਾਰਮਿਕ ਸੰਸਥਾ ਨੂੰ ਸ਼ਾਇਦ ਤਾਕਤਾਂ ਆਪਣੇ 'ਧਾਰਮਿਕ ਮਾਮਲਿਆਂ' ਦਾ ਪ੍ਰਬੰਧ ਚਲਾਉਣ ਲਈ ਦਿੱਤੀਆਂ ਜਾਂਦੀਆਂ ਹਨ, ਪਰ ਸੰਸਥਾ ਆਪਣੇ ਅਖ਼ਤਿਆਰ ਤੋਂ ਬਾਹਰਲੇ ਮੁੱਦਿਆਂ 'ਤੇ ਕਿੰਤੂ ਪ੍ਰੰਤੂ ਨਹੀਂ ਕਰ ਸਕਦੀ। ਉਨ੍ਹਾਂ



ਕਿਹਾ ਕਿ ਕਿਤਾਬ ਲਿਖਣਾ ਵੀ ਅਜਿਹਾ ਹੀ ਇਕ ਮੁੱਦਾ ਹੈ। ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਪਟੀਸ਼ਨਰ, ਜੋ ਕਿ ਉੱਚ ਸਿੱਖਿਆ ਪ੍ਰਾਪਤ ਉੱਘੀ ਸ਼ਖ਼ਸੀਅਤ ਹੈ, ਵੱਲੋਂ ਲਿਖੀਆਂ ਕਿਤਾਬਾਂ 'ਤੇ ਜਥੇਦਾਰਾਂ ਨੇ ਇਕ ਹੁਕਮਨਾਮਾ ਜਾਰੀ ਕਰਕੇ ਪਾਬੰਦੀ ਲਾ ਦਿੱਤੀ ਹੈ।

ਨਵਕਿਰਨ ਨੇ ਬੈਂਚ ਨੂੰ ਦੱਸਿਆ ਕਿ ਸਿੱਖ ਗੁਰਦੁਆਰਾ ਐਕਟ ਤਹਿਤ ਇਕ ਤਜਵੀਜ਼ ਤਿਆਰ ਕੀਤੀ ਗਈ ਹੈ, ਜੋ ਜਥੇਦਾਰਾਂ ਦੇ ਫ਼ਰਜ਼ਾਂ ਨੂੰ ਨਿਰਧਾਰਿਤ ਕਰਦੀ ਹੈ। ਇਸ ਤਜਵੀਜ਼ ਦੇ ਅਧਿਐਨ ਤੋਂ ਇਕ ਗੱਲ ਦਾ ਸਪਸ਼ਟ ਹੈ ਕਿ ਅਜਿਹੇ ਫ਼ਰਜ਼ ਉਨ੍ਹਾਂ ਨੂੰ ਕਿਸੇ ਕਿਤਾਬ 'ਤੇ ਜਾਂ ਧਾਰਮਿਕ, ਸਮਾਜਿਕ ਜਾਂ ਸਿਆਸੀ ਮੰਚ ਤੋਂ ਬੋਲਣ ਦੀ ਪਾਬੰਦੀ ਲਾਉਣ ਦੀ ਖੁੱਲ੍ਹ ਨਹੀਂ ਦਿੰਦੇ। ਉਨ੍ਹਾਂ ਕਿਹਾ ਕਿ ਜਥੇਦਾਰਾਂ ਦਾ ਮੁੱਖ ਕੰਮ ਇਹ ਯਕੀਨੀ ਬਣਾਉਣਾ ਹੈ ਕਿ ਤਖ਼ਤਾਂ ਦਾ ਪ੍ਰਬੰਧ ਸਿੱਖਾਂ ਦੇ ਧਾਰਮਿਕ ਅਕੀਦਿਆਂ ਮੁਤਾਬਕ ਚਲਦਾ ਰਹੇ। ਮੀਟਿੰਗਾਂ ਕਰਕੇ ਕਿਤਾਬਾਂ 'ਤੇ ਪਾਬੰਦੀ ਲਾਉਣੀ ਉਨ੍ਹਾਂ ਦੇ ਫ਼ਰਜ਼ਾਂ ਦਾ ਹਿੱਸਾ ਨਹੀਂ। ਲਿਹਾਜ਼ਾ ਕਿਤਾਬ 'ਤੇ ਜਾਂ ਵੱਖ ਵੱਖ ਮੰਚਾਂ ਤੋਂ ਬੋਲਣ ਦੀ ਪਾਬੰਦੀ ਸਬੰਧੀ ਫ਼ੈਸਲਾ ਉਨ੍ਹਾਂ ਦੇ ਅਧਿਕਾਰ ਖੇਤਰ 'ਚ ਨਹੀਂ ਆਉਂਦਾ ਤੇ ਗੈਰਕਾਨੂੰਨੀ ਹੈ। ਵਕੀਲ ਨੇ ਇਹ ਵੀ ਕਿਹਾ ਕਿ ਜਥੇਦਾਰਾਂ ਦੀ ਨਿਯੁਕਤੀ ਲਈ ਕੋਈ ਨੇਮ ਨਹੀਂ ਹੈ ਤੇ ਇਨ੍ਹਾਂ ਜਥੇਦਾਰਾਂ ਵੱਲੋਂ ਪਿਛਲੇ ਤਿੰਨ ਸਾਲਾਂ 'ਚ ਲਏ ਫ਼ੈਸਲਿਆਂ ਤੋਂ ਸਪਸ਼ਟ ਹੈ ਕਿ ਇਹ ਸਿਆਸੀ ਦਬਾਅ ਅਧੀਨ ਲਏ ਗਏ ਹਨ।

## ਵਿਪਨ ਸ਼ਰਮਾ ਦਾ ਕਤਲ ਮੈਂ ਕੀਤਾ : ਸਰਾਜ ਸਿੰਘ ਮਿੰਟੂ

### *ਧਾਰਮਿਕ ਨਹੀਂ ਆਪਸੀ ਦੁਸ਼ਮਣੀ ਦਾ ਸਿੱਟਾ ਦੱਸੀ ਹਿੰਦੂ ਆਗੂ ਦੀ ਹਤਿਆ*

**ਅੰਮ੍ਰਿਤਸਰ/ਬਿਊਰੋ ਨਿਊਜ਼:** ਹਿੰਦੂ ਸੰਘਰਸ਼ ਸੈਨਾ ਦੇ ਆਗੂ ਵਿਪਨ ਸ਼ਰਮਾ ਦੇ ਕਤਲ ਕੇਸ ਵਿੱਚ ਨਾਮਜ਼ਦ ਗੈਂਗਸਟਰ ਸਰਾਜ ਸਿੰਘ ਮਿੰਟੂ ਨੇ ਫੇਸਬੁੱਕ ਪੋਸਟ ਪਾ ਕੇ ਇਸ ਹੱਤਿਆ ਦੀ ਜ਼ਿੰਮੇਵਾਰੀ ਲਈ ਹੈ। ਉਸ ਨੇ ਕਿਹਾ ਹੈ ਕਿ ਇਹ ਹੱਤਿਆ ਕਾਂਡ ਆਪਸੀ ਦੁਸ਼ਮਣੀ ਨਾਲ ਜੁੜੀ ਕਾਰਵਾਈ ਹੈ ਅਤੇ ਇਸ ਦਾ ਕਿਸੇ ਧਰਮ ਨਾਲ ਕੋਈ ਸਬੰਧ ਨਹੀਂ ਹੈ। ਉਸ ਵੱਲੋਂ ਪਾਈ ਇਸ ਪੋਸਟ ਦੀ ਪੁਲੀਸ ਜਾਂਚ ਕਰ ਰਹੀ ਹੈ।



ਪੁਲੀਸ ਕਮਿਸ਼ਨਰ ਐਸਐਸ ਸ੍ਰੀਵਾਸਤਵ ਨੇ ਆਖਿਆ ਕਿ ਪੁਲੀਸ ਵੱਲੋਂ ਫੇਸਬੁੱਕ ਪੋਸਟ ਦੀ ਸੱਚਾਈ ਬਾਰੇ ਪਤਾ ਲਾਇਆ ਜਾ ਰਿਹਾ ਹੈ ਕਿ ਇਹ ਪੋਸਟ ਕਿੱਥੋਂ ਅਤੇ ਕਿਸ ਨੇ ਦਰਜ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਸ ਪੋਸਟ ਬਾਰੇ ਖ਼ੁਫ਼ੀਆ ਵਿੰਗ ਨੇ ਪਤਾ ਲਾਇਆ ਸੀ। ਇਹ ਪੋਸਟ ਸਰਾਜ ਸਿੰਘ ਮਿੰਟੂ ਦੇ ਖਾਤੇ ਵਿੱਚ ਮੰਗਲਵਾਰ ਨੂੰ ਹੀ ਦਰਜ ਹੋਈ ਹੈ, ਜਿਸ ਬਾਰੇ ਪੁਲੀਸ ਪੁਣਛਾਣ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਇਹ ਗੈਂਗਸਟਰਾਂ ਦੀ ਆਪਸੀ ਦੁਸ਼ਮਣੀ ਨਾਲ ਸਬੰਧਤ ਕਾਰਵਾਈ ਹੈ।

ਦੱਸਣਯੋਗ ਹੈ ਕਿ ਕੁਝ ਸਮਾਂ ਪਹਿਲਾਂ ਗੈਂਗਸਟਰ ਸ਼ੁਭਮ ਸਿੰਘ ਦੇ ਪਿਤਾ ਬਲਵਿੰਦਰ ਸਿੰਘ ਕਾਲੂ ਦਾ ਕਤਲ ਕਰ ਦਿੱਤਾ ਗਿਆ ਸੀ। ਵਿਪਨ ਸ਼ਰਮਾ ਦਾ ਕਤਲ ਇਸੇ ਦੁਸ਼ਮਣੀ ਨਾਲ ਜੁੜਿਆ ਹੋਇਆ ਹੈ। ਸਰਾਜ ਸਿੰਘ ਮਿੰਟੂ, ਸ਼ੁਭਮ ਸਿੰਘ ਦਾ ਨੇੜਲਾ ਸਾਥੀ ਹੈ। ਪੁਲੀਸ ਕਮਿਸ਼ਨਰ ਨੇ ਆਖਿਆ ਕਿ ਜਦੋਂ ਤੱਕ ਪੁਲੀਸ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਨਹੀਂ ਕਰ ਲੈਂਦੀ, ਉਸ ਵੇਲੇ ਤੱਕ ਇਸ ਕਤਲ ਕਾਂਡ ਦੇ ਮੰਤਵ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।

## ਭਾਈ ਅਜਨਾਲਾ ਦੇ ਅਸਤੀਫ਼ੇ ਨਾਲ ਪੈਦਾ ਹੋਈ ਸਥਿਤੀ ਦੇ ਮੱਦੇਨਜ਼ਰ ਚਾਰਾਜੋਈ ਸ਼ੁਰੂ

**ਅੰਮ੍ਰਿਤਸਰ/ਬਿਊਰੋ ਨਿਊਜ਼,** ਸਰਬੱਤ ਖ਼ਾਲਸਾ ਵੱਲੋਂ ਥਾਪੇ ਤਿੰਨ ਮੁਤਵਾਜ਼ੀ ਜਥੇਦਾਰਾਂ ਵਿੱਚ ਆਪਸੀ ਮਤਭੇਦਾਂ ਦੇ ਚੱਲਦਿਆਂ ਇਨ੍ਹਾਂ ਵਿੱਚੋਂ ਭਾਈ ਅਮਰੀਕ ਸਿੰਘ ਅਜਨਾਲਾ ਵੱਲੋਂ ਅਸਤੀਫ਼ਾ ਦਿੱਤੇ ਜਾਣ ਕਾਰਨ ਪੈਦਾ ਹੋਏ ਸੰਕਟ ਨੂੰ ਹੱਲ ਕਰਨ ਲਈ ਪ੍ਰਬੰਧਕਾਂ ਅਤੇ ਹੋਰਨਾਂ ਵੱਲੋਂ ਚਾਰਾਜੋਈ ਸ਼ੁਰੂ ਕਰ ਦਿੱਤੀ ਗਈ ਹੈ। ਇਸ ਤਹਿਤ ਅੱਜ ਪ੍ਰਮੁੱਖ ਪ੍ਰਬੰਧਕਾਂ ਨੇ ਤਿੰਨਾਂ ਮੁਤਵਾਜ਼ੀ ਜਥੇਦਾਰਾਂ ਨਾਲ ਗੱਲਬਾਤ ਵੀ ਕੀਤੀ ਹੈ ਅਤੇ ਤਿੰਨਾਂ ਵਿੱਚੋਂ ਦੋ ਮੁਤਵਾਜ਼ੀ ਜਥੇਦਾਰਾਂ ਦੀ ਆਪਸ ਵਿੱਚ ਮੁਲਾਕਾਤ ਵੀ ਹੋਈ ਹੈ। ਮੁਤਵਾਜ਼ੀ ਜਥੇਦਾਰਾਂ ਵਿੱਚ ਸ਼ਾਮਲ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਨੇ ਕੱਲ੍ਹ ਸੇਵਾਵਾਂ ਛੱਡਣ ਦਾ ਐਲਾਨ ਕੀਤਾ ਸੀ। ਉਨ੍ਹਾਂ ਆਖਿਆ ਸੀ ਕਿ ਉਹ ਇਸ ਸੇਵਾ ਨੂੰ ਸੰਗਤ ਦੇ ਆਸ਼ੇ ਮੁਤਾਬਿਕ ਨਿਭਾਉਣ ਵਿੱਚ ਅਸਫ਼ਲ ਰਹੇ ਹਨ। ਉਨ੍ਹਾਂ ਨੂੰ ਪਹਿਲਾਂ ਵੀ ਮਨਾਉਣ ਦਾ ਯਤਨ ਕੀਤਾ ਗਿਆ ਸੀ ਅਤੇ ਇਸ ਐਲਾਨ ਤੋਂ ਬਾਅਦ ਮੁੜ ਮਨਾਉਣ ਦੇ ਯਤਨ ਜਾਰੀ ਹਨ। ਵੇਰਵਿਆਂ ਮੁਤਾਬਕ ਅੱਜ ਮਾਲਵਾ ਪੱਟੀ ਵਿੱਚ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਅਤੇ ਭਾਈ ਬਲਜੀਤ ਸਿੰਘ ਦਾਦੂਵਾਲ ਵਿਚਾਲੇ ਮੀਟਿੰਗ ਵੀ ਹੋਈ ਹੈ। ਭਾਈ ਅਮਰੀਕ ਸਿੰਘ ਅਜਨਾਲਾ ਅੱਜ ਇਸੇ ਖੇਤਰ ਵਿੱਚ ਸਨ, ਜਿਥੇ ਸਰਬੱਤ ਖ਼ਾਲਸਾ ਦੇ ਮੁੱਖ ਪ੍ਰਬੰਧਕਾਂ ਨੇ ਉਨ੍ਹਾਂ ਨਾਲ ਗੱਲਬਾਤ ਵੀ ਕੀਤੀ ਹੈ। ਪ੍ਰਬੰਧਕਾਂ ਨੇ ਪੈਦਾ ਹੋਏ ਸੰਕਟ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਤੇ ਸੰਕਟ ਹੱਲ ਕਰਨ ਲਈ ਚਾਰਾਜੋਈ ਸ਼ੁਰੂ ਕਰ ਦਿੱਤੀ ਹੈ।

ਇਸ ਸਬੰਧੀ ਭਾਈ ਬਲਜੀਤ ਸਿੰਘ ਦਾਦੂਵਾਲ ਨੇ ਆਖਿਆ ਕਿ ਭਾਈ ਅਮਰੀਕ ਸਿੰਘ ਅਜਨਾਲਾ ਵੱਲੋਂ ਕਦੇ ਵੀ ਕਿਸੇ ਤਰ੍ਹਾਂ ਦੇ ਮਤਭੇਦ ਬਾਰੇ ਜ਼ਿਕਰ ਨਹੀਂ ਕੀਤਾ ਗਿਆ ਹੈ। ਇਸ ਲਈ ਉਨ੍ਹਾਂ ਨੂੰ ਕਦੇ ਵੀ ਆਪਸੀ ਮਤਭੇਦ ਹੋਣ ਬਾਰੇ ਪਤਾ ਹੀ ਨਹੀਂ ਲੱਗਿਆ। ਉਨ੍ਹਾਂ ਅੱਜ ਵੀ ਦਾਅਵਾ ਕੀਤਾ ਕਿ ਆਪਸੀ ਕੋਈ ਮਤਭੇਦ ਨਹੀਂ ਹੈ, ਕਿਉਂਕਿ ਕੁਝ ਦਿਨ ਪਹਿਲਾਂ ਹੀ ਭਾਈ ਅਜਨਾਲਾ ਦੇ ਕਹਿਣ 'ਤੇ 13 ਨਵੰਬਰ ਦੀ ਮੀਟਿੰਗ ਰੱਖੀ ਗਈ ਸੀ। ਉਨ੍ਹਾਂ ਆਖਿਆ ਕਿ ਛੇਤੀ ਹੀ ਤਿੰਨੇ ਮੁਤਵਾਜ਼ੀ ਜਥੇਦਾਰ ਮੁਲਾਕਾਤ ਕਰਨਗੇ ਅਤੇ ਪੈਦਾ ਹੋਏ ਸੰਕਟ ਨੂੰ ਹੱਲ ਕਰਨ ਲਈ ਵਿਚਾਰ ਕੀਤਾ ਜਾਵੇਗਾ।

ਸਰਬੱਤ ਖ਼ਾਲਸਾ ਦੇ ਮੁੱਖ ਪ੍ਰਬੰਧਕਾਂ ਵਿੱਚ ਸ਼ਾਮਲ ਯੂਨਾਈਟਿਡ ਅਕਾਲੀ ਦਲ ਦੇ ਜਨਰਲ ਸਕੱਤਰ ਗੁਰਦੀਪ ਸਿੰਘ ਬਠਿੰਡਾ ਨੇ ਦੱਸਿਆ ਕਿ ਮਸਲੇ ਨੂੰ ਹੱਲ ਕਰਨ ਲਈ ਤਿੰਨਾਂ ਜਥੇਦਾਰਾਂ ਨਾਲ ਗੱਲਬਾਤ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਈ ਅਜਨਾਲਾ ਵੱਲੋਂ ਆਪਣੀ ਜ਼ਿੰਮੇਵਾਰੀ ਤੋਂ ਅਸਤੀਫ਼ਾ ਦੇਣ ਨਾਲ ਪੈਦਾ ਹੋਇਆ ਸੰਕਟ ਚਿੰਤਾ ਦਾ ਵਿਸ਼ਾ ਹੈ, ਜਿਸ ਨੂੰ ਗੰਭੀਰਤਾ ਨਾਲ ਹੱਲ ਕਰਨ ਲਈ ਚਾਰਾਜੋਈ ਸ਼ੁਰੂ ਕੀਤੀ ਗਈ ਹੈ।

ਦੱਸਣਯੋਗ ਹੈ ਕਿ ਮੁਤਵਾਜ਼ੀ ਜਥੇਦਾਰਾਂ ਵਿਚਾਲੇ ਮਤਭੇਦ ਉਸ ਵੇਲੇ ਪੈਦਾ ਹੋਣੇ ਸ਼ੁਰੂ ਹੋਏ ਸਨ, ਜਦੋਂ ਸਾਬਕਾ ਪੁਲੀਸ ਮੁਖੀ ਕੇਪੀਐਸ ਗਿੱਲ ਦੇ ਭੋਗ ਸਮਾਗਮ ਵਿੱਚ ਸਿੱਖਾਂ ਨੂੰ ਸ਼ਾਮਲ ਨਾ ਹੋਣ ਦਾ ਆਦੇਸ਼ ਦਿੱਤਾ ਗਿਆ ਸੀ ਅਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਭੋਗ ਵਿੱਚ ਸ਼ਾਮਲ ਹੋਏ ਸਨ। ਮੁਤਵਾਜ਼ੀ ਜਥੇਦਾਰਾਂ ਵਿੱਚੋਂ ਇੱਕ ਇਸ ਮਾਮਲੇ ਵਿੱਚ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਕਾਰਵਾਈ ਕਰਨ ਦਾ ਇੱਛੁਕ ਸੀ ਜਦੋਂਕਿ ਬਾਕੀ ਇਸ ਹੱਕ ਵਿੱਚ ਨਹੀਂ ਸਨ।

## ਭਾਈ ਢੱਡਰੀਆਂ ਵਾਲੇ ਦੇ ਅੰਮ੍ਰਿਤਸਰ ਸਮਾਗਮ ਦਾ ਵਿਰੋਧ ਕਰਨਾ ਗਲਤ : ਸਿੱਖ ਬੁੱਧੀਜੀਵੀ

**ਚੰਡੀਗੜ੍ਹ/ਬਿਊਰੋ ਨਿਊਜ਼:** ਸਿੱਖ ਬੁੱਧੀਜੀਵੀਆਂ ਨੇ ਅੰਮ੍ਰਿਤਸਰ ਵਿਖੇ ਹੋਣ ਵਾਲੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਸਮਾਗਮ ਦੇ ਵਿਰੋਧ ਨੂੰ ਸਿੱਖ ਵਿਰੋਧੀ ਸਾਜ਼ਿਸ਼ੀ ਤੇ ਰਾਜਨੀਤੀ ਤੋਂ ਪ੍ਰੇਰਤ ਅਮਲ ਕਿਹਾ। ਇਸ ਸਿੱਖ ਵਿਰੋਧੀ ਪ੍ਰਚੰਡ ਪ੍ਰਕਿਰਿਆ ਨੂੰ ਇਸ ਪੱਧਰ ਤੱਕ ਉਛਾਲਿਆ ਗਿਆ ਕਿ ਢੱਡਰੀਆਂ ਵਾਲੇ ਨੂੰ ਆਪਣਾ 14 ਨਵੰਬਰ ਨੂੰ ਹੋ ਰਿਹਾ ਸਮਾਗਮ ਨੂੰ ਰੱਦ ਕਰਨਾ ਪਿਆ। ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਚੰਡੀਗੜ੍ਹ ਦੇ ਜਨਰਲ ਜਾਰੀ ਕਰਤਾ ਖੁਸ਼ਹਾਲ ਸਿੰਘ ਵਲੋਂ ਇੱਥੇ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ ਅਨੁਸਾਰ ਸਿੱਖ ਬੁੱਧੀਜੀਵੀਆਂ ਦਾ ਕਹਿਣਾ ਹੈ ਕਿ ਦਮਦਮੀ ਟਕਸਾਲ ਅਤੇ ਉਸ ਦੀਆਂ ਡੇਰਾਵਾਦੀ ਸਹਿਯੋਗੀ ਅਤੇ ਸੰਪਰਦਾਇਕ ਤਾਕਤਾਂ ਨੇ ਜਾਣ ਬੁੱਝ ਕੇ ਢੱਡਰੀਆਂ ਵਾਲੇ ਵਿਰੁੱਧ ਪ੍ਰਚਾਰ ਮੁਹਿੰਮ ਸ਼ੁਰੂ ਕੀਤੀ ਅਤੇ ਉਸਦੇ ਸਮਾਗਮ ਦੀ ਤੁਲਨਾ 1978 ਦੇ ਨਿਰੰਕਾਰੀ ਸਮਾਗਮ ਨਾਲ ਕੀਤੀ, ਜਿਸ ਨਾਲ ਪੰਜਾਬ ਵਿਚ ਸ਼ਾਂਤੀ ਭੰਗ ਹੋ ਗਈ ਸੀ। ਬੜੀ ਦੁੱਖ ਦੀ ਗੱਲ ਹੈ ਕਿ ਡੇਰੇਦਾਰਾਂ ਨੇ ਫਰਜ਼ੀ ਮੰਗ ਪੱਤਰ ਦਾਖਲ ਕਰਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਅਕਾਲ ਤਖਤ ਦੇ ਜਥੇਦਾਰ ਨੂੰ ਵੀ ਆਪਣੀ ਕੋਝੀ ਮੁਹਿੰਮ ਵਿਚ ਸ਼ਾਮਲ ਕਰ ਲਿਆ।



ਜਥੇਦਾਰ ਦੇ ਕਹਿਣ ਤੇ ਢੱਡਰੀਆਂ ਵਾਲੇ ਦੇ ਸਮਾਗਮ ਦੀ ਪੜਤਾਲ ਲਈ ਇਕ ਕਮੇਟੀ ਦਾ ਗਠਨ ਕਰਨਾ ਵੀ ਟੇਢੇ ਤਰੀਕੇ ਨਾਲ ਡੇਰੇਦਾਰਾਂ ਦੀ ਸੇਵਾ ਕਰਨਾ ਹੀ ਹੈ। ਡੇਰੇਦਾਰਾਂ ਨੂੰ ਸਿਆਸੀ ਸਰਪਰਸਤੀ ਹਾਸਲ ਹੈ, ਇਸ ਕਰਕੇ ਉਹ ਢੱਡਰੀਆਂ ਵਾਲੇ ਵੱਲੋਂ ਕੀਤੇ ਜਾ ਰਹੇ ਸ਼ਬਦ ਗੁਰੂ ਦੇ ਪ੍ਰਚਾਰ ਦੇ ਸਿੱਧਾਂਤ ਦਾ ਵਿਰੋਧ ਕਰ ਰਹੇ ਹਨ। ਇਸ ਅਮਲ ਵਿਚ ਉਹ ਹਿੰਦੂਤਵੀ ਅਤੇ ਸਿੱਖ ਵਿਰੋਧੀ ਤਾਕਤਾਂ ਦਾ ਹੱਥ-ਠੋਕਾ ਬਣੇ ਹੋਏ ਹਨ।

ਸਿੱਖ ਬੁੱਧੀਜੀਵੀਆਂ ਨੇ ਇਹ ਵੀ ਦੋਸ਼ ਲਾਇਆ ਕਿ ਢੱਡਰੀਆਂ ਵਾਲੇ ਦੇ ਪ੍ਰਚਾਰ ਨੂੰ ਬੰਦ ਕਰਨ ਦਾ ਮਕਸਦ ਕੇਵਲ ਡੇਰੇਦਾਰਾਂ ਨੂੰ ਮਜ਼ਬੂਤ ਕਰਨਾ ਅਤੇ ਸਿੱਖ ਸਿਧਾਂਤਾਂ ਵਿਚ ਖੋਟ ਮਿਲਾਉਣਾ ਹੈ। ਇਸ ਇਕੱਤਰਤਾ ਵਿਚ ਜਸਪਾਲ ਸਿੰਘ ਸਿੱਧੂ, ਜਨ. ਕਰਤਾਰ ਸਿੰਘ ਗਿੱਲ, ਗੁਰਦਰਸ਼ਨ ਸਿੰਘ ਢਿੱਲੋਂ, ਰਾਜਿੰਦਰ ਸਿੰਘ ਖਾਲਸਾ, ਜਗਦੇਵ ਸਿੰਘ ਸੋਢੀ, ਬੀਰੇਂਦਰਾ ਕੌਰ, ਕਰਨਲ ਮਨਮੋਹਨ ਸਿੰਘ, ਰਵਨੀਤ ਸਿੰਘ, ਗੁਰਤੇਜ ਸਿੰਘ, ਕਰਤਾਰ ਸਿੰਘ ਗੋਸ਼ਟੀ ਅਤੇ ਗੁਰਪ੍ਰੀਤ ਸਿੰਘ ਸ਼ਾਮਲ ਹੋਏ।

ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* The opinions expressed in this newspaper donot necessarily represent the views or opinions of the staff or employees of Quomantry Amritsar times. * All Disputes must be Handled in Santa Clara Superior Court.

## ਸਿੱਖ ਫੈਡਰੇਸ਼ਨ ਯੂ ਕੇ ਨੇ ਸਕਾਟਲੈਂਡ ਦੇ ਜਗਤਾਰ ਸਿੰਘ ਦੀ ਭਾਰਤ 'ਚ ਗ੍ਰਿਫਤਾਰੀ ਤੇ ਚਿੰਤਾ ਪ੍ਰਗਟਾਈ

**ਲੰਡਨ/ਬਿਊਰੋ ਨਿਊਜ਼:** ਯੂ.ਕੇ. ਆਧਾਰਤ ਸਿੱਖ ਜਥੇਬੰਦੀ ਸਿੱਖ ਫੈਡਰੇਸ਼ਨ ਯੂ.ਕੇ. ਨੇ ਸਕਾਟਲੈਂਡ ਦੇ ਰਹਿਣ ਵਾਲੇ ਬਰਤਾਨਵੀ ਨਾਗਰਿਕ, ਜਗਤਾਰ ਸਿੰਘ ਜੌਹਲ ਦੀ ਭਾਰਤੀ ਪੁਲਿਸ ਵਲੋਂ ਗ੍ਰਿਫਤਾਰੀ 'ਤੇ ਗੰਭੀਰ ਚਿੰਤਾ ਦਾ ਇਜ਼ਹਾਰ ਕੀਤਾ ਹੈ।

ਜਗਤਾਰ ਸਿੰਘ ਨੂੰ ਪੰਜਾਬ ਪੁਲਿਸ ਵਲੋਂ ਆਰ.ਐਸ.ਐਸ. ਆਗੂ ਜਗਦੀਸ਼ ਗਗਨੇਜਾ ਅਤੇ ਰਵਿੰਦਰ ਗੋਸਾਈਂ ਨੂੰ ਕਤਲ ਕਰਨ ਦੇ ਮੁਕੱਦਮੇ 'ਚ ਨਾਮਜ਼ਦ ਕੀਤਾ ਗਿਆ ਹੈ। ਜਗਤਾਰ ਸਿੰਘ ਦੇ ਸਹੁਰਾ ਪਰਿਵਾਰ ਵਲੋਂ ਪੁਲਿਸ ਦੀ ਕਹਾਣੀ ਨੂੰ ਰੱਦ ਕਰਦਿਆਂ ਕਿਹਾ ਸੀ ਕਿ ਜਗਤਾਰ ਸਿੰਘ ਨੂੰ ਝੂਠੇ ਕੇਸ 'ਚ ਫਸਾਇਆ ਗਿਆ ਹੈ।

## ਸੁਪਰੀਮ ਕੋਰਟ ਦੀ ਸਿੱਖ ਕਤਲੇਆਮ ਸਬੰਧੀ ਕੇਸ ਦੀ ਸੁਣਵਾਈ 'ਤੇ ਰੋਕ ਲਾਉਣੋਂ ਨਾਂਹ

**ਨਵੀਂ ਦਿੱਲੀ/ਬਿਊਰੋ ਨਿਊਜ਼:** ਸੁਪਰੀਮ ਕੋਰਟ ਨੇ ਦਿੱਲੀ ਹਾਈ ਕੋਰਟ ਵਿੱਚ 1984 ਦੇ ਸਿੱਖ ਕਤਲੇਆਮ ਸਬੰਧੀ ਕੇਸਾਂ ਵਿੱਚ ਸੁਣਵਾਈ 'ਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ ਹੈ।ਜਾਣਕਾਰੀ ਮੁਤਾਬਕ ਦਿੱਲੀ ਹਾਈ ਕੋਰਟ ਨੇ 11 ਜਣਿਆਂ ਨੂੰ ਕਾਰਨ ਦੱਸੋ ਨੋਟਿਸ' ਜਾਰੀ ਕਰ ਕੇ ਪੁੱਛਿਆ ਸੀ ਕਿ ਉਨ੍ਹਾਂ ਖ਼ਿਲਾਫ਼ ਮੁੜ ਮੁਕੱਦਮਾ ਕਿਉਂ ਨਾ ਚਲਾਇਆ ਜਾਵੇ? ਸਾਬਕਾ ਕੌਂਸਲਰ ਬਲਵਾਨ ਖੋਖਰ ਅਤੇ ਸਾਬਕਾ ਵਿਧਾਇਕ ਮਹੇਂਦਰ ਯਾਦਵ ਸਮੇਤ 11 ਜਣਿਆਂ ਨੂੰ ਪਹਿਲਾਂ ਹੀ ਇੱਕ ਟਰਾਇਲ ਕੋਰਟ ਵੱਲੋਂ ਪੰਜ ਕੇਸਾਂ 'ਚ ਬਰੀ ਕੀਤਾ ਜਾ ਚੁੱਕਾ ਹੈ।

ਚੀਫ਼ ਜਸਟਿਸ ਦੀਪਕ ਮਿਸਰਾ ਅਤੇ ਜਸਟਿਸ ਏਐੱਮ ਖਾਨਵਿਲਕਰ ਤੇ ਡੀ ਵਾਈ ਚੰਦਰਚੂੜ ਦੇ ਬੈਂਚ ਨੇ ਯਾਦਵ ਦੀ ਅਰਜ਼ੀ ਖਾਰਜ ਕਰਦਿਆਂ ਕਿਹਾ ਕਿ ਅਦਾਲਤ ਹਾਈ ਕੋਰਟ ਵਿੱਚ ਸੁਣਵਾਈ 'ਤੇ ਰੋਕ ਨਹੀਂ ਲਾਵੇਗੀ। ਹਾਈ ਕੋਰਟ ਨੇ 11 ਜਣਿਆਂ ਨੂੰ ਨੋਟਿਸ ਜਾਰੀ ਕੀਤੇ ਸਨ ਜਿਨ੍ਹਾਂ 'ਤੇ 1 ਅਤੇ 2 ਨਵੰਬਰ 1984 ਨੂੰ ਦਿੱਲੀ ਕੈਨਟੋਨਮੈਂਟ ਏਰੀਆ 'ਚ ਹੋਏ ਕਤਲੇਆਮ ਦੌਰਾਨ ਅਪਰਾਧਾਂ ਲਈ ਮੁਕੱਦਮਾ ਚੱਲਿਆ ਸੀ ਤੇ ਬਾਅਦ 'ਚ ਇਨ੍ਹਾਂ ਨੂੰ ਬਰੀ ਕਰ ਦਿੱਤਾ ਗਿਆ ਸੀ। ਮਹੇਂਦਰ ਯਾਦਵ ਨੇ ਸੁਪਰੀਮ ਕੋਰਟ ਵਿੱਚ ਅਰਜ਼ੀ ਦਾਖ਼ਲ ਕਰ ਕੇ ਆਖਿਆ ਸੀ ਕਿ ਹਾਈ ਕੋਰਟ ਕੋਲ ਉਸ ਕੇਸ 'ਚ ਮੁਕੱਦਮਾ ਮੁੜ ਚਲਾਉਣ ਲਈ ਖ਼ੁਦ ਨੋਟਿਸ ਜਾਰੀ ਕਰਨ ਦੀ ਸ਼ਕਤੀ ਨਹੀਂ ਹੈ, ਜਿਸ 'ਚ ਉਸ ਨੂੰ ਬਰੀ ਕੀਤਾ ਜਾ ਚੁੱਕਾ ਹੈ।

# ਪੰਜਾਬ 'ਚ ਹਿੰਦੂ ਆਗੂਆਂ ਦੇ ਸਿਆਸੀ ਕਤਲਾਂ 'ਚ ਸ਼ੇਰਾ ਨਿਸ਼ਾਨਚੀ ਗ੍ਰਿਫਤਾਰ

### .ਖ਼ਾਲਿਸਤਾਨ ਲਿਬਰੇਸ਼ਨ ਫੋਰਸ ਵਲੋਂ ਸੋਚੀ ਸਮਝੀ ਸਕੀਮ ਤਹਿਤ ਕੀਤੀਆਂ ਜਾਂਦੀਆਂ ਸਨ ਕਤਲਾਂ ਦੀਆਂ ਵਾਰਦਾਤਾਂ-ਅਰੋੜਾ

**ਲੁਧਿਆਣਾ/ਬਿਊਰੋ ਨਿਊਜ਼:**
ਪੰਜਾਬ ਦੇ ਡਾਇਰੈਕਟਰ ਜਨਰਲ ਪੁਲਿਸ ਸ੍ਰੀ ਸੁਰੇਸ਼ ਅਰੋੜਾ ਦਾ ਕਹਿਣਾ ਹੈ ਕਿ ਪਿਛਲੇ ਕੁਝ ਸਮੇਂ ਤੋਂ ਸੂਬੇ ਦੇ ਵੱਖ-ਵੱਖ ਸ਼ਹਿਰਾਂ 'ਚ ਹੋਈਆਂ ਹਿੰਦੂ ਆਗੂਆਂ ਦੀਆਂ ਹੱਤਿਆਵਾਂ 'ਚ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦੀ ਸਿੱਧੇ ਤੌਰ 'ਤੇ ਸ਼ਮੂਲੀਅਤ ਹੈ। ਪੁਲਿਸ ਵਲੋਂ ਇਨ੍ਹਾਂ ਹੱਤਿਆਵਾਂ 'ਚ ਮੁੱਖ ਤੌਰ 'ਤੇ ਸ਼ਾਮਿਲ ਪਿੰਡ ਮਾਜਰੀ ਦੇ ਰਹਿਣ ਵਾਲੇ ਹਰਦੀਪ ਸਿੰਘ ਉਰਫ਼ ਸ਼ੇਰਾ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਿਸ ਨੇ ਉਸ ਦੇ ਕਬਜ਼ੇ 'ਚੋਂ 5 ਪਿਸਤੌਲ ਭਾਰੀ ਮਾਤਰਾ 'ਚ ਕਾਰਤੂਸ ਅਤੇ ਕਤਲਾਂ 'ਚ ਵਰਤੇ ਗਏ ਤਿੰਨ ਮੋਟਰਸਾਈਕਲ ਬਰਾਮਦ ਕੀਤੇ ਹਨ।

ਪੰਜਾਬ ਪੁਲੀਸ ਦੇ ਮੁਖੀ ਅਰੋੜਾ ਨੇ ਇਹ ਖੁਲਾਸਾ ਵੀਰਵਾਰ ਨੂੰ ਇਥੇ ਪ੍ਰੈਸ ਕਾਨਫਰੰਸ ਇਹ ਖੁਲਾਸਾ ਕਰਦਿਆਂ ਦਸਿਆ ਕਿ ਪੰਜਾਬ ਵਿੱਚ ਹਿੰਦੂ ਜਥੇਬੰਦੀਆਂ ਦੇ ਆਗੂਆਂ ਸਮੇਤ ਮਿੱਥ ਕੇ ਕੀਤੇ ਗਏ 7 ਕਤਲਾਂ ਦੀ ਵਾਰਦਾਤ ਵਿੱਚ ਸ਼ਾਮਲ ਸ਼ਾਰਪ ਸ਼ੂਟਰ ਨੂੰ ਪੰਜਾਬ ਪੁਲੀਸ ਨੇ ਵੀਰਵਾਰ ਸਵੇਰੇ .ਫ਼ਤਹਿਗੜ੍ਹ ਸਾਹਿਬ ਵਿੱਚ ਇਕ ਜਿੰਮ ਦੇ ਨੇੜਿਓਂ ਗ੍ਰਿਫ਼ਤਾਰ ਕਰ ਲਿਆ ਹੈ। ਸ਼ੂਟਰ ਦੀ ਪਛਾਣ ਹਰਦੀਪ ਸਿੰਘ (23 ਸਾਲ) ਉਰਫ਼ ਸ਼ੇਰਾ ਵਾਸੀ ਪਿੰਡ ਮਾਜਰੀ, ਥਾਣਾ ਅਮਲੋਹ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਜੋਂ ਹੋਈ ਹੈ।

ਡੀਜੀਪੀ ਨੇ ਦੱਸਿਆ ਕਿ ਪੁਲੀਸ ਹੁਣ ਤੱਕ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ ਤੇ ਇਨ੍ਹਾਂ ਤੋਂ ਸਖ਼ਤੀ ਨਾਲ ਪੁੱਛਗਿਛ ਜਾਰੀ ਹੈ ਤੇ ਆਉਂਦੇ ਦਿਨਾਂ 'ਚ ਹੋਰ ਸਨਸਨੀਖੇਜ਼ ਖੁਲਾਸੇ ਹੋ ਸਕਦੇ ਹਨ। ਪੁਲੀਸ ਨੇ ਸ਼ੂਟਰ ਦੇ ਕਬਜ਼ੇ 'ਚੋਂ ਵਾਰਦਾਤਾਂ ਲਈ ਵਰਤੇ ਤਿੰਨ ਮੋਟਰਸਾਈਕਲਾਂ ਸਮੇਤ ਪੰਜ ਪਿਸਤੌਲ ਵੀ ਬਰਾਮਦ ਕੀਤੇ ਹਨ। ਡੀਜੀਪੀ ਨੇ ਮੰਨਿਆ ਇਨ੍ਹਾਂ ਕਤਲਾਂ ਪਿੱਛੇ ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਹੱਥ ਹੈ ਅਤੇ ਮੁਲਜ਼ਮਾਂ ਨੂੰ ਵਿਦੇਸ਼ ਤੋਂ ਪੈਸੇ ਮਿਲ ਰਹੇ ਸਨ। ਯਾਦ ਰਹੇ ਕਿ ਹਿੰਦੂ ਆਗੂਆਂ ਦੇ ਕਤਲਾਂ ਦੀ ਗੁੱਥੀ ਸੁਲਝਾਉਣ ਦਾ ਦਾਅਵਾ ਕਰਦਿਆਂ ਪੁਲੀਸ ਮੁਖੀ ਨੇ ਪਿਛਲੀਂ ਦਿਨੀਂ ਚੰਡੀਗੜ੍ਹ ਵਿੱਚ ਮੁੱਖ ਮੰਤਰੀ ਦੀ ਹਾਜ਼ਰੀ ਵਿੱਚ ਕੀਤੀ ਪ੍ਰੈਸ ਕਾਨਫਰੰਸ ਦੌਰਾਨ ਚਾਰ ਮੁਲਜ਼ਮਾਂ ਜਿੰਮੀ ਸਿੰਘ, ਜਗਤਾਰ ਜੌਹਲ ਉਰਫ਼ ਜੱਗੀ, ਧਰਮਿੰਦਰ ਸਿੰਘ ਗੁਗਨੀ ਤੇ ਰਮਨਦੀਪ ਸਿੰਘ ਨੂੰ ਗ੍ਰਿਫ਼ਤਾਰ ਕਰਨ ਦੀ ਗੱਲ ਕਹੀ ਸੀ। ਇਨ੍ਹਾਂ ਤੋਂ ਸਖ਼ਤੀ ਨਾਲ ਕੀਤੀ ਪੁੱਛਗਿਛ ਮਗਰੋਂ ਹੀ ਅੱਜ ਸ਼ਾਰਪ ਸ਼ੂਟਰ ਸ਼ੇਰਾ ਦੀ ਗ੍ਰਿਫ਼ਤਾਰੀ ਸੰਭਵ ਹੋਈ ਹੈ।

ਡੀਜੀਪੀ ਨੇ ਦੱਸਿਆ ਕਿ ਸ਼ੇਰਾ ਨੂੰ ਫੜ੍ਹਨ ਲਈ ਬਟਾਲਾ, ਮੋਗਾ ਤੇ ਖੰਨਾ ਦੀ ਪੁਲੀਸ ਨੇ ਅੱਜ ਸਵੇਰ ਤੋਂ ਜਾਲ ਵਿਛਾ ਰੱਖਿਆ ਸੀ। ਸਵੇਰੇ ਕਰੀਬ 5:30 ਵਜੇ ਸ਼ੇਰਾ ਦੇ ਫਤਿਹਗੜ੍ਹ ਸਾਹਿਬ 'ਚ ਹੋਣ ਦੀ ਸੂਚਨਾ ਮਿਲੀ ਸੀ। ਪੁਲੀਸ ਨੇ ਤੁਰੰਤ ਹਰਕਤ 'ਚ ਆਉਂਦਿਆਂ ਉਸ ਨੂੰ ਕਰੀਬ 7:30 ਵਜੇ ਕਾਬੂ ਕਰ ਲਿਆ।



ਡੀਜੀਪੀ ਸੁਰੇਸ਼ ਅਰੋੜਾ ਲੁਧਿਆਣਾ ਵਿੱਚ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ।

## ਮਾਜਰੀ ਕਿਸ਼ਨੇ ਵਾਲੀ ਦਾ ਵਸਨੀਕ ਹੈ ਸ਼ੇਰਾ

**.ਫ਼ਤਿਹਗੜ੍ਹ ਸਾਹਿਬ/ਬਿਊਰੋ ਨਿਊਜ਼:** ਵੀਰਵਾਰ ਨੂੰ ਗ੍ਰਿਫ਼ਤਾਰ ਕੀਤਾ 21 ਸਾਲਾ ਕਥਿਤ ਦੋਸ਼ੀ ਹਰਦੀਪ ਸਿੰਘ ਉਰਫ਼ ਸ਼ੇਰਾ ਪੁੱਤਰ ਦਲਜੀਤ ਸਿੰਘ ਥਾਣਾ ਅਮਲੋਹ ਦੇ ਪਿੰਡ ਮਾਜਰੀ ਕਿਸ਼ਨੇ ਵਾਲੀ ਦਾ ਵਸਨੀਕ ਹੈ। ਪੁਲਿਸ ਦਾ ਕਹਿਣਾ ਹੈ ਕਿ ਕਥਿਤ ਦੋਸ਼ੀ ਹਰਦੀਪ ਸਿੰਘ ਪਿੰਡ ਚੂਹੜਵਾਲ ਦੇ ਵਸਨੀਕ ਰਮਨਦੀਪ ਸਿੰਘ ਉਰਫ਼ ਬਿੱਲਾ ਉਰਫ਼ ਚੂਟੀ ਭੈਣ ਨਾਲ ਕਥਿਤ ਰੂਪ 'ਚ ਮਿਲ ਕੇ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਇਨ੍ਹਾਂ ਘਟਨਾਵਾਂ ਨੂੰ ਅੰਜਾਮ ਦਿੰਦੇ ਸਨ। ਇਨ੍ਹਾਂ 'ਚੋਂ ਰਮਨਦੀਪ ਨੂੰ ਬੁੱਧਵਾਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ, ਜਦਕਿ ਹਰਦੀਪ ਸਿੰਘ ਨੂੰ .ਫ਼ਤਿਹਗੜ੍ਹ ਸਾਹਿਬ ਸਥਿਤ ਬਾਜਵਾ ਜਿੰਮ ਤੋਂ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ, ਉਹ ਉਸ ਸਮੇਂ ਬਾਜਵਾ ਜਿੰਮ ਵਿਚ ਵਰਜ਼ਿਸ਼ ਕਰਨ ਗਿਆ ਸੀ।

# ਪੁਲੀਸ ਦਾ ਕਹਿਣਾ ਹੈ ਕਿ ਦਹਿਸ਼ਤ ਫੈਲਾਉਣ ਲਈ ਮਿੱਥ ਕੇ ਕਤਲ ਕਰਾਉਂਦਾ ਸੀ ਮਿੰਟੂ

**ਲੁਧਿਆਣਾ/ਬਿਊਰੋ ਨਿਊਜ਼:** "ਦੋ ਸਾਲ ਪਹਿਲਾਂ ਲੁਧਿਆਣਾ ਦੀ ਜਨਕਪੁਰੀ ਸਥਿਤ ਆਰਐਸਐਸ ਸ਼ਾਖ਼ਾ 'ਤੇ ਹਮਲੇ ਸਣੇ ਮਿੱਥ ਕੇ ਕੀਤੇ 7 ਕਤਲਾਂ ਪਿੱਛੇ ਖ਼ਾਲਿਸਤਾਨੀ ਲਿਬਰੇਸ਼ਨ ਫੋਰਸ ਦਾ ਹੱਥ ਸੀ। ਇਨ੍ਹਾਂ ਕਤਲਾਂ ਪਿੱਛੇ ਅਤਿਵਾਦੀ ਹਰਮਿੰਦਰ ਸਿੰਘ ਮਿੰਟੂ ਤੇ ਉਸ ਦਾ ਗਰੁੱਪ ਸੀ। ਖ਼ਾਲਿਸਤਾਨੀ ਲਿਬਰੇਸ਼ਨ ਫੋਰਸ ਧਾਰਮਿਕ ਤੇ ਹਿੰਦੂ ਸੰਗਠਨਾਂ ਦੇ ਆਗੂਆਂ ਨੂੰ ਨਿਸ਼ਾਨਾ ਬਣਾ ਕੇ ਸੂਬੇ ਵਿੱਚ ਦਹਿਸ਼ਤ ਫੈਲਾਉਣਾ ਚਾਹੁੰਦੀ ਸੀ।"

ਇਹ ਖ਼ੁਲਾਸਾ ਡੀਜੀਪੀ ਸੁਰੇਸ਼ ਅਰੋੜਾ ਨੇ ਵੀਰਵਾਰ ਨੂੰ ਇੱਥੇ ਪ੍ਰੈੱਸ ਕਾਨਫਰੰਸ ਤੋਂ ਬਾਅਦ ਕੀਤਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਾਰੇ ਕਤਲਾਂ ਨੂੰ ਅੰਜਾਮ ਦੇਣ ਵਾਲਾ ਸ਼ਾਰਪ ਸ਼ੂਟਰ ਹਰਦੀਪ ਸਿੰਘ ਸ਼ੇਰਾ ਤਿੰਨ ਸਾਲ ਪਹਿਲਾਂ ਇਟਲੀ ਵਿੱਚ ਹਰਮਿੰਦਰ ਸਿੰਘ ਮਿੰਟੂ ਨੂੰ ਮਿਲਿਆ ਸੀ। ਉਥੋਂ ਹੀ ਮਿੰਟੂ ਨੇ ਸ਼ੇਰਾ ਨੂੰ ਪ੍ਰਭਾਵ ਹੇਠ ਲੈ ਲਿਆ। ਥਾਈਲੈਂਡ ਵਿੱਚ ਮਿੰਟੂ ਦੇ ਫੜੇ ਜਾਣ ਤੋਂ ਬਾਅਦ ਉਸ ਦੇ ਸਕਾਈਪ ਵਾਲੇ ਨੰਬਰ ਤੋਂ ਬਾਈ' ਨਾਂ ਦਾ ਸ਼ਖ਼ਸ ਪਿਛਲੇ ਦੋ ਸਾਲਾਂ ਤੋਂ ਸ਼ੇਰਾ ਅਤੇ ਰਮਨਦੀਪ ਸਿੰਘ ਉਰਫ਼ ਰਮਨ ਕੈਨੇਡੀਅਨ ਨੂੰ ਟਾਰਗੈੱਟ ਦੇ ਰਿਹਾ ਸੀ, ਜਿਸ ਤੋਂ ਬਾਅਦ ਕਿਸੇ ਵਿਸ਼ੇਸ਼ ਵਿਅਕਤੀ ਦਾ ਕਤਲ ਕਰ ਕੇ ਦਹਿਸ਼ਤ ਫੈਲਾਈ ਜਾਂਦੀ ਸੀ। ਇਸ ਲਈ ਫੰਡਿੰਗ ਇਟਲੀ, ਕੈਨੇਡਾ ਤੇ ਇੰਗਲੈਂਡ ਤੋਂ ਹੁੰਦੀ ਸੀ। ਥਾਣਾ ਬਾਘਾ ਪੁਰਾਣਾ ਦੇ ਐਸਐਚਓ ਜੇ.ਐੱਸ. ਰੰਧਾਵਾ ਨੇ ਦੱਸਿਆ ਕਿ ਸ਼ੇਰਾ ਦਾ ਸਿੱਧਾ ਸੰਪਰਕ ਮਿੰਟੂ ਨਾਲ ਸੀ। ਉਹ ਤਿੰਨ ਸਾਲ ਪਹਿਲਾਂ 18 ਸਾਲ ਦੀ ਉਮਰ ਵਿੱਚ ਮਿੰਟੂ ਨੂੰ ਇਟਲੀ ਵਿੱਚ ਮਿਲਿਆ ਸੀ। ਉਥੇ ਹੀ ਮਿੰਟੂ ਨੇ ਸ਼ੇਰੇ ਨੂੰ ਸਕਾਈਪ ਆਈਡੀ ਦਿੱਤੀ ਸੀ। ਉਹ ਉਸੇ 'ਤੇ ਸ਼ੇਰੇ ਨਾਲ ਲਗਾਤਾਰ ਸੰਪਰਕ ਵਿੱਚ ਰਹਿੰਦਾ ਸੀ। ਉਨ੍ਹਾਂ ਦੱਸਿਆ ਕਿ ਹਰਮਿੰਦਰ ਸਿੰਘ ਮਿੰਟੂ ਨੂੰ ਜਦੋਂ ਪੁਲੀਸ ਨੇ ਥਾਈਲੈਂਡ ਵਿੱਚ ਗ੍ਰਿਫ਼ਤਾਰ ਕੀਤਾ ਤਾਂ ਸ਼ੇਰੇ ਨੇ ਉਸੇ ਸਕਾਈਪ ਆਈਡੀ 'ਤੇ ਗੱਲ ਕੀਤੀ, ਜਿਸ ਤੋਂ ਬਾਅਦ ਉਸ ਆਈਡੀ 'ਤੇ ਬਾਈ ਨਾਂ ਦਾ ਸ਼ਖ਼ਸ ਗੱਲ ਕਰ ਰਿਹਾ ਸੀ। ਪੁਲੀਸ ਨੇ ਦੱਸਿਆ ਕਿ ਮੁਲਜ਼ਮਾਂ ਨੂੰ ਮਿੰਟੂ ਦਾ ਗਰੁੱਪ ਇਟਲੀ ਤੋਂ ਹੀ ਹੁਕਮ ਦਿੰਦਾ ਸੀ, ਜਿਸ ਤੋਂ ਬਾਅਦ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਲਈ ਵਿਸ਼ੇਸ਼ ਵਿਅਕਤੀ ਦੀ ਸ਼ਨਾਖ਼ਤ ਕੀਤੀ ਜਾਂਦੀ ਸੀ। ਉਨ੍ਹਾਂ ਦੱਸਿਆ ਕਿ ਗਗਨੇਜਾ ਦੇ ਕਤਲ ਤੋਂ ਪਹਿਲਾਂ ਮੁਲਜ਼ਮਾਂ ਨੇ ਤਿੰਨ ਦਿਨ ਰੇਕੀ ਕੀਤੀ ਤੇ ਚੌਥੇ ਦਿਨ ਗਗਨੇਜਾ ਨੂੰ ਨਿਸ਼ਾਨਾ ਬਣਾਇਆ ਸੀ। ਸੀਸੀਟੀਵੀ ਕੈਮਰਿਆਂ ਤੋਂ ਬਚਣ ਲਈ ਮੁਲਜ਼ਮ ਹਮੇਸ਼ਾ ਮੂੰਹ ਢਕ ਕੇ ਆਉਂਦੇ ਸਨ।



ਉਨ੍ਹਾਂ ਦੱਸਿਆ ਕਿ ਮੁਲਜ਼ਮ ਹਰਦੀਪ ਸਿੰਘ ਸ਼ੇਰਾ ਨੂੰ ਉਸ ਦੇ ਤਾਏ ਨੇ ਗੋਦ ਲਿਆ ਸੀ, ਜੋ ਉਸ ਨੂੰ ਇਟਲੀ ਲੈ ਗਿਆ। ਉਹ ਉਥੇ ਪੰਜ ਜਮਾਤਾਂ ਪੜ੍ਹਿਆ ਤੇ ਫਿਰ ਪੰਜਾਬ ਵਾਪਸ ਆ ਗਿਆ। ਉਹ ਮੁੜ ਇਟਲੀ ਚਲਾ ਗਿਆ। ਪੁਲੀਸ ਨੇ ਦੱਸਿਆ ਕਿ ਮਿੰਟੂ ਦੇ ਸੰਪਰਕ ਵਿੱਚ ਰਮਨਦੀਪ ਸਿੰਘ ਉਰਫ਼ ਰਮਨ ਕੈਨੇਡੀਅਨ ਵੀ ਸੀ। ਕਤਲ ਦਾ ਜ਼ਿੰਮਾ ਪਹਿਲਾਂ ਰਮਨ ਨੂੰ ਦਿੱਤਾ। ਉਦੋਂ ਸ਼ੇਰਾ ਮੋਟਰਸਾਈਕਲ ਚਲਾਉਂਦਾ ਸੀ। ਰਮਨ ਕੈਨੇਡੀਅਨ ਨੇ ਪਹਿਲਾਂ 19 ਜਨਵਰੀ 2016 ਨੂੰ ਕਿਦਵਈ ਨਗਰ, ਲੁਧਿਆਣਾ ਦੇ ਸ਼ਹੀਦੀ ਪਾਰਕ ਵਿੱਚ ਲੱਗੀ ਆਰਐਸਐਸ ਸ਼ਾਖ਼ਾ ਵਿੱਚ ਨਰੇਸ਼ ਕੁਮਾਰ ਉੱਤੇ ਗੋਲੀ ਚਲਾਈ ਸੀ, ਜਿੱਥੇ ਉਸ ਦਾ ਨਿਸ਼ਾਨਾ ਨਾ ਲੱਗਿਆ। ਫਿਰ ਉਸ ਨੇ ਸ਼ਿਵ ਸੈਨਾ ਆਗੂ ਅਮਿਤ 'ਤੇ ਗੋਲੀ ਚਲਾਈ, ਉਦੋਂ ਵੀ ਨਿਸ਼ਾਨਾ ਸਹੀ ਨਹੀਂ ਲੱਗਿਆ। ਇਸ ਮਗਰੋਂ ਕਤਲ ਦੀ ਜ਼ਿੰਮੇਵਾਰੀ ਸ਼ੇਰਾ ਨੂੰ ਦਿੱਤੀ ਗਈ। ਉਸ ਨੇ 23 ਅਪਰੈਲ 2016 ਨੂੰ ਖੰਨਾ ਵਿੱਚ ਸ਼ਿਵ ਸੈਨਾ ਪੰਜਾਬ ਦੇ ਆਗੂ ਦੁਰਗਾ ਗੁਪਤਾ ਨੂੰ ਗੋਲੀਆਂ ਮਾਰੀਆਂ। ਫਿਰ ਸ਼ੇਰਾ ਨੇ 6 ਅਗਸਤ 2016 ਨੂੰ ਆਰਐਸਐਸ ਆਗੂ ਗਗਨੇਜਾ ਦਾ ਕਤਲ ਕੀਤਾ। ਇਸ ਮਗਰੋਂ 14 ਜਨਵਰੀ 2017 ਨੂੰ ਹਿੰਦੂ ਨੇਤਾ ਅਮਿਤ ਸ਼ਰਮਾ ਦਾ ਕਤਲ ਕੀਤਾ ਗਿਆ। ਉਦੋਂ ਰਮਨ ਨੇ ਵੀ ਗੋਲੀਆਂ ਚਲਾਈਆਂ ਸਨ। 25 ਫਰਵਰੀ 2017 ਨੂੰ ਡੇਰਾ ਪ੍ਰੇਮੀ ਸਤਪਾਲ ਸ਼ਰਮਾ ਤੇ ਉਸ ਦੇ ਲੜਕੇ ਰਮੇਸ਼ ਦਾ ਪਿੰਡ ਜਗੇੜਾ ਦੇ ਨਾਮ ਚਰਚਾ ਘਰ ਦੇ ਬਾਹਰ ਕਤਲ ਕੀਤਾ। 15 ਜੁਲਾਈ 2017 ਨੂੰ ਪਾਦਰੀ ਸੁਲਤਾਨ ਮਸੀਹ ਦਾ ਲੁਧਿਆਣਾ ਵਿੱਚ ਕਤਲ ਕੀਤਾ। ਇਸ ਤੋਂ ਬਾਅਦ ਸ਼ੂਟਰ ਸ਼ੇਰਾ ਨੇ 17 ਅਕਤੂਬਰ ਨੂੰ ਆਰਐਸਐਸ ਆਗੂ ਰਵਿੰਦਰ ਗੋਸਾਈਂ ਦਾ ਕਤਲ ਕੀਤਾ।

# ਹਾਲੇ ਵੀ ਅੱਲ੍ਹੇ ਨੇ ਸਿੱਖ ਦੀ ਪੀੜ ਦੇ ਜ਼ਖ਼ਮ...

**ਅੰਮ੍ਰਿਤਸਰ/ਬਿਊਰੋ ਨਿਊਜ਼:**
ਦਰਬਾਰ ਸਾਹਿਬ ਕੰਪਲੈਕਸ 'ਤੇ ਸੰਨ 1984 ਵਿੱਚ ਹੋਏ ਫ਼ੌਜੀ ਹਮਲੇ ਵਿੱਚ ਤੇਜਾ ਸਿੰਘ ਸਮੁੰਦਰੀ ਹਾਲ ਦੀ ਇਮਾਰਤ 'ਤੇ ਲੱਗੀਆਂ ਗੋਲੀਆਂ ਦੇ ਨਿਸ਼ਾਨਾਂ ਨੂੰ ਸ਼੍ਰੋਮਣੀ ਕਮੇਟੀ ਨੇ ਯਾਦਾਂ ਵਜੋਂ ਸੰਭਾਲ ਲਿਆ ਹੈ। ਇੱਥੇ ਲੱਗੀਆਂ ਗੋਲੀਆਂ ਦੇ ਨਿਸ਼ਾਨਾਂ ਦੇ ਆਲੇ-ਦੁਆਲੇ ਸਟੀਲ ਦੇ ਫਰੇਮ ਲਾ ਦਿੱਤੇ ਗਏ ਹਨ, ਜਿਸ ਨਾਲ ਇਹ ਨਿਸ਼ਾਨ ਹੋਰ ਵੀ ਉੱਭਰ ਕੇ ਦਿਖਾਈ ਦੇਣਗੇ। ਸੰਨ 1937 ਵਿੱਚ ਬਣੀ ਇਸ ਇਮਾਰਤ ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਜੋਂ ਵਰਤਿਆ ਜਾਂਦਾ ਹੈ। ਫ਼ੌਜੀ ਹਮਲੇ ਵੇਲੇ ਇਮਾਰਤ ਦੇ ਉਪਰਲੇ ਹਿੱਸੇ ਵਿੱਚ ਅੱਗ ਲੱਗ ਗਈ ਸੀ, ਜਿਸ ਨਾਲ ਇਮਾਰਤ ਦੇ ਉਸ ਹਿੱਸੇ ਦਾ ਕਾਫ਼ੀ ਨੁਕਸਾਨ ਹੋਇਆ ਸੀ ਤੇ ਉਥੇ ਰੱਖਿਆ ਰਿਕਾਰਡ ਵੀ ਨਸ਼ਟ ਹੋ ਗਿਆ ਸੀ।

ਪਿਛਲੇ 33 ਸਾਲ ਤੋਂ ਇਸ ਇਮਾਰਤ ਨੂੰ ਜਿਵੇਂ ਦਾ ਤਿਵੇਂ ਇਤਿਹਾਸ ਦੀ ਨਿਸ਼ਾਨੀ ਵਜੋਂ ਰੱਖਿਆ ਹੋਇਆ ਸੀ ਪਰ ਰੰਗ ਰੋਗਨ ਨਾ ਹੋਣ ਕਾਰਨ ਇਸ ਦਾ ਬਾਹਰੀ ਰੂਪ ਵਿਗੜ ਰਿਹਾ ਸੀ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਪਿਛਲੇ ਸਾਲ ਇਮਾਰਤ ਦੀ ਸਾਂਭ-ਸੰਭਾਲ ਦਾ ਫ਼ੈਸਲਾ ਕੀਤਾ ਗਿਆ, ਜਿਸ ਤਹਿਤ ਇਮਾਰਤ ਦੇ ਅੰਦਰ ਅਤੇ ਬਾਹਰ ਰੰਗ-ਰੋਗਨ ਕੀਤਾ ਗਿਆ ਹੈ। ਇਥੇ ਲੱਗੇ ਗੋਲੀਆਂ ਦੇ ਨਿਸ਼ਾਨ ਸੰਭਾਲੇ ਗਏ ਹਨ ਅਤੇ ਇਮਾਰਤ ਦੇ ਟੁੱਟ ਰਹੇ ਹਿੱਸੇ ਦੀ ਮੁੜ ਉਸਾਰੀ ਕੀਤੀ ਜਾ ਰਹੀ ਹੈ।



ਗੋਲੀਆਂ ਦੇ ਨਿਸ਼ਾਨਾਂ ਨੂੰ ਸੰਭਾਲਣ ਦੇ ਕੰਮ ਦਾ ਜਾਇਜ਼ਾ ਲੈਂਦੇ ਹੋਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਗੋਲੀਆਂ ਦੇ ਨਿਸ਼ਾਨਾਂ ਦੇ ਆਲੇ-ਦੁਆਲੇ ਸਟੀਲ ਦੇ ਫਰੇਮ ਲਾ ਦਿੱਤੇ ਹਨ ਜਦਕਿ ਬਾਕੀ ਪਾਸੇ ਲੱਗੇ ਗੋਲੀਆਂ ਦੇ ਨਿਸ਼ਾਨਾਂ 'ਤੇ ਵੀ ਇਸੇ ਤਰ੍ਹਾਂ ਦੇ ਫਰੇਮ ਲਾਏ ਜਾਣਗੇ। ਇਮਾਰਤ 'ਤੇ ਲਗਪਗ ਸੌ ਤੋਂ ਵੱਧ ਗੋਲੀਆਂ ਦੇ ਨਿਸ਼ਾਨ ਹਨ। ਇਮਾਰਤ ਦੀ ਸੇਵਾ ਸ਼ੁਰੂ ਕਰਨ ਤੋਂ ਪਹਿਲਾਂ ਇਸ ਦੀ ਮਾਈਕਰੋ ਫਿਲਮਿੰਗ ਅਤੇ ਵੀਡੀਓਗ੍ਰਾਫੀ ਕਰਾਈ ਗਈ ਸੀ। ਕੰਮ ਮੁਕੰਮਲ ਹੋਣ ਮਗਰੋਂ ਇੱਥੇ ਇਤਿਹਾਸ ਦੱਸਦੀ ਸਿੱਲ੍ਹ ਵੀ ਸਥਾਪਤ ਕੀਤੀ ਜਾਵੇਗੀ, ਜਿਸ 'ਤੇ ਜੂਨ 1984 ਵਿੱਚ ਹੋਏ ਫੌਜੀ ਹਮਲੇ ਅਤੇ ਉਸ ਦੌਰਾਨ ਇਮਾਰਤ ਨੂੰ ਪੁੱਜੇ ਨੁਕਸਾਨ ਦੇ ਵੇਰਵੇ ਦਿੱਤੇ ਜਾਣਗੇ। ਕੱਲ੍ਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਵੀ ਇਮਾਰਤ ਦੀ ਸਾਂਭ-ਸੰਭਾਲ ਲਈ ਚੱਲ ਰਹੇ ਕੰਮ ਦਾ ਜਾਇਜ਼ਾ ਲਿਆ ਸੀ ਅਤੇ ਅਧਿਕਾਰੀਆਂ ਨੂੰ ਲੋੜੀਂਦੇ ਨਿਰਦੇਸ਼ ਵੀ ਦਿੱਤੇ ਸਨ।

ਇਹ ਇਮਾਰਤ 1937 ਵਿੱਚ ਬਣੀ ਸੀ, ਜਿਸ ਨੂੰ ਗੁਰਦੁਆਰਾ ਸੁਧਾਰ ਲਹਿਰ ਦੇ ਆਗੂ ਤੇਜਾ ਸਿੰਘ ਸਮੁੰਦਰੀ ਨੂੰ ਸਮਰਪਿਤ ਕੀਤਾ ਹੋਇਆ ਹੈ। ਉਹ ਸ਼੍ਰੋਮਣੀ ਕਮੇਟੀ ਦੇ ਬਾਨੀ ਮੈਂਬਰਾਂ ਵਿੱਚੋਂ ਸਨ। ਦੱਸਣਯੋਗ ਹੈ ਕਿ ਸਾਕਾ ਨੀਲਾ ਤਾਰਾ ਸਮੇਂ ਹੋਏ ਨੁਕਸਾਨ ਸਬੰਧੀ ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ ਖ਼ਿਲਾਫ਼ ਸੌ ਕਰੋੜ ਰੁਪਏ ਦੇ ਮੁਆਵਜ਼ੇ ਦਾ ਕੇਸ ਕੀਤਾ ਹੋਇਆ ਹੈ। ਇਸ ਇਮਾਰਤ ਨੂੰ ਉਸ ਵੇਲੇ ਹੋਏ ਨੁਕਸਾਨ ਦੇ ਗਵਾਹ ਵਜੋਂ ਸੰਭਾਲਿਆ ਹੋਇਆ ਸੀ।

## ਸਿੱਖਾਂ ਦੇ ਮਾਣ 'ਚ ਇਜ਼ਰਾਈਲ ਨੇ ਡਾਕ ਟਿਕਟ ਜਾਰੀ ਕੀਤੀ

**ਤਲਅਵੀਵ/ਬਿਊਰੋ ਨਿਊਜ਼:** ਵਿਸ਼ਵ ਜੰਗ ਵਿੱਚ ਸਿੱਖਾਂ ਵਲੋਂ ਪਾਏ ਯੋਗਦਾਨ ਬਦਲੇ ਸਿੱਖਾਂ ਦੇ ਮਾਣ ਵਜੋਂ ਇਜ਼ਰਾਈਲ ਵੱਲੋਂ ਸਾਲ



2018 ਲਈ ਇੱਕ ਡਾਕ ਟਿਕਟ ਜਾਰੀ ਕੀਤੀ ਹੈ। ਬੀਤੀ ਸਦੀ ਦੇ ਦੂਜੇ ਦਹਾਕੇ ਦੌਰਾਨ ਸਤੰਬਰ 1918 ਵਿੱਚ ਹਾਈਫਾ ਦੇ ਨਾਮ ਨਾਲ ਲੜੀ ਗਈ ਲੜਾਈ 'ਚ ਸਿੱਖਾਂ ਨੂੰ ਅੰਗਰੇਜ਼ਾਂ ਵੱਲੋਂ ਭੇਜਿਆ ਗਿਆ ਸੀ। ਇਸ ਦਾ ਅਹਿਸਾਨ ਇਜ਼ਰਾਈਲ ਨੇ ਤਕਰੀਬਨ ਸੌ ਸਾਲ ਬਾਅਦ ਸਿੱਖ ਬਟਾਲੀਅਨ ਦੇ ਮਾਣ ਵਿੱਚ ਟਿਕਟ ਜਾਰੀ ਕਰਕੇ ਉਤਾਰਿਆ ਹੈ। ਵਿਸ਼ਵ ਜੰਗ ਦੇ ਹਿੱਸੇ ਵਜੋਂ ਸੰਨ 1914 ਤੋਂ 1918 ਤੱਕ ਲੜੀ ਗਈ ਪਹਿਲੀ ਲੜਾਈ ਦੌਰਾਨ ਕੈਪਟਨ ਅਨੂਪ ਸਿੰਘ ਇਸ ਜੰਗ ਦੇ ਨਾਇਕ ਬਣ ਕੇ ਉੱਭਰੇ ਸੀ।

## ਤੁਲਸੀ ਗਬਾਰਡ ਬਣੀਂ ਵਿਸ਼ਵ ਹਿੰਦੂ ਕਾਂਗਰਸ ਦੀ ਮੁਖੀ

**ਵਾਸ਼ਿੰਗਟਨ/ਬਿਊਰੋ ਨਿਊਜ਼:** ਅਮਰੀਕੀ ਕਾਂਗਰਸ ਦੀ ਪਹਿਲੀ ਹਿੰਦੂ ਕਾਨੂੰਨਸਾਜ਼ ਤੁਲਸੀ ਗਬਾਰਡ ਨੂੰ ਅਗਲੇ ਸਾਲ ਸ਼ਿਕਾਗੋ



'ਚ ਹੋਣ ਵਾਲੀ ਵਿਸ਼ਵ ਹਿੰਦੂ ਕਾਂਗਰਸ (ਡਬਲਿਊਐਚਸੀ) ਦਾ ਚੇਅਰਪਰਸਨ ਲਾਇਆ ਗਿਆ ਹੈ। ਇਹ ਕਾਂਗਰਸ ਚਾਰ ਸਾਲਾਂ ਬਾਅਦ ਕਰਾਈ ਜਾਂਦੀ ਹੈ। ਵਿਸ਼ਵ ਹਿੰਦੂ ਫਾਊਂਡੇਸ਼ਨ ਵੱਲੋਂ ਪਹਿਲੀ ਕਾਂਗਰਸ 2014 'ਚ ਨਵੀਂ ਦਿੱਲੀ 'ਚ ਕਰਾਈ ਗਈ ਸੀ ਤੇ ਇਹ ਹੁਣ ਦੂਜੀ ਕਾਂਗਰਸ ਅਗਲੇ ਸਾਲ ਸ਼ਿਕਾਗੋ 'ਚ 7 ਤੋਂ 9 ਸਤੰਬਰ ਤੱਕ ਕਰਾਈ ਜਾਵੇਗੀ। ਗਬਾਰਡ ਨੇ ਕਿਹਾ ਕਿ ਦੁਨੀਆਂ ਭਰ ਦੇ ਹਿੰਦੂ ਭਾਈਚਾਰੇ ਦੇ ਲੋਕ ਇੱਥੇ ਇਕੱਠੇ ਹੋਣਗੇ ਅਤੇ ਆਪਣੇ ਵਿਚਾਰ ਸਾਂਝੇ ਕਰਕੇ ਹੋਰਨਾਂ ਭਾਈਚਾਰਿਆਂ 'ਤੇ ਸਕਾਰਾਤਮਕ ਪ੍ਰਭਾਵ ਪਾਉਣਗੇ।

## ਪੁਲੀਸ ਨੇ ਸ਼ਰਾਬੀ ਸਿੱਖ ਮੇਅਰ ਨੂੰ ਸਿਖਾਇਆ ਸਬਕ

**ਵੈਨਕੂਵਰ/ਬਿਊਰੋ ਨਿਊਜ਼:** ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਪਹਾੜੀ ਖੇਤਰ ਵਿੱਚ ਸਥਿਤ ਸ਼ਹਿਰ ਵਰਨਨ ਦੇ ਮੇਅਰ ਇਕਬਾਲ ਸਿੰਘ ਮੰਡ ਦਾ ਪੁਲੀਸ ਨੇ ਸ਼ਰਾਬ ਪੀ ਕੇ ਕਾਰ ਚਲਾਉਣ ਕਾਰਨ ਚਲਾਨ ਕੱਟਿਆ। ਉਸ ਨੂੰ 200 ਡਾਲਰ ਦੀ ਟਿਕਟ ਦੇ ਨਾਲ ਤਿੰਨ ਦਿਨ ਲਈ ਡਰਾਈਵਿੰਗ ਤੋਂ ਮਨ੍ਹਾਂ ਕੀਤਾ ਗਿਆ। ਪੁਲੀਸ ਵੱਲੋਂ ਰੋਕੇ ਜਾਣ 'ਤੇ ਬੇਸ਼ੱਕ ਮੇਅਰ ਨੇ ਇਕੋ ਪੈੱਗ ਲਾਏ ਹੋਣ ਬਾਰੇ ਕਿਹਾ ਪਰ ਸਾਹ ਵਿੱਚ ਅਲਕੋਹਲ ਮਾਪ ਯੰਤਰ ਦਾ ਨਤੀਜਾ ਹੱਦ ਤੋਂ ਬਾਹਰ ਸੀ। ਬੇਸ਼ੱਕ ਮੇਅਰ ਸਥਾਨਕ ਪੁਲੀਸ ਦਾ ਮੁਖੀ ਹੁੰਦਾ ਹੈ ਪਰ ਪੁਲੀਸ ਅਫ਼ਸਰ ਨੇ ਕਾਨੂੰਨ ਸਾਹਮਣੇ ਸਭ ਦੇ ਬਰਾਬਰ ਹੋਣ ਨੂੰ ਪਹਿਲ ਦਿੱਤੀ।

## ਨੌਜਵਾਨਾਂ ਨੂੰ ਬੁਲਿੰਗ ਦੇ ਮਾੜੇ ਪ੍ਰਭਾਵਾਂ ਬਾਰੇ ਦੱਸਦੇ ਨੇ ਪੰਜਾਬੀ ਮਾਪੇ:

ਵੀਹ ਸਾਲ ਪਹਿਲਾਂ 14 ਸਾਲਾ ਧੀ ਦੀ ਉਸ ਦੇ ਦੋਸਤਾਂ ਹੱਥੋਂ ਹੋਈ ਮੌਤ ਦਾ ਦਰਦ ਭੁਲਾਉਣ ਲਈ ਪੰਜਾਬੀ ਮਾਪੇ ਹੁਣ ਨੌਜਵਾਨਾਂ ਨੂੰ ਬੁਲਿੰਗ ਦੇ ਨੁਕਸਾਨ ਬਾਰੇ ਜਾਗਰੂਕ ਕਰਨ ਲਈ ਸਮਰਪਿਤ ਹਨ। ਵਿਕਟੋਰੀਆ ਰਹਿੰਦੀ 14 ਸਾਲਾਂ ਦੀ ਰੀਨਾ ਵਿਰਕ ਨੂੰ ਉਸ ਦੇ ਦੋਸਤਾਂ ਨੇ 14 ਨਵੰਬਰ 1997 ਦੀ ਰਾਤ ਡੁਬੋ ਕੇ ਮਾਰ ਦਿੱਤਾ ਸੀ ਤੇ ਉਸ ਦੀ ਲਾਸ਼ ਅੱਠ ਦਿਨ ਬਾਅਦ ਨਦੀ ਵਿੱਚ ਤੈਰਦੀ ਮਿਲੀ ਸੀ। ਉਸ ਦੇ ਪਿਤਾ ਮਨਜੀਤ ਵਿਰਕ ਤੇ ਮਾਂ ਸੁਮਨ ਵਿਰਕ, ਹਰ ਸਾਲ ਬੇਟੀ ਦੀ ਯਾਦ ਵਿੱਚ ਨੌਜਵਾਨਾਂ ਨੂੰ ਅੱਲ੍ਹੜ ਉਮਰ ਦੀਆਂ ਮਨਮਾਨੀਆਂ ਦੇ ਘਾਤਕ ਨਤੀਜਿਆਂ ਬਾਰੇ ਜਾਗਰੂਕ ਕਰਨ ਲਈ ਸੈਮੀਨਾਰ ਕਰਾਉਂਦੇ ਹਨ। ਮਾਪਿਆਂ ਦਾ ਕਹਿਣਾ ਹੈ ਕਿ ਇੰਜ ਕਰ ਕੇ ਜਿੱਥੇ ਉਨ੍ਹਾਂ ਦੇ ਮਨ ਵਿੱਚੋਂ ਬੇਟੀ ਦੇ ਵਿਛੋੜੇ ਦਾ ਦਰਦ ਹਲਕਾ ਹੁੰਦਾ ਹੈ, ਉਥੇ ਤਸੱਲੀ ਵੀ ਮਿਲਦੀ ਹੈ ਕਿ ਉਹ ਹੋਰ ਕਿਸੇ ਨੂੰ ਇਸ ਰਸਤੇ ਚੱਲਣੋਂ ਰੋਕਣ ਲਈ ਸਿੱਖਿਅਤ ਕਰਦੇ ਹਨ। ਸੈਮੀਨਾਰ ਵਿੱਚ ਉਹ ਵਿਸ਼ਾ ਮਾਹਿਰਾਂ ਨੂੰ ਵੀ ਸੱਦਦੇ ਹਨ ਅਤੇ ਸ਼ਹਿਰ ਦੇ ਨੌਜਵਾਨਾਂ ਨੂੰ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੰਦੇ ਹਨ।

## ਬੈਂਕ ਦੀ ਕੈਸ਼ ਵੈਨ ਵਿਚੋਂ 61 ਲੱਖ ਰੁਪਏ ਲੁੱਟਣ ਵਾਲੇ ਤਿੰਨ ਹੋਰ ਕਾਬੂ

**ਜਲੰਧਰ/ਬਿਊਰੋ ਨਿਊਜ਼,** ਐਚਡੀਐਫਸੀ ਬੈਂਕ ਦੀ ਕੈਸ਼ ਵੈਨ ਵਿੱਚੋਂ ਲੁੱਟੀ 1,18,50,000 ਦੀ ਰਕਮ ਵਿੱਚੋਂ ਪੁਲੀਸ ਨੇ 61 ਲੱਖ 69 ਹਜ਼ਾਰ ਰੁਪਏ ਬਰਾਮਦ ਕਰ ਲਏ ਹਨ। ਇਸ ਰਕਮ ਨਾਲ ਪੁਲੀਸ ਨੇ ਤਿੰਨ ਹੋਰ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਹੈ। ਮੁਲਜ਼ਮਾਂ ਕੋਲੋਂ 315 ਬੋਰ ਦਾ ਪਿਸਤੌਲ, 12 ਬੋਰ ਦਾ ਪਿਸਤੌਲ, ਪੰਜ ਕਾਰਤੂਸ ਤੇ ਤਿੰਨ ਮੋਟਰਸਾਈਕਲ ਮਿਲੇ ਹਨ। ਕਾਬੂ ਕੀਤੇ ਮੁਲਜ਼ਮਾਂ ਦੀ ਪਛਾਣ ਮਨੋਜ ਕੁਮਾਰ, ਸਤਿੰਦਰਪਾਲ ਸਿੰਘ ਹੈਪੀ ਤੇ ਸੁਖਦੇਵ ਸਿੰਘ ਸੋਨੂੰ ਵਜੋਂ ਹੋਈ ਹੈ। ਮੁਲਜ਼ਮ ਜਸਕਰਨ ਸਿੰਘ ਨੂੰ ਪੁਲੀਸ ਨੇ ਬੀਤੇ ਦਿਨੀਂ ਕਾਬੂ ਕੀਤਾ ਸੀ ਤੇ ਰਣਜੀਤ ਸਿੰਘ ਨੂੰ ਵਾਰਦਾਤ ਮਗਰੋਂ ਪਿੱਛਾ ਕਰਦਿਆਂ ਫੜ ਲਿਆ ਸੀ।

# ਸੰਤ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਦੀ ਬਰਸੀ ਮਨਾਈ

### *ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਧਾਰਮਿਕ ਸਮਾਗਮ*

**ਸ਼ਿਕਾਗੋ/ਮੱਖਣ ਸਿੰਘ ਕਲੇਰ**

ਸੰਤ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਦੀ ਬਰਸੀ ਸਬੰਧੀ ਇੱਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਅਜੀਤ ਸਿੰਘ ਕੰਗ ਅਤੇ ਸਮੂਹ ਪਰਿਵਾਰ ਵੱਲੋਂ ਸ੍ਰੀ ਆਖੰਡ ਪਾਠ ਸਾਹਿਬ ਸ਼ੁਕਰਵਾਰ 10 ਨਵੰਬਰ ਨੂੰ ਆਰੰਭ ਕਰਵਾਏ ਸਨ ਜਿਨ੍ਹਾਂ ਦੇ ਭੋਗ 12 ਨਵੰਬਰ ਐਤਵਾਰ ਨੂੰ ਪਾਏ ਗਏ। ਉਪਰੰਤ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਨੇ ਸੰਤ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਦੇ ਜੀਵਨ ਪ੍ਰਤੀ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ ਅਤੇ ਗੁਰਦੁਆਰਾ ਸਾਹਿਬ ਦੇ ਕੀਰਤਨੀ ਜਥੇ ਭਾਈ ਰਾਜਿੰਦਰ ਸਿੰਘ ਜਲੰਧਰ





ਵਾਲਿਆਂ ਦੇ ਜਥੇ ਵੱਲੋਂ ਕੀਰਤਨ ਰਾਹੀਂ ਹਾਜ਼ਰੀ ਲਗਵਾਈ। ਲੰਗਰਾਂ ਦੀ ਸੇਵਾ ਅਜੀਤ ਸਿੰਘ ਕੰਗ ਦੇ ਸਮੂਹ ਪਰਿਵਾਰ ਵੱਲੋਂ ਕੀਤੀ ਗਈ । ਐਤਵਾਰ ਦੇ ਦੀਵਾਨ ਵਿਚ ਉਹਾਇਓ ਸਟੇਟ ਤੋਂ ਵਿਸੇਤੌਰ ਤੇ ਬੀਬੀ ਜਸਵੀਰ ਕੌਰ ਪਹੁੰਚੇ ਹੋਏ ਸਨ ਜਿਨ੍ਹਾਂ ਨੇ ਆਪਣੇ ਵਿਚਾਰਾਂ ਦੀ ਸਾਂਝ ਸੰਗਤਾਂ ਨਾਲ ਪਾਈ।

# ਪ੍ਰੀਤੀ ਪਟੇਲ ਨੂੰ ਇਜ਼ਰਾਇਲੀ ਆਗੂਆਂ ਨਾਲ ਗੱਲਬਾਤ ਬਦਲੇ ਦੇਣ ਪਿਆ ਅਸਤੀਫ਼ਾ

**ਲੰਡਨ/ਬਿਊਰੋ ਨਿਊਜ਼:**

ਬ੍ਰਿਟੇਨ 'ਚ ਭਾਰਤੀ ਮੂਲ ਦੀ ਸੱਭ ਤੋਂ ਸੀਨੀਅਰ ਮੰਤਰੀ ਪ੍ਰੀਤੀ ਪਟੇਲ (45 ਸਾਲ) ਨੇ ਕੈਬਨਿਟ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਯਹੂਦੀ ਮੁਲਕ 'ਚ ਛੁੱਟੀਆਂ ਦੌਰਾਨ ਇਸਰਾਇਲੀ ਸਿਆਸਤਦਾਨਾਂ ਨਾਲ ਗ਼ੈਰਅਧਿਕਾਰਤ ਗੁਪਤ ਬੈਠਕਾਂ ਕਰਨ 'ਤੇ ਸਿਆਸੀ ਤੂਫ਼ਾਨ ਖੜ੍ਹਾ ਹੋ ਗਿਆ ਸੀ। ਕੌਮਾਂਤਰੀ ਵਿਕਾਸ ਮੰਤਰੀ ਵਜੋਂ ਪ੍ਰੀਤੀ ਦੀ ਹਾਲਤ ਉਸ ਸਮੇਂ ਹੋਰ ਤਰਸਯੋਗ ਹੋ ਗਈ ਸੀ ਜਦੋਂ ਇਹ ਖ਼ੁਲਾਸਾ ਹੋਇਆ ਕਿ ਉਸ ਨੇ ਇਜ਼ਰਾਇਲੀ ਅਧਿਕਾਰੀਆਂ ਨਾਲ ਦੋ ਹੋਰ ਬੈਠਕਾਂ ਵੀ ਕੀਤੀਆਂ ਸਨ। ਅਫ਼ਰੀਕਾ ਦੇ ਦੌਰੇ ਨੂੰ ਅੱਧ ਵਿਚਾਲੇ



ਛੱਡ ਕੇ ਤਲਬ ਕੀਤੀ ਗਈ ਮੰਤਰੀ ਨੇ ਬੁੱਧਵਾਰ ਰਾਤ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨਾਲ ਬੈਠਕ ਤੋਂ ਬਾਅਦ ਅਸਤੀਫ਼ਾ ਦਿੱਤਾ। ਆਪਣੇ ਅਸਤੀਫ਼ੇ 'ਚ ਪ੍ਰੀਤੀ ਨੇ ਮੁਆਫ਼ੀ ਮੰਗਦਿਆਂ ਕਿਹਾ ਕਿ ਉਸ ਦੀ ਹਰਕਤ ਪਾਰਦਰਸ਼ਿਤਾ ਦੇ ਮਾਪਦੰਡਾਂ 'ਤੇ ਖਰੀ ਨਹੀਂ ਉਤਰਦੀ। ਸੋਮਵਾਰ ਨੂੰ ਮੁਆਫ਼ੀ ਮੰਗਦਿਆਂ ਪ੍ਰੀਤੀ ਨੇ ਕਿਹਾ ਸੀ ਉਸ ਨੇ 'ਜੋਸ਼' 'ਚ ਆ ਕੇ ਅਣਅਧਿਕਾਰਤ ਬੈਠਕਾਂ ਕੀਤੀਆਂ ਸਨ। ਕੈਬਨਿਟ 'ਚੋਂ ਰੁਖ਼ਸਤਗੀ ਨਾਲ ਗੁਜਰਾਤੀ ਮੂਲ ਦੀ ਸੰਸਦ ਮੈਂਬਰ ਦਾ ਉਭਾਰ ਰੁਕ ਗਿਆ ਹੈ ਜਿਸ ਨੂੰ ਅਕਸਰ ਕੰਜ਼ਰਵੇਟਿਵ ਪਾਰਟੀ ਦੇ ਭਵਿੱਖ ਦੇ ਆਗੂ ਅਤੇ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਸਮਝਿਆ ਜਾਂਦਾ ਸੀ। ਬ੍ਰੈਗਜ਼ਿਟ ਦਾ ਜ਼ੋਰਦਾਰ ਸਮਰਥਨ ਕਰਨ ਵਾਲੀ ਪ੍ਰੀਤੀ ਪਟੇਲ ਨੇ ਸਤੰਬਰ 'ਚ ਯੂਕੇ ਸੰਸਦੀ ਕੰਪਲੈਕਸ 'ਚ ਇਸਰਾਈਲ ਦੇ ਜਨਤਕ ਸੁਰੱਖਿਆ ਮੰਤਰੀ ਗਿਲਾਡ ਅਰਡਨ ਅਤੇ ਬਾਅਦ 'ਚ ਉਸੇ ਮਹੀਨੇ ਇਸਰਾਇਲੀ ਵਿਦੇਸ਼ ਮੰਤਰਾਲੇ ਦੇ ਅਧਿਕਾਰੀ ਯੁਵਾਲ ਰੋਟੈਮ ਨਾਲ ਮੁਲਾਕਾਤ ਕੀਤੀ ਸੀ।

ਜ਼ਿਕਰਯੋਗ ਹੈ ਕਿ ਮੰਤਰੀਆਂ ਨੂੰ ਵਿਦੇਸ਼ ਫੇਰੀ ਦੌਰਾਨ ਦੂਜੇ ਮੁਲਕਾਂ ਦੇ ਆਗੂਆਂ ਨਾਲ ਮਲਾਕਾਤ ਸਮੇਂ ਯੂਕੇ ਦੇ ਵਿਦੇਸ਼ ਦਫ਼ਤਰ ਨੂੰ ਜਾਣਕਾਰੀ ਦੇਣੀ ਪੈਂਦੀ ਹੈ ਪਰ ਪ੍ਰੀਤੀ ਪਟੇਲ ਨੇ ਬੈਂਜਾਮਿਨ ਨੇਤਨਯਾਹੂ ਅਤੇ ਹੋਰ ਸਿਆਸੀ ਆਗੂਆਂ ਨਾਲ ਮੁਲਾਕਾਤ ਦੌਰਾਨ ਇਸਰਾਈਲ ਦੇ ਬ੍ਰਿਟਿਸ਼ ਸਫ਼ੀਰਾਂ ਨੂੰ ਇਸ ਬਾਰੇ ਕੋਈ ਸੂਚਨਾ ਨਹੀਂ ਦਿੱਤੀ ਸੀ।

## ਹਿੰਦੂ ਅਮਰੀਕੀ ਹਿੰਦੂ ਆਗੂਆਂ ਨੇ ਦਿੱਤਾ ਸਥਾਨਕ ਸਿਆਸਤ 'ਚ ਸਰਗਰਮੀਆਂ ਵਧਾਉਣ ਦਾ ਸੱਦਾ

**ਵਾਸ਼ਿੰਗਟਨ/ਬਿਊਰੋ ਨਿਊਜ਼,** ਹਾਲ ਹੀ ਵਿੱਚ ਸੂਬਿਆਂ ਅਤੇ ਸਥਾਨਕ ਚੋਣਾਂ ਵਿੱਚ ਖਿੱਤੇ ਦੇ ਕਈ ਮੈਂਬਰਾਂ ਦੇ ਚੁਣੇ ਜਾਣ ਤੋਂ ਉਤਸ਼ਾਹਤ ਹਿੰਦੂ ਅਮਰੀਕੀ ਨੇਤਾ ਦੇਸ਼ ਦੀ ਰਾਜਨੀਤੀ ਵਿੱਚ ਆਪਣੀ ਸਰਗਰਮ ਭਾਈਵਾਲੀ ਦੀ ਅਪੀਲ ਕਰ ਰਹੇ ਹਨ। ਭਾਰਤੀ ਅਮਰੀਕੀ ਕੁਮਾਰ ਭਰਵੇ, ਜਿਸਨੂੰ ਅਮਰੀਕਾ ਦੇ ਕਿਸੇ ਰਾਜ ਦੇ ਵਿਧਾਨ ਮੰਡਲ ਲਈ ਚੁਣੇ ਜਾਣ ਵਾਲੇ ਪਹਿਲੇ ਭਾਰਤੀ ਨੁਮਾਇੰਦਾ ਹੋਣ ਦਾ ਮਾਨ ਹਾਸਲ ਹੈ, ਨੇ ਸਦਨ ਵਿੱਚ ਚਾਰ ਹਿੰਦੂਆਂ ਦੀ ਮੌਜੂਦਗੀ ਅਤੇ ਬੀਤੇ ਹਫ਼ਤੇ ਹੋਈਆਂ ਰਾਜ ਵਿਧਾਨ ਮੰਡਲ ਅਤੇ ਸਥਾਨਕ ਚੋਣਾਂ ਵਿੱਚ ਚੁਣੇ ਗਏ ਲੋਕਾਂ ਦੀ ਮਿਸਾਲ ਦਿੰਦਿਆਂ ਇਹ ਗੱਲ ਕਹੀ। ਉਨ੍ਹਾਂ ਕਿਹਾ ਕਿ ਦਰਜਨਾਂ (ਹਿੰਦੂ ਅਮਰੀਕੀ) ਚੋਣਾਂ ਲੜ ਰਹੇ ਹਨ ਅਤੇ ਸੈਂਕੜੇ ਉਨ੍ਹਾਂ ਦੀ ਰਾਹ 'ਤੇ ਚੱਲ ਰਹੇ ਹਨ। ਮੈਰੀਲੈਂਡ ਰਾਜ ਵਿਧਾਨ ਮੰਡਲ ਦੀ ਮੈਂਬਰ ਅਰੁਣਾ ਮਿਲਰ ਦਾ ਕਹਿਣਾ ਹੈ ਕਿ ਅਮਰੀਕਾ ਚੰਗੇ ਮੌਕੇ ਦੇ ਰਿਹਾ ਹੈ। ਅਗਲੇ ਵਰ੍ਹੇ ਅਮਰੀਕੀ ਪ੍ਰਤੀਨਿਧ ਸਭਾ ਦੀ ਚੋਣ ਲੜਨ ਦੀ ਯੋਜਨਾ ਬਣਾ ਰਹੀ ਅਰੁਣਾ ਨੇ ਕਿਹਾ ਇਹ ਸਮਾਜ ਨੂੰ ਸ਼ਾਂਤੀ ਵੱਲ ਲਿਜਾਣ ਦੀ ਅਹਿਮ



ਜ਼ਿੰਮੇਵਾਰੀ ਦੇ ਰਿਹਾ ਹੈ। ਇਹ ਦੋਵੇਂ ਨੇਤਾ ਅਮਰੀਕੀ ਭਾਰਤੀ ਗੱਠਜੋੜ ਦੀ ਪਹਿਲੀ ਵਰ੍ਹੇਗੰਢ ਸਮਾਗਮ ਦੌਰਾਨ ਬੋਲ ਰਹੇ ਸੀ। ਮੈਰੀਲੈਂਡ ਵਿਧਾਨ ਮੰਡਲ ਅਮਰੀਕੀ ਭਾਰਤੀ ਗੱਠਜੋੜ (ਏਐਚਸੀ) ਦੀ ਪਹਿਲੀ ਵਰ੍ਹੇਗੰਢ ਮਨਾ ਰਿਹਾ ਹੈ। ਗੱਠਜੋੜ ਦੇ ਚੇਅਰਮੈਨ ਸ਼ੇਖਰ ਤਿਵਾਰੀ ਨੇ ਕਿਹਾ,"ਜਿਥੇ ਵੀ ਅਸੀਂ ਹਾਂ, ਸਾਨੂੰ ਰਾਜਨੀਤਕ ਤਾਕਤ ਵੱਡ ਵਧਣਾ ਚਾਹੀਦਾ ਹੈ।

# ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ ਨੂੰ ਕੀਤਾ ਸਿਜਦਾ

### *ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ ਵਲੋਂ ਕਰਮਨ 'ਚ ਵਿਸ਼ੇਸ਼ ਯਾਦਗਾਰੀ ਸਮਾਗਮ*





**ਫਰਿਜ਼ਨੋ/(ਕੁਲਵੰਤ ਧਾਲੀਆਂ/ਨੀਟਾ ਮਾਛੀਕੇ):**

ਭਾਰਤ ਦੀ ਅਜ਼ਾਦੀ ਅਤੇ ਸਮੂੰਹ ਸ਼ਹੀਦਾਂ ਨੂੰ ਸਮਰਪਿਤ ਸੰਸਥਾ ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ, ਕੈਲੀਫੋਰਨੀਆ ਵੱਲੋਂ ਕਰਮਨ ਦੇ ਕਮਿਊਨਟੀ ਸੈਂਟਰ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਨੂੰ ਸਮਰਪਿਤ ਯਾਦਗਾਰੀ ਸਮਾਗਮ ਕਰਵਾਇਆ ਗਿਆ। ਸ਼ੁਰੂਆਤ ਸੰਸਥਾ ਦੇ ਸਕੱਤਰ ਸੁਰਿੰਦਰ ਸਿੰਘ ਮੰਢਾਲੀ ਨੇ ਸਭ ਨੂੰ ਜੀ ਆਇਆ ਕਹਿਣ ਉਪਰੰਤ ਕੀਤੀ। ਉਪਰੰਤ ਕਰਮਨ ਪੰਜਾਬੀ ਸਕੂਲ ਦੇ ਬੱਚੇ ਦਿਲਜੋਤ, ਗਗਨ ਅਤੇ ਸ਼ਿਵਜੀਤ ਨੇ ਸ਼ਬਦ ਗਾਇਨ ਕੀਤੇ। ਇਸ ਤੋਂ ਬਾਅਦ ਸ਼ਹੀਦਾਂ ਨੂੰ ਸਮਰਪਿਤ ਬੋਲਣ ਵਾਲਿਆਂ ਵਿੱਚ ਸੰਸਥਾ ਦੇ ਮੁੱਖ ਮੈਂਬਰ ਗੁਰਦੀਪ ਸਿੰਘ ਅਣਖੀਂ, ਮਹਿੰਦਰ ਸਿੰਘ ਗਰੇਵਾਲ, ਡਾ. ਮਲਕੀਤ ਸਿੰਘ ਕਿੰਗਰਾ, ਪ੍ਰੋਫੈਸਰ ਕੁਲਦੀਪ ਸਿੰਘ ਬੇਦੀ, ਅਮਰੀਕ ਸਿੰਘ ਵਿਰਕ, ਰਾਜ ਧਾਲੀਵਾਲ ਨੇ ਹਾਜ਼ਰੀ ਭਰੀ। ਜਦਕਿ ਬੱਚਿਆਂ ਵੱਲੋਂ ਬੁਲਾਰਿਆਂ ਵਿੱਚ ਰਾਜਵੀਰ ਸਿੰਘ, ਜੱਸੀ ਰਾਏ, ਰੂਬਨ ਸਿੰਘ, ਮਨਵੀਰ ਕੌਰ ਧਾਲੀਵਾਲ, ਆਂਚਲ ਹੇਅਰ, ਸੈਮਵੀਰ ਹੇਅਰ, ਜੱਸੀ ਰਾਏ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਕਵਿਤਾਵਾਂ ਅਤੇ ਇਤਿਹਾਸਕ ਸਾਂਝਾਂ ਪਾਉਂਦੇ ਹੋਏ ਸਰਧਾਜ਼ਲੀ ਦਿੱਤੀ। ਇਸ ਮੌਕੇ ਕਰਮਨ ਪੰਜਾਬੀ ਸਕੂਲ ਦੇ ਬੱਚਿਆਂ ਵੱਲੋਂ ਇਕ ਕੋਰੀਓਗ੍ਰਾਫ਼ੀ ਅਤੇ ਇਕ ਸ਼ਹੀਦੀ ਨਾਟਕ ਗੁਰਪ੍ਰੀਤ ਸਿੰਘ ਗਿੱਲ ਅਤੇ ਗੁਰਦੀਪ ਸਿੰਘ ਨਹਿਲ ਦੀ ਨਿਰਦੇਸ਼ਨਾਂ ਅਧੀਨ ਬੜੀ ਸਫ਼ਲਤਾ ਨਾਲ ਪੇਸ਼ ਕੀਤੇ ਗਏ। ਇਸ ਤੋਂ ਇਲਾਵਾ ਜੀ.ਐਚ.ਜੀ. ਡਾਂਸ ਅਤੇ ਸੰਗੀਤ ਅਕੈਡਮੀਂ ਫਰਿਜ਼ਨੋ ਦੇ ਬੱਚਿਆਂ ਨੇ ਭੰਗੜੇ ਦੇ ਦੋ ਗਰੁੱਪਾਂ ਵਿੱਚ ਪੇਸ਼ਕਾਰੀ ਕੀਤੀ।

ਗਾਇਕਾਂ ਵਿੱਚ ਲੋਕ ਪ੍ਰਸਿੱਧ ਗਾਇਕਾ ਜੋਤ ਰਣਜੀਤ ਨੇ ਸ਼ਹੀਦੀ ਵਾਰਾਂ, ਪੱਪੀ ਭਦੌੜ ਨੇ ਅਜੋਕੇ ਸਿੱਖਾਂ ਦੀ ਗਾਥਾ, ਰਾਜ ਬਰਾੜ ਯਮਲਾ ਅਤੇ ਹਰਜੀਤ ਸਿੰਘ ਮਰਸਿੰਡ ਨੇ ਸ਼ਹੀਦਾਂ ਨਾਲ ਸੰਬੰਧਤ ਇਤਿਹਾਸਕ ਗੀਤ ਗਾਏ।

ਇਸ ਸਮਾਗਮ ਵਿਚ ਹਿੱਸਾ ਲੈਣ ਵਾਲੇ ਬੱਚਿਆਂ ਅਤੇ ਗਾਇਕਾਂ ਦਾ ਸੰਸਥਾ ਵੱਲੋਂ ਸਨਮਾਨ ਕੀਤਾ ਗਿਆ। ਇਸ ਸਮੇਂ ਚਾਹ, ਪਕੌੜੇ, ਮਿਠਾਈਆਂ ਅਤੇ ਜਲੇਬੀਆਂ ਦੇ ਲੰਗਰ ਗੁਰਦੁਆਰਾ ਅਨੰਦਗੜ੍ਹ ਸਾਹਿਬ ਕਰਮਨ ਵੱਲੋਂ ਅਤੁੱਟ ਵਰਤਾਏ ਗਏ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਸੁਰਿੰਦਰ ਮੰਢਾਲੀ ਨੇ ਬਾ-ਖ਼ੂਬੀ ਸਫਲਤਾ ਪੂਰਵਕ ਕੀਤਾ। ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਅਤੇ ਗੁਰਦੁਆਰਾ ਅਨੰਦਗੜ੍ਹ ਸਾਹਿਬ ਕਰਮਨ ਦੇ ਸਮੂੰਹ ਪ੍ਰਬੰਧਕ ਤੇ ਵਰਕਰਾਂ ਦੇ ਸਾਂਝੇ ਯਤਨਾਂ ਸਦਕਾ ਕੀਤਾ ਗਿਆ ਇਹ ਉੱਦਮ ਲੰਮਾ ਸਮਾਂ ਚੇਤਿਆ 'ਚ ਰਹਿਣ ਵਾਲਾ ਲੋਕ ਇਕੱਠ ਹੋ ਨਿਬੜਿਆ।

# ਸਿੱਖ ਧਾਰਮਿਕ ਆਗੂਆਂ ਨਾਲ ਗੱਲ ਕਰਨਾ ਚਾਹੁੰਦੀ ਹੈ ਰਾਸ਼ਟਰੀ ਸਿੱਖ ਸੰਗਤ

### ਜਥੇਦਾਰ ਅਕਾਲ ਤਖ਼ਤ ਗਿਆਨੀ ਗੁਰਬਚਨ ਸਿੰਘ ਤੇ ਹੋਰਨਾਂ ਨੂੰ ਚਿੱਠੀ ਲਿਖ ਕੇ ਮੰਗਿਆ ਸਮਾਂ

**ਅੰਮ੍ਰਿਤਸਰ/ ਨਰਿੰਦਰ ਪਾਲ ਸਿੰਘ:** ਰਾਸ਼ਟਰੀ ਸਿੱਖ ਸੰਗਤ ਨੇ ਗਿਆਨੀ ਗੁਰਬਚਨ ਸਿੰਘ ਸਮੇਤ ਹੋਰਨਾਂ ਜਥੇਦਾਰਾਂ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਇਸ ਸੰਸਥਾ ਵਲੋਂ 25 ਅਕਤੂਬਰ 2017 ਨੂੰ ਦਿੱਲੀ ਵਿਖੇ ਦਸਮੇਸ਼ ਪਿਤਾ ਦਾ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਸੈਮੀਨਾਰ ਕਰਵਾਇਆ ਸੀ। ਹਿੰਦੀ ਵਿੱਚ ਲਿਖੇ ਇਸ ਪੱਤਰ ਵਿਚ ਕਿਹਾ ਗਿਆ ਹੈ ਕਿ ਗਿਆਨੀ ਗੁਰਬਚਨ ਸਿੰਘ ਵੱਲੋਂ ਰਾਸ਼ਟਰੀ ਸਿੱਖ ਸੰਗਤ ਦਾ ਪੱਖ ਸੁਣਨ ਦਾ ਹੁੰਗਾਰਾ ਭਰ ਕੇ ਇਸ ਸੰਸਥਾ ਦੇ ਦਰਦ ਤੇ ਮਲ੍ਹਮ ਲਗਾਇਆ ਹੈ।

2004 ਵਿੱਚ ਅਕਾਲ ਤਖ਼ਤ ਸਾਹਿਬ ਵੱਲੋਂ ਪੰਥ-ਵਿਰੋਧੀ ਤੇ ਪੰਥ-ਦੋਖੀ ਐਲਾਨੀ ਜਥੇਬੰਦੀ ਦੇ ਪ੍ਰਧਾਨ ਗੁਰਚਰਨ ਸਿੰਘ ਗਿੱਲ ਨੇ ਪੱਤਰ ਵਿੱਚ 25 ਅਕਤੂਬਰ 2017 ਨੂੰ ਦਿੱਲੀ ਵਿਖੇ ਰਾਸ਼ਟਰੀ ਸਿੱਖ ਸੰਗਤ ਵਲੋਂ ਕਰਵਾਏ ਸਮਾਗਮ ਬਾਰੇ ਕਿਹਾ ਹੈ ਕਿ ਰਾਸ਼ਟਰੀ ਸਿੱਖ ਸੰਗਤ ਦੇ ਆਗੂ ਗਿਆਨੀ ਗੁਰਬਚਨ ਸਿੰਘ ਤੇ ਹੋਰਨਾਂ ਜਥੇਦਾਰਾਂ ਨੂੰ ਮਿਲ ਕੇ ਸਾਰੇ ਮੁੱਦਿਆਂ ਤੇ ਸਪਸ਼ਟੀਕਰਨ ਦੇਣਾ ਚਾਹੁੰਦੇ ਹਨ।

ਗਿਆਨੀ ਗੁਰਬਚਨ ਸਿੰਘ ਨੂੰ ਸੰਬੋਧਿਤ ਪੱਤਰ ਵਿੱਚ ਲਿਖਆ ਗਿਆ ਹੈ ਕਿ "ਆਪ ਵਲੋਂ ਸਾਡੀ ਸੰਸਥਾ ਨੂੰ ਸੁਣਵਾਈ ਲਈ ਦਿੱਤੇ ਹੁੰਗਾਰੇ ਨੇ ਸਾਡੇ ਦਰਦ ਤੇ ਮਲ੍ਹਮ ਲਗਾਇਆ ਹੈ ਜਿਸ ਲਈ ਅਸੀਂ ਆਪ ਦਾ ਆਭਾਰ ਪ੍ਰਗਟ ਕਰਦੇ ਹਾਂ ਅਸੀਂ ਅਕਾਲ ਤਖਤ ਸਾਹਿਬ ਪ੍ਰਤੀ ਅਥਾਹ ਸਨਮਾਨ ਦਾ ਪ੍ਰਗਟਾਅ ਕਰਦੇ ਹਾਂ ਸਾਡਾ ਸੰਗਠਨ ਗੁਰਬਾਣੀ 'ਤੇ ਅਧਾਰਿਤ ਸਮਰਪਣ ਤੇ ਸਦਭਾਵ ਬਣਾਉਂਦਿਆਂ ਇਕ ਮਜਬੂਤ ਭਾਰਤ ਖੜਾ ਕਰਨਾ ਚਾਹੁੰਦੇ ਹਾਂ ਭਾਰਤ ਵਿੱਚ ਤੇ ਪੰਜਾਬ ਤੋਂ ਬਾਹਰ ਦੂਰ -ਦਰਾਜ ਤੀਕ ਫੈਲੇ ਗੁਰਸਿੱਖਾਂ ਦੀ ਸਮੂਹਿਕ-ਸਮਾਜਿਕ -ਧਾਰਮਿਕ-ਆਰਥਿਕ ਅਤੇ ਸੁਰੱਖਿਆ ਆਦਿ ਵਿਸ਼ਿਆਂ ਵਿੱਚ ਹਮੇਸ਼ਾਂ ਮੋਹਰੀ ਭੂਮਿਕਾ ਨਿਭਾਉਂਦਾ ਰਿਹਾ ਹੈ ਅਤੇ ਪੰਜਾਬ ਤੋਂ ਬਾਹਰ ਸਿੱਖਾਂ ਨੂੰ ਮਾਣ ਸਨਮਾਨ ਨਾਲ ਮੁੜ ਸਥਾਪਿਤ ਕੀਤਾ ਹੈ ਤੇ ਇਸ ਲਈ ਹਮੇਸ਼ਾ ਦ੍ਰਿੜ ਸੰਕਲਪ ਹੈ ।ਅਸੀਂ ਇਹ ਵੀ ਸਪਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਸੰਗਤ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਪ੍ਰੰਪਰਾ ਦੀ ਹੀ ਹੈ ।ਉਸੇ ਸੰਗਤ ਦੇ ਨਿਮਾਣੇ ਦਾਸ ਬਣਕੇ ਪੂਰੇ ਭਾਰਤ ਵਿੱਚ ਉਨ੍ਹਾਂ ਦੀ ਸੇਵਾ ਵਿੱਚ ਕੁਝ ਭੂਮਿਕਾ ਨਿਭਾਉਣਾ ਚਾਹੁੰਦੇ ਹਾਂ ਇਸ ਲਈ ਸੰਸਥਾ ਦਾ ਨਾਮ ਰਾਸ਼ਟਰੀ ਸਿੱਖ ਸੰਗਤ ਰੱਖਿਆ ਗਿਆ ਹੈ ।ਸਿੱਖ ਸੰਗਤ ਨੂੰ ਇਕ ਮੁਲਕ ਤੀਕ ਸੀਮਤ ਕਰਨਾ ਉਚਿਤ ਨਹੀ ਹੈ ਲੇਕਿਨ ਸਾਡਾ ਕਾਰਜ ਖੇਤਰ ਭਾਰਤ ਹੋਣ ਕਾਰਣ ਸੰਸਥਾ ਦੇ ਨਾਮ ਨਾਲ ਸ਼ਬਦ ਰਾਸ਼ਟਰੀ ਜੋੜਿਆ ਗਿਆ ਹੈ। ਜਿਸ ਤਰਾਂ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਦੁਆਰਾ ਨੈਸ਼ਨਲ ਸਿੱਖ ਫੋਰਮ ਨਾਮੀ ਸੰਸਥਾ ਬਣਾਈ ਗਈ ਸੀ ।ਇਥੇ ਇਹ ਵੀ ਵਰਨਣ ਯੋਗ ਹੈ ਕਿ ਸੰਸਥਾ ਵਲੋਂ 25 ਅਕਤੂਬਰ 2017



ਡਾ. ਅਵਤਾਰ ਸਿੰਘ ਸ਼ਾਸਤਰੀ

ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਪਰਕਾਸ਼ ਪੁਰਬ ਨਹੀ ਮਨਾਇਆ ਗਿਆ ਬਲਕਿ ਸਾਰੇ ਦੇਸ਼ ਅੰਦਰ ਮਨਾਏ ਜਾ ਰਹੇ ਸਮਾਗਮਾਂ ਦੀ ਲੜੀ ਤਹਿਤ ,ਉਨ੍ਹਾਂ ਦੇ 350 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਸਮਗਾਮ ਅਯੋਜਿਤ ਕੀਤਾ ਗਿਆ ਸੀ ਜਿਸ ਵਿੱਚ ਗੁਰੂ ਸਾਹਿਬ ਦਾ ਗੁਣਗਾਨ ਕੀਤਾ ਗਿਆ ਸੀ ।ਸਟੇਡੀਅਮ ਵਿੱਚ ਕੁਰਸੀਆਂ ਲੱਗੀਆਂ ਹੋਣ ਕਾਰਣ ਅਤੇ ਕੁਰਸੀਆਂ ਉਚੇ ਸਥਾਨ ਤੇ ਹੋਣ ਕਾਰਣ ,ਮਰਿਆਦਾ ਨੂੰ ਧਿਆਨ ਵਿੱਚ ਰੱਖਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀ ਕੀਤਾ ਗਿਆ ਸੀ ਸਾਡੇ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਤਿੰਨ ਕਿਸਮ ਦੇ ਸਮਾਗਮ ਕਰਵਾਏ ਗਏ ਹਨ ,ਇੱਕ ਉਹ ਜੋ ਸਕੂਲਾਂ ਵਿੱਚ ਬੱਚਿਆਂ ਨੂੰ ਸੰਬੋਧਤ ਸਨ ,ਦੂਸਰੇ ਉਹ ਜੋ ਵਿਚਾਰ ਗੋਸ਼ਟੀ ਦੇ ਰੂਪ ਵਿੱਚ ਵੱਖ ਵੱਖ ਬੁਲਾਰਿਆਂ ਵਲੋਂ ਗੁਰੂ ਸਾਹਿਬ ਦੇ ਜੀਵਨ ਦੇ ਵੱਖ ਵੱਖ ਪਹਿਲੂਆਂ ਬਾਰੇ ਵਿਚਾਰ ਪ੍ਰਗਟ ਕਰਨੇ ।ਇਨਾਂ ਦੋਨਾਂ ਕਿਸਮ ਦੇ ਸਮਾਗਮਾਂ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਨਹੀ ਹੁੰਦਾ ।ਤੀਸਰੇ ਉਹ ਵੱਡੇ ਸਮਾਗਮ ਹਨ ਜਿਸ ਵਿੱਚ ਸਮਾਜ ਦੇ ਸਭ ਵਰਗਾਂ ਦੀ ਸ਼ਮੂਲੀਅਤ ਹੁੰਦੀ ਹੈ ।ਐਸੇ ਸਮਾਗਮ ਜੁਗੋ ਜੁਗ ਅੱਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਹਜੂਰੀ ਵਿੱਚ ਕੀਤੇ ਗਏ ਹਨ। ਇਨ੍ਹਾਂ ਸਾਰੇ ਹਾਲਾਤਾਂ ਤੇ ਤੱਥਾਂ ਦੇ ਅਧਾਰ ਤੇ ਮੈਂ ਆਪ ਜੀ ਦੇ ਮਾਧਿਅਮ ਸਾਰੇ ਸਿੱਖ ਜਗਤ ਦੇ ਸਾਹਮਣੇ ਰੱਖਣ ਲਈ ਇਹ ਪਤਰ ਲਿਖ ਰਿਹਾ ਹਾਂ ।ਜਿਸ ਵਿੱਚ ਸੰਖੇਪ ਵਿੱਚ ਕੁਝ ਵਿਚਾਰ ਰੱਖੇ ਗਏ ਹਨ ।ਵਿਸਥਾਰ ਆਪ ਜੀ ਦੇ ਦਰਸ਼ਨ ਕਰਨ ਮੌਕੇ ਬੇਨਤੀ ਰੂਪ ਵਿੱਚ ਦੱਸਿਆ ਜਾਵੇਗਾ।ਇਸ ਪੱਤਰ ਦੀਆਂ ਚਾਰ ਕਾਪੀਆਂ ਚਾਰ ਤਖਤ ਸਾਹਿਬਾਨ ਦੇ ਸਤਿਕਾਰਯੋਗ ਜਥੇਦਾਰ ਸਾਹਿਬਾਨ ਨੂੰ ਭੇਜੀਆਂ ਗਈਆਂ ਹਨ"।

ਰਾਸ਼ਟਰੀ ਸਿੱਖ ਸੰਗਤ ਵਲੋਂ ਜਥੇਦਾਰਾਂ ਨੂੰ ਲਿਖੇ ਪੱਤਰ ਨੂੰ ਸੰਸਥਾ ਦੇ ਜਨਰਲ ਸਕੱਤਰ ਅਵਤਾਰ ਸਿੰਘ ਸ਼ਾਸਤਰੀ ਨੇ ਮੀਡੀਆ ਲਈ ਰਲੀਜ ਕੀਤਾ ਹੈ।

ਜ਼ਿਕਰਯੋਗ ਹੈ ਕਿ 25 ਅਕਤੂਬਰ, 2017 ਨੂੰ ਕਰਵਾਏ ਗਏ ਸਮਾਗਮ ਵਿਚ ਹਿੰਦੂਤਵੀ ਝੁਕਾਅ ਵਾਲੀ ਇਸ ਜਥੇਬੰਦੀ ਅਤੇ ਇਸ ਦੀ ਮਾਂ-ਜਥੇਬੰਦੀ ਰਾਸ਼ਟਰੀ ਸਵੈਸੇਵਕ ਸੰਘ ਨੇ ਗੁਰੂ ਸਾਹਿਬਾਨ ਦੇ ਬਿੰਬ ਨੂੰ ਛੁਟਿਆਉਣ ਵਾਲਾ ਪ੍ਰਚਾਰ ਜਾਰੀ ਰੱਖਿਆ ਸੀ।

## ਐਸ.ਪੀ. ਸਲਵਿੰਦਰ ਸਿੰਘ ਨੂੰ ਨੌਕਰੀਓਂ ਹਟਾਇਆ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਸਰਕਾਰ ਨੇ ਵਿਵਾਦਾਂ ਵਿੱਚ ਘਿਰੇ ਐਸ.ਪੀ. ਸਲਵਿੰਦਰ ਸਿੰਘ ਨੂੰ ਜਬਰੀ ਸੇਵਾਮੁਕਤ ਕਰ ਦਿੱਤਾ ਹੈ। ਉਹ ਬਲਾਤਕਾਰ ਦੇ ਦੋ ਕੇਸਾਂ ਵਿੱਚ ਮੁਲਜ਼ਮ ਹੈ ਅਤੇ ਉਸ ਵਿਰੁੱਧ ਵੱਖ ਵੱਖ ਮਾਮਲਿਆਂ ਵਿੱਚ ਪੰਜ ਚਾਰਜਸ਼ੀਟਾਂ ਦਾਇਰ ਹਨ। ਪੰਜਾਬ ਸਰਕਾਰ ਨੇ



ਐਸ.ਪੀ. ਅਤੇ ਉਸ ਤੋਂ ਉਪਰਲੇ ਰੈਂਕ ਵਾਲੇ ਪੁਲੀਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕਰਨ ਲਈ ਮੁੱਖ ਸਕੱਤਰ ਦੀ ਅਗਵਾਈ ਹੇਠ ਛੇ ਮੈਂਬਰੀ ਕਮੇਟੀ ਬਣਾਈ ਹੋਈ ਹੈ। ਇਸ ਕਮੇਟੀ ਦੀ ਮੀਟਿੰਗ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਦੀ ਪ੍ਰਧਾਨਗੀ ਹੇਠ ਅੱਜ ਹੋਈ, ਜਿਸ ਵਿੱਚ ਐਸ.ਪੀ. ਸਲਵਿੰਦਰ ਸਿੰਘ ਨੂੰ ਜਬਰੀ ਸੇਵਾਮੁਕਤ ਕਰਨ ਦਾ ਫੈਸਲਾ ਕੀਤਾ ਗਿਆ। ਪਿਛਲੇ ਸਾਲ ਪਠਾਨਕੋਟ ਏਅਰਬੇਸ ਉਤੇ ਅਤਿਵਾਦੀ ਹਮਲੇ ਸਮੇਂ ਸਲਵਿੰਦਰ ਸਿੰਘ (53) ਚਰਚਾ ਵਿੱਚ ਆਇਆ ਸੀ। ਇਸ ਅਧਿਕਾਰੀ ਨੇ ਉਸ ਵੇਲੇ ਕਿਹਾ ਸੀ ਕਿ ਉਸ ਨੂੰ ਪਾਕਿਸਤਾਨੀ ਅਤਿਵਾਦੀਆਂ ਨੇ ਅਗਵਾ ਕਰ ਲਿਆ ਸੀ। ਇਸ ਮਾਮਲੇ ਵਿੱਚ ਕੌਮੀ ਜਾਂਚ ਏਜੰਸੀ (ਐਨਆਈਏ) ਨੇ ਸਲਵਿੰਦਰ ਸਿੰਘ ਕੋਲੋਂ ਪੁੱਛ-ਪੜਤਾਲ ਕੀਤੀ ਸੀ ਪਰ ਅਜੇ ਤੱਕ ਏਜੰਸੀ ਦੀ ਪੂਰੀ ਰਿਪੋਰਟ ਸਾਹਮਣੇ ਨਹੀਂ ਆ ਸਕੀ।

## ਸੁਖਪਾਲ ਖਹਿਰਾ ਖ਼ਿਲਾਫ਼ ਡਰੱਗ ਮਾਮਲੇ 'ਚ ਹਾਈ ਕੋਰਟ ਨੇ ਫੈਸਲਾ ਰੱਖਿਆ ਰਾਖਵਾਂ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 'ਆਪ' ਵਿਧਾਇਕ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਖਹਿਰਾ ਵੱਲੋਂ ਦਾਖ਼ਲ ਅਰਜ਼ੀ 'ਤੇ ਆਪਣਾ ਫੈਸਲਾ ਰਾਖਵਾਂ ਰਖ ਲਿਆ। ਖਹਿਰਾ ਨੇ ਫਾਜ਼ਿਲਕਾ ਅਦਾਲਤ ਵੱਲੋਂ ਡਰੱਗ ਮਾਮਲੇ ਵਿਚ ਉਨ੍ਹਾਂ ਨੂੰ ਜਾਰੀ ਕੀਤੇ ਸੰਮਨਾਂ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਹੈ। ਜਸਟਿਸ ਏ ਬੀ ਚੌਧਰੀ 'ਤੇ ਅਧਾਰਤ ਇਕ ਮੈਂਬਰੀ ਬੈਂਚ ਨੇ ਪਟੀਸ਼ਨਰ ਅਤੇ ਸਰਕਾਰੀ ਵਕੀਲ ਦੀਆਂ ਦਲੀਲਾਂ ਸੁਣੀਆਂ।



ਖਹਿਰਾ ਦੇ ਵਕੀਲ ਮਹਿਤਾਬ ਖਹਿਰਾ ਨੇ ਅਦਾਲਤ ਦੀ ਸੁਣਵਾਈ ਤੋਂ ਬਾਅਦ ਮੀਡੀਆ ਨੂੰ ਦੱਸਿਆ ਕਿ ਹਾਈ ਕੋਰਟ ਨੇ ਇਸ ਮਾਮਲੇ 'ਤੇ ਆਪਣਾ ਫੈਸਲਾ ਰਾਖਵਾਂ ਰਖ ਲਿਆ ਹੈ। ਜ਼ਿਕਰਯੋਗ ਹੈ ਕਿ ਪਿਛਲੀ ਸੁਣਵਾਈ ਦੌਰਾਨ ਹਾਈ ਕੋਰਟ ਨੇ ਫਾਜ਼ਿਲਕਾ ਅਦਾਲਤ ਵੱਲੋਂ ਖਹਿਰਾ ਖ਼ਿਲਾਫ਼ ਜਾਰੀ ਕੀਤੇ ਗੈਰਜ਼ਮਾਨਤੀ ਵਾਰੰਟਾਂ 'ਤੇ ਰੋਕ ਲਾ ਦਿੱਤੀ ਸੀ। ਖਹਿਰਾ ਨੇ ਫਾਜ਼ਿਲਕਾ ਅਦਾਲਤ ਦੇ ਹੁਕਮਾਂ ਖ਼ਿਲਾਫ਼ 3 ਨਵੰਬਰ ਨੂੰ ਹਾਈ ਕੋਰਟ ਵਿੱਚ ਪਹੁੰਚ ਕੀਤੀ ਸੀ। ਆਪਣੀ ਪਟੀਸ਼ਨ ਵਿੱਚ ਖਹਿਰਾ ਨੇ ਕਿਹਾ ਸੀ ਕਿ ਉਸ ਨੂੰ ਡਰੱਗ ਮਾਮਲੇ ਵਿੱਚ ਮੁਲਜ਼ਮ ਬਣਾ ਕੇ ਉਸ ਦੇ ਵਕਾਰ ਨੂੰ ਢਾਹ ਲਾਉਣ ਦੀ ਸਾਜ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਹੈ ਕਿ ਜਦੋਂ ਹੇਠਲੀ ਅਦਾਲਤ ਨੇ ਕੇਸ ਨਿਪਟਾ ਲਿਆ ਹੈ ਅਤੇ ਮੁਲਜ਼ਮਾਂ ਨੂੰ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ ਤਾਂ ਉਸ ਨੂੰ ਹੁਣ ਸੰਮਨ ਕਿਉਂ ਭੇਜੇ ਜਾ ਰਹੇ ਹਨ। ਦੱਸਣਯੋਗ ਹੈ ਕਿ ਫਾਜ਼ਿਲਕਾ ਅਦਾਲਤ ਨੇ 31 ਅਕਤੂਬਰ ਨੂੰ ਖਹਿਰਾ ਨੂੰ 30 ਨਵੰਬਰ ਲਈ ਧਾਰਾ 319 ਤਹਿਤ ਸੰਮਨ ਜਾਰੀ ਕੀਤੇ ਸੀ। ਅਦਾਲਤ ਨੇ 2015 ਦੇ ਸਰਹੱਦ ਪਾਰੋਂ ਹੈਰੋਇਨ ਤਸਕਰੀ ਮਾਮਲੇ ਵਿੱਚ ਨੌਂ ਵਿਅਕਤੀਆਂ ਨੂੰ ਦੋਸ਼ੀ ਠਹਿਰਾਉਂਦਿਆਂ ਕੈਦ ਦੀ ਸਜ਼ਾ ਸੁਣਾਈ ਸੀ।

# ਅੜੀਅਲ ਕੈਪਟਨ ਦੀ ਕੋਰੀ ਤੇ ਕੌੜੀ ਨਾਂਹ

### ਕਿਹਾ: ਕੇਜਰੀਵਾਲ ਨਾਲ ਮੀਟਿੰਗ ਨਹੀਂ ਕਰਨੀ

**ਚੰਡੀਗੜ੍ਹ/ਬਿਊਰੋ ਨਿਊਜ਼,** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੇਸ਼ ਦੇ ਉੱਤਰੀ ਰਾਜਾਂ ਵਿੱਚ ਧੂੰਏਂ ਅਤੇ ਧੁੰਦ ਕਰਕੇ ਆਮ ਜਨਜੀਵਨ ਵਿੱਚ ਵਿਘਨ ਪੈਣ ਦੇ ਮੁੱਦੇ 'ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਮੀਟਿੰਗ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ ਹੈ। ਕੈਪਟਨ ਨੇ ਆਪਣੇ ਹਮਰੁਤਬਾ ਨੂੰ ਸੁਝਾਅ ਦਿੱਤਾ ਹੈ ਕਿ ਉਹ ਇਸ ਗੰਭੀਰ ਮੁੱਦੇ 'ਤੇ ਰਾਜਨੀਤੀ ਕਰਨ ਤੋਂ ਗੁਰੇਜ਼ ਕਰਨ। ਉਨ੍ਹਾਂ ਕਿਹਾ ਕਿ ਕੇਂਦਰ ਦੇ ਦਖ਼ਲ ਤੋਂ ਬਿਨਾਂ ਇਸ ਸਮੱਸਿਆ ਦਾ ਹੱਲ ਸੰਭਵ ਨਹੀਂ ਹੈ।

ਗੌਰਤਲਬ ਹੈ ਕਿ ਦਿੱਲੀ ਦੇ ਮੁੱਖ ਮੰਤਰੀ ਦੀ ਭਲਕੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨਾਲ ਝੋਨੇ ਦੀ ਪਰਾਲੀ ਸਾੜਨ ਕਰ ਕੇ ਪੈਦਾ ਹੋਏ ਧੂੰਏਂ ਦੀ ਸਮੱਸਿਆ ਦੇ ਹੱਲ ਲਈ ਚੰਡੀਗੜ੍ਹ ਵਿੱਚ ਮੀਟਿੰਗ ਹੋਣੀ ਹੈ। ਸ੍ਰੀ ਕੇਜਰੀਵਾਲ ਇਸ ਮੁੱਦੇ 'ਤੇ ਪੰਜਾਬ ਦੇ ਆਪਣੇ ਹਮਰੁਤਬਾ ਨੂੰ ਵੀ ਮਿਲਣਾ ਚਾਹੁੰਦੇ ਸਨ, ਪਰ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਇਹ ਸਮੱਸਿਆ ਕੇਂਦਰ ਸਰਕਾਰ ਦੇ ਦਖਲ ਤੋਂ ਬਿਨਾਂ ਹੱਲ ਨਹੀਂ ਹੋ ਸਕਦੀ। ਲਿਹਾਜ਼ਾ ਕੇਂਦਰ ਸਰਕਾਰ ਨੂੰ ਪੰਜਾਬ, ਦਿੱਲੀ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਸੱਦਣੀ ਚਾਹੀਦੀ ਹੈ। ਇਸ ਸਿਲਸਿਲੇ ਵਿੱਚ ਪੰਜਾਬ ਦੇ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਹੈ। ਮੁੱਖ ਮੰਤਰੀ ਦਾ ਤਰਕ ਹੈ ਕਿ ਇਸ ਮਸਲੇ ਨੂੰ ਹੱਲ ਕਰਨ ਲਈ ਦਿੱਲੀ ਦੇ ਮੁੱਖ ਮੰਤਰੀ ਕੋਲ ਕੋਈ ਤਾਕਤ ਨਹੀਂ ਹੈ ਤੇ ਉਹ ਦਿੱਲੀ ਵਿੱਚ ਇਸ ਸਮੱਸਿਆ ਨੂੰ ਹੱਲ ਕਰਨ ਵਿੱਚ ਨਾਕਾਮ ਰਹੇ ਹਨ ਤੇ ਹੁਣ ਮਹਿਜ਼ ਬਿਆਨਬਾਜ਼ੀ ਨਾਲ ਹੀ ਕੰਮ ਚਲਾਉਣਾ ਚਾਹੁੰਦੇ ਹਨ। ਪੰਜਾਬ ਸਰਕਾਰ ਦਾ ਤਰਕ ਹੈ ਕਿ ਇਸ ਮੁੱਦੇ 'ਤੇ ਕੌਮੀ ਗਰੀਨ ਟ੍ਰਿਬਿਊਨਲ ਤੇ ਸੁਪਰੀਮ ਕੋਰਟ ਵਿੱਚ ਮਾਮਲੇ ਪਹਿਲਾਂ ਹੀ ਵਿਚਾਰ ਅਧੀਨ ਹਨ ਤੇ ਆਸ ਹੈ ਕਿ ਸਿਖਰਲੀ ਅਦਾਲਤ ਇਸ ਮੁੱਦੇ ਦਾ ਸਥਾਈ ਹੱਲ ਕਰਨ ਵਿੱਚ ਸਫਲ ਹੋ ਜਾਵੇਗੀ।

## ਅਮਰਿੰਦਰ ਸਿੰਘ ਨੇ ਚੋਣਵੇਂ ਪੁਲਿਸ ਅਧਿਕਾਰੀਆਂ ਨੂੰ ਥਾਪੜੇ ਲਈ ਪ੍ਰੋਸਿਆ ਸ਼ਾਹੀ ਭੋਜ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਅਮਰਿੰਦਰ ਸਿੰਘ ਵਲੋਂ ਪੰਜਾਬ ਪੁਲਿਸ ਦੇ ਚੋਣਵੇਂ ਅਧਿਕਾਰੀਆਂ ਨੂੰ ਚੰਡੀਗੜ੍ਹ ਵਿਚਲੀ ਆਪਣੀ ਰਿਹਾਇਸ਼ 'ਤੇ ਐਤਵਾਰ ਰਾਤੀਂ (12 ਨਵੰਬਰ) ਨੂੰ ਖਾਣੇ 'ਤੇ ਸੱਦਿਆ ਗਿਆ। ਇਸ ਮੌਕੇ ਅਮਰਿੰਦਰ ਸਿੰਘ ਨੇ ਹਾਲ ਹੀ 'ਚ ਹੋਈਆਂ ਸਿੱਖਾਂ ਦੀਆਂ ਗ੍ਰਿਫਤਾਰੀਆਂ ਨੂੰ "ਸ਼ਾਨਦਾਰ" ਕੰਮ ਦੱਸਦੇ ਹੋਏ ਉਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਸਨਮਾਨਿਤ ਕਰਨ ਤੇ ਇਨਾਮ ਦੇਣ ਲਈ ਰਾਜ ਦੇ ਗ੍ਰਹਿ ਤੇ ਪੁਲਿਸ ਵਿਭਾਗ ਨੂੰ ਇਕ "ਵਿਸ਼ੇਸ਼ ਯੋਜਨਾ" ਬਣਾਉਣ ਲਈ ਕਿਹਾ ਹੈ।

80 ਦੇ ਕਰੀਬ ਚੋਣਵੇਂ ਪੁਲਿਸ ਅਧਿਕਾਰੀਆਂ ਨੂੰ ਦਿੱਤੇ ਗਏ ਰਾਤ ਦੇ ਖਾਣੇ, ਜਿਸ 'ਚ ਰਾਜ ਦੀ ਪੁਲਿਸ ਤੇ ਗ੍ਰਹਿ ਵਿਭਾਗ ਦੇ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ, ਦੌਰਾਨ ਮੁੱਖ ਮੰਤਰੀ ਵਲੋਂ ਇਨ੍ਹਾਂ ਸਾਰੇ ਪੁਲਿਸ ਅਧਿਕਾਰੀਆਂ ਨਾਲ ਮੁਲਾਕਾਤ ਕਰਦਿਆਂ ਹਾਲ ਹੀ 'ਚ ਹੋਈਆਂ ਗ੍ਰਿਫਤਾਰੀਆਂ ਲਈ ਉਨ੍ਹਾਂ ਦੇ ਕੰਮ ਦੀ "ਸ਼ਲਾਘਾ" ਕੀਤੀ।

ਵਿਸ਼ੇਸ਼ ਖਾਣੇ, ਜਿਸ 'ਚ ਆਈ. ਜੀ. ਖੁਫ਼ੀਆ ਅਮਿਤ ਪ੍ਰਸਾਦ, ਡੀ.ਆਈ.ਜੀ. ਰਣਬੀਰ ਸਿੰਘ ਖੱਟੜਾ, ਮੋਗਾ ਦੇ ਐਸ.ਐਸ.ਪੀ. ਰਾਜਜੀਤ ਸਿੰਘ, ਬਟਾਲਾ ਦੇ ਐਸ.ਐਸ.ਪੀ. ਉਪਿੰਦਰਜੀਤ ਸਿੰਘ ਘੁੰਮਣ, ਖੰਨਾ ਦੇ ਐਸ.ਐਸ.ਪੀ. ਨਵਜੋਤ ਸਿੰਘ ਮਾਹਲ, ਐਸ.ਪੀ. ਰਜਿੰਦਰ ਸਿੰਘ, ਐਸ.ਪੀ. ਵਜ਼ੀਰ ਸਿੰਘ, ਡੀ.ਐਸ.ਪੀ. ਸੁਲੱਖਣ ਸਿੰਘ, ਅਤੇ ਸਰਬਜੀਤ ਸਿੰਘ ਅਤੇ ਇੰਸਪੈਕਟਰ ਸੀ.ਆਈ.ਏ. ਮੋਗਾ ਤੇ ਖੰਨਾ ਕਿੱਕਰ ਸਿੰਘ ਤੇ ਅਜੀਤਪਾਲ ਸਿੰਘ ਸ਼ਾਮਿਲ ਸਨ, ਮੌਕੇ ਪੁਲੀਸ ਅਫ਼ਸਰਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਰਾਜ ਸਰਕਾਰ ਪੁਲਿਸ ਮੁਲਾਜ਼ਮਾਂ ਦੀ ਭਲਾਈ ਲਈ ਵਚਨਬੱਧ ਹੈ।

# ਪੰਜਾਬ ਦੀਆਂ ਤਾਂ ਹੁਣ ਜੇਲ੍ਹਾਂ ਵੀ ਸੁਰੱਖਿਅਤ ਨਹੀਂ

**ਚੰਡੀਗੜ੍ਹ/ਬਿਊਰੋ ਨਿਊਜ਼,** ਪੰਜਾਬ ਦੀਆਂ ਜੇਲ੍ਹਾਂ ਹੁਣ ਸੁਰੱਖਿਅਤ ਨਹੀਂ ਰਹੀਆਂ। ਜੇਲ੍ਹ ਅਧਿਕਾਰੀਆਂ ਵੱਲੋਂ ਔਸਤਨ ਮਹੀਨੇ ਵਿੱਚ ਪੰਜ ਵਾਰੀ ਪਾਬੰਦੀਸ਼ੁਦਾ ਸਾਮਾਨ ਬਰਾਮਦ ਕੀਤਾ ਜਾਂਦਾ ਹੈ ਜੋ ਜੇਲ੍ਹਾਂ ਵਿੱਚ ਬਾਹਰੋਂ ਸੁੱਟਿਆ ਜਾਂਦਾ ਹੈ। ਇਸ ਨੂੰ ਦੇਖਦਿਆਂ ਸੁਰੱਖਿਆ ਦੇ ਮੱਦੇਨਜ਼ਰ ਪੰਜਾਬ ਹਰਿਆਣਾ ਹਾਈ ਕੋਰਟ ਦੇ ਜਸਟਿਸ ਰਾਜਨ ਗੁਪਤਾ ਨੇ ਸੂਬਾ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ ਉਹ ਸਪਸ਼ਟ ਕਰੇ ਕਿ ਗੁਰਦਾਸਪੁਰ, ਹੁਸ਼ਿਆਰਪੁਰ, ਲੁਧਿਆਣਾ ਅਤੇ ਫਿਰੋਜ਼ਪੁਰ ਦੀਆਂ ਜੇਲ੍ਹਾਂ ਨੂੰ ਰਿਹਾਇਸ਼ੀ ਇਲਾਕਿਆਂ ਤੋਂ ਤਬਦੀਲ ਕਰਨ ਲਈ ਨਿਰਧਾਰਤ ਸਮਾਂ ਸੀਮਾ ਤੈਅ ਕੀਤੀ ਗਈ ਹੈ ਕਿ ਨਹੀਂ।

ਜਸਟਿਸ ਗੁਪਤਾ ਨੇ ਸਰਕਾਰ ਨੂੰ ਹਦਾਇਤ ਕੀਤੀ ਹੈ ਉਹ ਇਕ ਜੁਆਇੰਟ ਸਕੱਤਰ ਰੈਂਕ ਦੇ ਅਧਿਕਾਰੀ ਨੂੰ ਸਰਕਾਰੀ ਪ੍ਰਤੀਨਿਧ ਵਜੋਂ ਨਿਯੁਕਤ ਕਰੇ ਜੋ ਮਾਮਲੇ ਦੀ ਅਗਲੀ ਸੁਣਵਾਈ ਦੌਰਾਨ ਅਦਾਲਤ ਵਿੱਚ ਹਾਜ਼ਰ ਰਹੇ। ਅਦਾਲਤ ਦੇ ਇਹ ਹੁਕਮ ਉਦੋਂ ਆਏ ਹਨ ਜਦੋਂ ਜੇਲ੍ਹਾਂ ਵਿੱਚ ਮੋਬਾਈਲ ਫੋਨਾਂ ਅਤੇ ਪਾਬੰਦੀਸ਼ੁਦਾ ਸਾਮਾਨ ਦੀ ਬਰਾਮਦਗੀ ਨੇ ਜੇਲ੍ਹ ਪ੍ਰਸ਼ਾਸਨ ਦੀ ਨੀਂਦ ਉਡਾ ਦਿੱਤੀ ਹੈ। ਡੀਜੀਪੀ ਸੁਰੇਸ਼ ਅਰੋੜਾ ਨੇ ਜੇਲ੍ਹਾਂ ਵਿੱਚ ਮੋਬਾਈਲ ਫੋਨਾਂ ਦੀ ਵਰਤੋਂ 'ਤੇ ਚਿੰਤਾ ਜ਼ਾਹਿਰ ਕਰਦਿਆਂ ਹਾਲ ਹੀ ਵਿੱਚ ਇਸ ਮੁੱਦਾ ਸਰਕਾਰ ਕੋਲ ਉਠਾਇਆ ਸੀ। ਵਕੀਲ ਤਨੂ ਬੇਦੀ ਰਾਹੀਂ ਰਾਜੇਸ਼ ਕੁਮਾਰ ਅਤੇ ਹੋਰਨਾਂ ਵੱਲੋਂ ਦਾਖਲ ਪਟੀਸ਼ਨ ਵਿੱਚ ਸ਼ਿਕਾਇਤਕਰਤਾਵਾਂ ਨੇ ਬੈਂਚ ਨੂੰ ਦੱਸਿਆ ਕਿ ਗੁਰਦਾਸਪੁਰ ਕੇਂਦਰੀ ਜੇਲ੍ਹ ਗੁਰਦਾਸਪੁਰ ਸ਼ਹਿਰ ਦੇ ਮੱਧ ਵਿੱਚ ਸਥਿਤ ਹੈ। ਪੰਜ ਵਰ੍ਹੇ ਪਹਿਲਾਂ ਪੁੱਡਾ ਨੇ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਬਾਹਰੀ ਖੇਤਰ ਜਿਸ ਵਿੱਚ ਖੇਤੀਯੋਗ ਜ਼ਮੀਨ ਵੀ ਸ਼ਾਮਲ ਸੀ ਐਕੁਆਇਰ ਕਰ ਲਈ ਸੀ। ਇਸ ਤੋਂ ਬਾਅਦ ਪੁੱਡਾ ਨੇ ਸਬੰਧਤ ਥਾਂ 'ਤੇ ਜੇਲ੍ਹ ਦੇ ਆਲੇ ਦੁਆਲੇ ਰਿਹਾਇਸ਼ੀ ਕਲੋਨੀ ਉਸਾਰ ਦਿੱਤੀ। ਜ਼ਿਕਰਯੋਗ ਹੈ ਕਿ ਕਲੋਨੀ ਦੀਆਂ ਸੜਕਾਂ ਜੇਲ੍ਹ ਦੀਆਂ ਬਾਹਰੀ ਸੁਰੱਖਿਆ ਕੰਧਾਂ ਨਾਲ ਲਗਦੀਆਂ ਹਨ। ਡਿਪਟੀ ਇੰਸਪੈਕਟਰ ਜਨਰਲ ਜੇਲ੍ਹ ਲਖਮਿੰਦਰ ਸਿੰਘ ਜਾਖੜ ਨੇ ਕਿਹਾ ਕਿ ਇਸ ਕਾਰਨ ਅਸਮਾਜਿਕ ਤੱਤ ਤੇ ਅਪਰਾਧਕ ਬਿਰਤੀ ਦੇ ਲੋਕਾਂ ਲਈ ਜੇਲ੍ਹਾਂ ਵਿੱਚ ਸਾਮਾਨ ਸੁੱਟਣਾ ਆਸਾਨ ਹੋ ਗਿਆ ਹੈ। ਉਨ੍ਹਾਂ ਦੇ ਦਫ਼ਤਰ ਨੇ ਇਹ ਮਾਮਲਾ ਪੰਜਾਬ ਦੇ ਵਧੀਕ ਚੀਫ ਸਕੱਤਰ, ਗ੍ਰਹਿ ਵਿਭਾਗ ਅਤੇ ਜੇਲ੍ਹਾਂ ਨਾਲ ਉਠਾਇਆ ਸੀ। ਉਨ੍ਹਾਂ ਦੇ ਦਫ਼ਤਰ ਨੇ ਇਸ ਸਬੰਧੀ 29 ਸਤੰਬਰ ਨੂੰ ਪੱਤਰ ਲਿਖਿਆ ਸੀ। ਉਨ੍ਹਾਂ ਆਪਣੀ ਰਿਪੋਰਟ ਵਿੱਚ ਕਿਹਾ ਸੀ ਕਿ ਅਸਮਾਜਿਕ ਤੱਤਾਂ ਵੱਲੋਂ ਬੀਤੇ ਨੌਂ ਮਹੀਨਿਆਂ ਵਿੱਚ ਬਾਹਰੋਂ ਜੇਲ੍ਹ ਵਿੱਚ 44 ਵਾਰੀ ਪਾਬੰਦੀਸ਼ੁ ?ਦਾ ਸਾਮਾਨ ਸੁੱਟਿਆ ਗਿਆ। ਉਨ੍ਹਾਂ ਕਿਹਾ ਕਿ ਪਾਬੰਦੀਸ਼ੁਦਾ ਚੀਜ਼ਾਂ ਬਰਾਮਦ ਕਰਨ ਲਈ ਜੇਲ੍ਹ ਸਟਾਫ ਪੂਰੀ ਤਰ੍ਹਾਂ ਸਿਖਿਅਤ ਹੈ ਅਤੇ ਜੇਲ੍ਹ ਪ੍ਰਸ਼ਾਸਨ ਇਨ੍ਹਾਂ ਘਟਨਾਵਾਂ ਨੂੰ ਰੋਕਣ ਲਈ ਲੋੜੀਂਦੇ ਕਦਮ ਚੁੱਕ ਰਿਹਾ ਹੈ। ਉਨ੍ਹਾਂ ਕਿਹਾ ਕਿ ਬੀਤੇ ਤਿੰਨ ਸਾਲਾਂ ਵਿੱਚ 12 ਜੇਲ੍ਹ ਮੁਲਾਜ਼ਮਾਂ ਨੂੰ ਬਰਖਾਸਤ ਕੀਤਾ ਜਾ ਚੁੱਕਾ ਹੈ ਅਤੇ 25 ਖ਼ਿਲਾਫ਼ ਵਿਭਾਗੀ ਜਾਂਚ ਚੱਲ ਰਹੀ ਹੈ।

ਅੰਮ੍ਰਿਤਸਰ ਟਾਈਮਜ਼ AMRITSAR TIMES
15 ਨਵੰਬਰ 2017 ਤੋਂ 21 ਨਵੰਬਰ 2017

# ਸਿੱਖ ਮਸਲਿਆਂ ਵਿੱਚ ਬੇਲੋੜਾ ਦਖ਼ਲ

## *ਭਾਰਤੀ ਦੂਤਾਵਾਸਾਂ ਦੀਆਂ ਕਾਰਵਾਈਆਂ ਹੋਰ ਵਧਾਉਂਦੀਆਂ ਨੇ ਦੋਵਾਂ ਧਿਰਾਂ ਵਿਚਾਲੇ ਪਾੜਾ*

ਕੈਲੀਫੋਰਨੀਆ ਦੇ ਲਾਸ ਏਂਜਲਸ ਖੇਤਰ ਦੀ ਇੱਕ ਯੂਨੀਵਰਸਿਟੀ ਵਿੱਚ ਖਾਲਸਾ ਪੰਥ ਦੇ ਬਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਿਤ ਸੈਮੀਨਾਰ ਦੌਰਾਨ ਅੰਮ੍ਰਿਤਧਾਰੀ ਸਿੱਖ ਆਗੂ ਵਲੋਂ ਰੋਸ ਪ੍ਰਗਟਾਉਣ ਦੀ ਘਟਨਾ ਉਚੇਚੇ ਧਿਆਨ ਅਤੇ ਸੋਚ ਵਿਚਾਰ ਦੇ ਨਾਲ ਨਾਲ ਸਿੱਖ ਪੱਖ ਨੂੰ ਬੜੇ ਜ਼ੋਰਦਾਰ ਰੂਪ ਵਿੱਚ ਉਜਾਗਰ ਕਰਦੀ ਹੈ। ਲੋਇਲਾ ਮੈਰੀਮੋਂਟ ਯੂਨੀਵਰਸਿਟੀ 'ਚ ਕਰਵਾਇਆ ਇਹ ਸੈਮੀਨਾਰ ਸ਼ੁਰੂ ਤੋਂ ਹੀ ਸਿੱਖਾਂ ਦੇ ਧਿਆਨ ਦਾ ਕੇਂਦਰ ਬਣਿਆ ਹੋਇਆ ਸੀ । ਇਸਦੇ ਪ੍ਰਬੰਧਕਾਂ ਦੇ ਕਿਰਦਾਰ ਅਤੇ ਨੀਅਤ ਬਾਰੇ ਸਿੱਖ ਹਲਕਿਆਂ 'ਚ ਖਦਸ਼ਾ ਹੋਣ ਤੋਂ ਇਲਾਵਾ ਇਸ ਸੈਮੀਨਾਰ ਲਈ ਭਾਰਤੀ ਕੌਂਸਲੇਟ ਦਾ ਸ਼ਰੇਆਮ ਥਾਪੜਾ ਕਿਸੇ ਤੋਂ ਲੁਕਿਆ ਨਹੀਂ ਸੀ। ਯੋਗੀ ਭਜਨ ਦੇ ਚੇਲਿਆਂ ਵਲੋਂ ਭਾਰਤੀ ਕੌਂਸਲੇਟ ਦੀ ਚਾਪਲੂਸੀ ਲਈ ਲੋਇਲਾ ਮੈਰੀਮੋਂਟ ਯੂਨੀਵਰਸਿਟੀ 'ਚ ਸਿੱਖ ਅਤੇ ਜੈਨੀ ਅਧਿਆਪਨ' ਵਿਭਾਗ ਦੇ ਸਹਿਯੋਗ ਨਾਲ ਰੱਖੇ ਇਸ ਪ੍ਰੋਗਰਾਮ 'ਚ ਸਵਾ ਲੱਖ ਸਿੰਘ' ਦਾ ਵਿਰੋਧ ਸਮੁੱਚੀ ਸਿੱਖ ਕੌਮ ਦੇ ਜਜ਼ਬਾਤ ਦੀ ਤਰਜ਼ਮਾਨੀ ਕਿਹਾ ਜਾ ਸਕਦਾ ਹੈ। ਭਾਰਤੀ ਕੌਂਸਲੇਟ ਦੇ ਸਹਿਯੋਗ ਨਾਲ ਲੰਘੇ ਸ਼ੁਕਰਵਾਰ ਨੂੰ ਕਰਵਾਏ ਸੈਮੀਨਾਰ 'ਚ ਪ੍ਰਬੰਧਕਾਂ ਵਲੋਂ ਦਸਤਾਰ ਨੂੰ ਭਾਰਤੀ ਕੌਂਸਲੇਟ ਦੇ ਸਿਰ ਸਜਾਉਣ ਦੀ ਕਾਰਵਾਈ ਸਿੱਖਾਂ ਦੀ ਆਨ ਤੇ ਸ਼ਾਨ ਦੇ ਪ੍ਰਤੀਕ ਦੀ ਸ਼ਰੇਆਮ ਬੇਅਦਬੀ ਤੋਂ ਘੱਟ ਨਹੀਂ ਸੀ। ਇਸੇ ਲਈ ਸਿੱਖ ਇਨਫਰਮੇਸ਼ਨ ਸੈਂਟਰ ਦੇ ਭਾਈ ਭਜਨ ਸਿੰਘ ਭਿੰਡਰ ਵਲੋਂ ਕੀਤੇ ਜ਼ੋਰਦਾਰ ਵਿਰੋਧ ਅੱਗੇ ਕੋਈ ਚਾਰਾ ਚਲਦਾ ਨਾ ਵੇਖ ਪ੍ਰਬੰਧਕਾਂ ਨੂੰ ਚਾਹ ਪੀਣ ਦੀ ਬਰੇਕ ਦੇ ਬਹਾਨੇ ਕਾਰਵਾਈ ਮੁਲਤਵੀ ਕਰਨ ਬਿਨਾਂ ਹੋਰ ਕੋਈ ਚਾਰਾ ਨਜ਼ਰ ਨਹੀਂ ਸੀ ਆਉਂਦਾ।

ਭਾਰਤ ਸਰਕਾਰ ਅਤੇ ਉਸਦੇ ਝੋਲੀਚੁੱਕਾਂ ਵਲੋਂ ਸਿੱਖਾਂ ਖ਼ਾਸ ਕਰ ਵਿਦੇਸ਼ਾਂ ਵਿਚਲੇ ਸਿੱਖਾਂ ਦੇ ਧਾਰਮਿਕ ਮਸਲਿਆਂ ਵਿੱਚ ਬੇਲੋੜਾ ਦਖ਼ਲ ਦਿੱਤੇ ਜਾਣ ਨਾਲ ਜਿਹੜੀ ਕੁੜਿਤਣ ਤੇ ਪ੍ਰੇਸ਼ਾਨੀਆਂ ਪੈਦਾ ਹੁੰਦੀਆਂ ਹਨ ਉਨ੍ਹਾਂ ਲਈ ਵਿਦੇਸ਼ਾਂ ਵਿਚਲੇ ਭਾਰਤੀ ਦੂਤਾਵਾਸ ਅਪਣੀ ਜੁੰਮੇਵਾਰੀ ਤੋਂ ਭੱਜ ਨਹੀਂ ਸਕਦੇ। ਉਹ ਅਕਸਰ ਅਜਿਹੀਆਂ ਕਾਰਵਾਈਆਂ ਵਿੱਚ ਸਿੱਧੇ ਜਾਂ ਅਸਿੱਧੇ ਤੌਰ ਤੇ ਸ਼ਾਮਲ ਹੁੰਦੇ ਦੱਸੇ ਜਾਂਦੇ ਹਨ । ਭਾਰਤ ਵਿੱਚ ਸਰਕਾਰਾਂ ਵਲੋਂ ਸਿੱਖਾਂ ਨਾਲ ਕੀਤੇ ਵਿਤਕਰੇ ਅਤੇ ਵਧੀਕੀਆਂ ਦਾ ਪ੍ਰਵਾਸੀ ਸਿੱਖਾਂ ਉੱਤੇ ਵੀ ਅਸਰ ਹੋਣਾ ਤੇ ਉਸ ਵਿਰੁਧ ਪ੍ਰਤੀਕਰਮ ਸੁਭਾਵਕ ਹੈ। ਅਜਿਹੇ ਸਾਰੇ ਮਸਲਿਆਂ ਦੇ ਪੈਦਾ ਹੋਣ ਤੇ ਪੇਚੀਦਾ ਹੋਣ ਪਿੱਛੇ ਅਸਲ ਵਿੱਚ ਭਾਰਤ ਵਿਚਲੀਆਂ ਹਿੰਦੂਤਵੀ ਧਿਰਾਂ ਦੀ ਸਿੱਖਾਂ ਨੂੰ ਅਪਣੇ ਜੂਲੇ ਹੇਠ ਰੱਖਣ ਦੀ ਗਿਣੀਮਿੱਥੀ ਸਾਜ਼ਿਸ਼ ਅਧੀਨ ਅਕਸਰ ਬਹੁਤੀ ਵਾਰੀ ਅਸਿੱਧੇ ਤੌਰ ਉੱਤੇ ਕੀਤੀਆਂ ਜਾਂਦੀਆਂ ਕਾਰਵਾਈ ਹੁੰਦੀਆਂ ਹਨ। ਹਿੰਦੂ ਪੱਖੀ ਕੇਂਦਰੀ ਤੇ ਸੂਬਾ ਸਰਕਾਰਾਂ ਸਿੱਖਾਂ ਦੇ ਭਲੇ ਦੀ ਆੜ 'ਚ ਉਲਟਾ ਅਪਣੀਆਂ ਸਿੱਖ ਵਿਰੋਧੀ ਨੀਤੀਆਂ ਨੂੰ ਅੰਜ਼ਾਮ ਦਿੰਦੀਆਂ ਹਨ। ਪਰ ਅਜਿਹੀਆਂ ਸਾਜ਼ਿਸਾਂ ਦਾ ਭੇਤ ਖੁਲ੍ਹੇ ਰੂਪ ਵਿੱਚ ਸਾਹਮਣੇ ਆਉਣ ਨਾਲ ਸਿੱਖ ਸਗੋਂ ਵੱਧ ਰੋਹ ਨਾਲ ਪ੍ਰਤੀਕਰਮ ਕਰਦੇ ਹਨ। ਭਾਵੇਂ ਵਿਦੇਸ਼ਾਂ ਵਿਚਲੇ ਭਾਰਤੀ ਦੂਤਾਵਾਸਾਂ/ਕੌਂਸਲੇਟਾਂ ਦਾ ਸਿੱਖਾਂ ਨਾਲ ਰਿਸ਼ਤਾ ਬਹੁਤਾ ਸੁਖਾਵਾਂ ਨਹੀਂ ਰਿਹਾ ਪਰ ਅਪਰੇਸ਼ਨ ਬਲਿਊ ਸਟਾਰ ਅਤੇ ਉਸਤੋਂ ਬਾਅਦ ਨਵੰਬਰ 84 ਦੇ ਸਿੱਖ ਕਤਲੇਆਮ ਨੇ ਦੋਵਾਂ ਧਿਰਾਂ ਵਿਚਾਲੇ ਵਿਰੋਧ ਦੀ ਅਜਿਹੀ ਪੱਕੀ ਲਕੀਰ ਖਿੱਚ ਦਿੱਤੀ ਜਿਹੜੀ ਵਰ੍ਹਿਆਂ ਤੋਂ ਹੋਰ ਗੂੜ੍ਹੀ ਹੁੰਦੀ ਆ ਰਹੀ ਹੈ।

ਬਣਦਾ ਤਾਂ ਇਹ ਹੈ ਕਿ ਭਾਰਤੀ ਦੂਤਾਵਾਸ ਪ੍ਰਵਾਸੀ ਸਿੱਖਾਂ ਦੇ ਮਸਲਿਆਂ, ਗੁੱਸੇ, ਨਾਰਾਜ਼ਗੀ ਅਤੇ ਵਿਰੋਧ ਪ੍ਰਤੀ ਸੂਝ ਬੂਝ ਵਾਲੀ ਪਹੁੰਚ ਰਖਦੇ ਹੋਏ ਸਮਝਣ, ਸਮਝਾਉਣ ਅਤੇ ਸੁਲਝਾਉਣ ਵਾਸਤੇ ਅਪਣੀ ਸਰਕਾਰ ਤੇ ਸਿੱਖਾਂ ਵਿਚਾਲੇ ਕੜੀ ਦਾ ਕੰਮ ਕਰਨ। ਪਰ ਉਹ ਦਿੱਲੀ ਵਿਚਲੇ ਨੀਤੀਘਾੜਿਆਂ ਦੇ ਹਰ ਪੁੱਠੇ-ਸਿੱਧੇ ਹੁਕਮ ਅੱਗੇ ਡੰਡਾਉਤ ਵਜੋਂ ਉਲਟਾ ਸਿੱਖਾਂ ਵਿੱਚ ਪਾੜਾ ਪਾਉਣ ਲਈ ਇੱਕ ਧੜੇ ਰਾਹੀਂ ਭਾਈਚਾਰੇ ਦੇ ਹਰ ਧਾਰਮਿਕ ਅਤੇ ਸਮਾਜਿਕ ਖੇਤਰ ਵਿੱਚ ਬੇਲੋੜੇ ਦਖ਼ਲ ਦਾ ਰਾਹ ਅਖ਼ਤਿਆਰ ਕਰਨ ਨੂੰ ਪਹਿਲ ਦਿੰਦੇ ਹਨ। ਇਸ ਬਾਰੇ ਕੋਈ ਭੁਲੇਖਾ ਨਹੀਂ ਕਿ ਭਾਰਤੀ ਕੌਂਸਲੇਟ ਅਪਣੇ ਝੋਲੀਚੁੱਕ ਸਿੱਖਾਂ ਰਾਹੀਂ ਪ੍ਰਵਾਸੀ ਸਿੱਖਾਂ ਵਿੱਚ ਘੁਸਪੈਂਠ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੇ।

ਸਿੱਖ ਕੌਮ ਦੀ ਭਾਰਤੀ ਹਾਕਮਾਂ ਨਾਲ ਦੂਰੀ ਨੂੰ ਵਧਾਉਣ ਵਾਲੀਆਂ ਜੂਨ 84 ਦੇ ਘੱਲੂਘਾਰੇ ਤੇ ਨਵੰਬਰ 84 ਦੀ ਸਿੱਖ ਨਸ਼ਲਕੁਸ਼ੀ ਦੀਆਂ ਘਟਨਾਵਾਂ ਬਾਅਦ ਅਮਰੀਕਾ, ਕਨੇਡਾ ਅਤੇ ਯੂਰਪ ਸਮੇਤ ਹੋਰਨਾਂ ਮੁਲਕਾਂ ਵਿਚਲੇ ਭਾਰੀ ਗਿਣਤੀ ਸਿੱਖ ਦੋਵਾਂ ਦੁਖਾਂਤਾਂ ਵਿੱਚ ਕੌਮ ਨੂੰ ਇਨਸਾਫ਼ ਨਾਲ ਮਿਲਣ ਕਾਰਨ ਭਾਰਤ ਸਰਕਾਰ ਨਾਲ ਨਾਰਾਜ਼ ਚਲੇ ਆ ਰਹੇ ਹਨ। ਸਿੱਖਾਂ ਵਲੋਂ ਹਰ ਸਾਲ ਭਾਰਤੀ ਦੂਤਾਵਾਸਾਂ ਅੱਗੇ ਕੀਤੇ ਜਾਂਦੇ ਰੋਸ ਮੁਜ਼ਾਹਰੇ ਅਪਣੇ ਦਰਦ ਦਾ ਪ੍ਰਗਟਾ ਅਤੇ ਇਨਸਾਫ਼ ਲੈਣ ਦੇ ਯਤਨਾਂ ਦਾ ਹਿੱਸਾ ਹੁੰਦੇ ਹਨ। ਪਰ ਅਜਿਹੇ ਮੌਕਿਆਂ ਉੱਤੇ ਦੋਵਾਂ ਧਿਰਾਂ ਵਿਚਲੇ ਕੁਝ ਗੁੱਸੇਖੋਰਾਂ ਵਿਚਾਲੇ ਅਕਸਰ ਹੁੰਦੀ ਤਲਖ਼ਕਲਾਮੀ ਨੂੰ ਦਿੱਲੀ ਵਿਚਲੀਆਂ ਸਰਕਾਰਾਂ ਵਲੋਂ ਸਗੋਂ ਪ੍ਰਵਾਸੀ ਸਿੱਖਾਂ ਨੂੰ ਸਬਕ ਸਿਖਾਉਣ ਲਈ ਹਥਿਆਰ ਵਜੋਂ ਵਰਤਣ ਦਾ ਪ੍ਰਤੀਕਰਮ/ਸਿੱਟਾ ਹਨ ਲੋਇਲਾ ਯੂਨੀਵਰਸਿਟੀ ਵਿੱਚ ਇੱਕ ਸਿੱਖ ਨੁਮਾਇੰਦੇ ਵਜੋਂ ਪ੍ਰਗਟਾਇਆ ਸਾਂਤਮਈ ਰੋਸ।

ਸਿਆਣਪ ਇਸੇ ਵਿੱਚ ਹੈ ਕਿ ਪਹਿਲਾਂ ਹੀ ਹਕੂਮਤੀ ਵਧੀਕੀਆਂ ਅਤੇ ਜ਼ੁਲਮਾਂ ਦੀ ਲਗਾਤਾਰ ਪੀੜ ਸਹਿੰਦੀ ਆ ਰਹੀ ਸਿੱਖ ਕੌਮ ਨੂੰ ਹੋਰ ਸਤਾ ਕੇ ਵਿਰੋਧ ਨੂੰ ਭੜਕਾਉਣ ਵਾਲੀਆਂ ਅਪਣੀਆਂ ਕਾਰਵਾਈਆਂ ਬਾਰੇ ਮੁੜ ਵਿਚਾਰ ਕਰਕੇ ਭਾਰਤ ਸਰਕਾਰ ਅਪਣੇ ਦੂਤਾਵਾਸਾਂ ਨੂੰ ਸਿੱਖਾਂ ਪ੍ਰਤੀ ਦੂਰ-ਅੰਦੇਸ਼ੀ ਵਾਲੀ ਪਹੁੰਚ ਅਪਣਾਉਣ ਲਈ ਕਹੇ।

# 'ਆਪ' ਦੀ ਰਾਜਨੀਤੀ ਦਾ ਦਲਿਤ ਪੱਖ ਹਾਸ਼ੀਏ 'ਤੇ

**ਕਰਮਜੀਤ ਸਿੰਘ**, ਸੀਨੀਅਰ ਪੱਤਰਕਾਰ
ਸੰਪਰਕ: 99150-91063





ਗੁਰਦਾਸਪੁਰ ਹਲਕੇ ਦੀ ਸੰਸਦੀ ਚੋਣ ਵਿੱਚ ਆਮ ਆਦਮੀ ਪਾਰਟੀ (ਆਪ) ਦੀ ਨਿਰਾਸ਼ਾਜਨਕ ਹਾਰ ਨੂੰ ਜੇ ਪਾਰਟੀ ਦੇ ਭਵਿੱਖ ਉੱਤੇ ਪੈਣ ਵਾਲੇ ਮਾੜੇ ਅਸਰਾਂ ਵਿੱਚ ਨਾ ਸ਼ਾਮਲ ਕੀਤਾ ਜਾਏ ਤਾਂ ਵੀ ਇਸ ਗੱਲ ਦੇ ਠੋਸ ਆਧਾਰ ਮੌਜੂਦ ਹਨ ਕਿ ਪਾਰਟੀ ਦਾ ਸੁਨਹਿਰੀ ਯੁੱਗ ਖਤਮ ਹੋ ਚੁੱਕਾ ਹੈ। ਹੁਣ ਉਹ ਰਾਜਨੀਤਕ ਰੌਣਕਾਂ ਪਰਤ ਕੇ ਨਹੀਂ ਆਉਣ ਲੱਗੀਆਂ ਜਦੋਂ 'ਕੇਜਰੀਵਾਲ-ਆਪ-ਝਾੜੂ' ਤਿੰਨਾਂ ਨੇ ਰਲ ਕੇ ਪੰਜਾਬ ਦੇ ਹਰ ਘਰ ਵਿੱਚ ਆਪਣੀ ਥਾਂ ਬਣਾ ਲਈ ਸੀ; ਜਦੋਂ ਵਿਸ਼ੇਸ਼ ਕਰਕੇ ਨੌਜਵਾਨ ਪੀੜ੍ਹੀ ਤੇ ਪੁਰਾਤਨ ਪੀੜ੍ਹੀ ਵਿੱਚ ਇਕ ਡੂੰਘੀ ਲਕੀਰ ਖਿੱਚੀ ਗਈ ਸੀ। ਇਕ ਪਲ ਲਈ ਰੁਕੋ ਤੇ ਯਾਦ ਕਰੋ ਕਿ ਭਗਵੰਤ ਮਾਨ ਅਤੇ ਗੁਰਪ੍ਰੀਤ ਘੁੱਗੀ (ਜਾਂ ਵੜੈਚ) ਜਦੋਂ ਜਲਸਿਆਂ ਵਿੱਚ ਭਾਸ਼ਨ ਦਿੰਦੇ ਸਨ ਤਾਂ ਇਉਂ ਲੱਗਦਾ ਸੀ ਜਿਵੇਂ ਉਨ੍ਹਾਂ ਦਾ ਆਤਮ-ਵਿਸ਼ਵਾਸ ਤੇ ਤੇਜ ਪ੍ਰਤਾਪ ਹੰਕਾਰ ਦੀਆਂ ਸਭ ਹੱਦਾਂ ਪਾਰ ਕਰ ਚੁੱਕਾ ਹੋਵੇ। ਇਸ ਖ਼ੂਬਸੂਰਤ ਭਰਮ ਨੂੰ ਉਨ੍ਹਾਂ ਨੇ ਜਵਾਨ ਕਰ ਲਿਆ ਸੀ ਕਿ ਉਹ ਜਿੱਤ ਦੇ ਘੋੜੇ 'ਤੇ ਸਵਾਰ ਹਨ। ਪਰ ਇਤਿਹਾਸ ਦੀ ਬੇਰਹਿਮ ਤੋਰ ਤੇ ਉਸ ਦੇ ਚੱਲਣ ਦਾ ਅੰਦਾਜ਼ ਵੱਖਰਾ ਵੀ ਹੁੰਦਾ ਹੈ ਅਤੇ ਉਸ ਨੇ ਉਨ੍ਹਾਂ ਨੂੰ ਐਸਾ ਮੂਧੜੇ ਮੂੰਹ ਸੁੱਟਿਆ ਕਿ ਹਾਰ ਤੋਂ ਪਿੱਛੋਂ, ਜੇ ਇਕ ਕਈ ਦਿਨ ਅੰਦਰੋਂ ਹੀ ਬਾਹਰ ਨਾ ਨਿਕਲਿਆ ਤਾਂ ਦੂਜੇ ਨੇ ਛੇਤੀ ਹੀ ਪਾਰਟੀ ਨੂੰ ਤਲਾਕ ਦੇ ਦਿੱਤਾ।

ਪਾਰਟੀ ਦੀ ਲੀਡਰਸ਼ਿਪ ਹੁਣ ਆਪਣੇ ਕਾਡਰ ਅਤੇ ਪੰਜਾਬ ਦੇ ਲੋਕਾਂ ਨੂੰ ਕਿੰਨੀਆਂ ਵੀ ਤਸੱਲੀਆਂ ਕਿਉਂ ਨਾ ਦੇਵੇ, ਉਹ ਜਿੱਤ ਦੀ ਖੇਡ ਵਿੱਚ ਹਾਸ਼ੀਏ 'ਤੇ ਚਲੇ ਗਏ ਹਨ ਜਾਂ ਪੰਜਾਬੀ ਬੋਲਚਾਲ ਮੁਤਾਬਕ ਉਹ ਨੁੱਕਰੇ ਲਾ ਦਿੱਤੇ ਗਏ ਹਨ। ਇਸ ਦੇ ਅਸਲ ਕਾਰਨ ਲੱਭਣ ਲਈ ਸਾਨੂੰ ਸਾਹਮਣੇ ਦਿਸਣ ਵਾਲੇ ਰੋਜ਼ਮਰਾ ਦੇ ਰੌਲੇ-ਰੱਪੇ ਤੋਂ ਹੇਠਲੀਆਂ ਤਹਿਆਂ ਵਿੱਚ ਉਤਰਨਾ ਪੈਣਾ ਹੈ ਅਤੇ ਇਸ ਸਵਾਲ ਦਾ ਜਵਾਬ ਵੀ ਲੱਭਣਾ ਪੈਣਾ ਹੈ ਕਿ ਪੰਜਾਬ ਦੇ ਲੋਕਾਂ ਨੇ ਹੀ ਅਰਵਿੰਦ ਕੇਜਰੀਵਾਲ ਨੂੰ ਝਟਪਟ ਹੱਥਾਂ ਉੱਤੇ ਕਿਉਂ ਚੁੱਕ ਲਿਆ ਅਤੇ ਆਪਣੇ ਦਿਲਾਂ ਵਿੱਚ ਵਸਾ ਲਿਆ ਸੀ? ਇਹ ਸਵਾਲ ਵੀ ਕੇਜਰੀਵਾਲ ਦੇ ਵਿਹੜੇ ਵਿੱਚ ਸੁੱਟਣਾ ਪੈਣਾ ਹੈ ਕਿ ਉਸ ਨੇ ਪੰਜਾਬ ਦੇ ਮਨੋਵਿਗਿਆਨ, ਉਸ ਦੇ ਗੁੰਝਲਦਾਰ ਇਤਿਹਾਸ ਅਤੇ ਉਸ ਦੇ ਦਾਸਤਾਨ-ਏ-ਦਰਦ ਨੂੰ ਉਸ ਜਜ਼ਬੇ ਤੇ ਤਰਕ ਨਾਲ ਕਿਉਂ ਨਾ ਸਮਝਿਆ ਜਿਵੇਂ ਉਹ ਚਾਹੁੰਦੇ ਸਨ?

ਕੇਜਰੀਵਾਲ ਵਰਤਾਰਾ ਭਾਰਤ ਦੇ ਬਹੁ-ਪਰਤੀ ਰਾਜਨੀਤਕ ਤਾਣੇ-ਬਾਣੇ ਵਿੱਚ ਇਕ ਇਨਕਲਾਬੀ ਤਬਦੀਲੀ ਦੀ ਉਮੀਦ ਲੈ ਕੇ ਆਇਆ ਸੀ। ਅਰਵਿੰਦ ਕੇਜਰੀਵਾਲ ਦਾ ਰਾਜਸੀ ਪੁਨਰਜਨਮ ਭਾਵੇਂ ਲੋਕਪਾਲ ਦੇ ਮੁੱਦੇ ਉੱਤੇ ਅੰਨਾ ਹਜ਼ਾਰੇ ਦੀ ਲਹਿਰ ਵਿੱਚੋਂ ਹੀ ਹੋਇਆ, ਪਰ ਇਹ ਉਹੀ ਸੀ, ਜਿਸ ਨੇ ਇਸ ਅੰਦੋਲਨ ਵਿੱਚ ਆਪਣੀ ਵਿਲੱਖਣ, ਨਿਆਰੀ, ਵੱਖਰੀ ਅਤੇ ਇਥੋਂ ਤੱਕ ਕਿ ਪਿਆਰੀ ਤੇ ਸਤਿਕਾਰ ਵਾਲੀ ਪਛਾਣ ਬਣਾ ਲਈ ਸੀ। ਹੋਰਨਾਂ ਵਿੱਚੋਂ ਬਹੁਤੇ ਗੂੜ੍ਹੇ ਤੇ ਗੁੱਝੇ ਲਾਲਚਾਂ ਦੇ ਪੈਰੋਕਾਰ ਵੀ ਸਨ ਅਤੇ ਉਨ੍ਹਾਂ ਨੇ ਆਪਣੇ ਸਵਾਰਥ ਦੇ ਸਬੂਤ ਵੀ ਦਿੱਤੇ ਜਦੋਂ ਉਨ੍ਹਾਂ ਨੇ ਛੇਤੀ ਹੀ ਹੋਰ ਰਾਜਸੀ ਪਾਰਟੀਆਂ ਵਿੱਚ ਸ਼ਰਨ ਲੈ ਲਈ। ਇਹ ਉਹ ਸਮਾਂ ਸੀ ਜਦੋਂ ਵੱਖ-ਵੱਖ ਟੀ.ਵੀ. ਚੈਨਲਾਂ ਉੱਤੇ ਹੋਣ ਵਾਲੀਆਂ ਬਹਿਸਾਂ ਵਿੱਚ ਕੇਜਰੀਵਾਲ ਦੀਆਂ ਵਜ਼ਨਦਾਰ ਦਲੀਲਾਂ, ਰਾਜਨੀਤਕ ਗਿਆਨ ਦਾ ਖਜ਼ਾਨਾ ਅਤੇ ਵੱਖ-ਵੱਖ ਮਸਲਿਆਂ ਉੱਤੇ ਉਨ੍ਹਾਂ ਦੀ ਪਰਪੱਕ ਸਮਝ ਨੇ ਆਮ ਲੋਕਾਂ ਨੂੰ ਤਾਂ ਪ੍ਰਭਾਵਿਤ ਕੀਤਾ ਹੀ ਪਰ ਬੌਧਿਕ ਹਲਕਿਆਂ ਵਿੱਚ ਵੀ ਉਨ੍ਹਾਂ ਨੇ ਥਾਂ ਬਣਾ ਲਈ। 'ਟਾਈਮ' ਮੈਗਜ਼ੀਨ ਨੇ ਉਸ ਨੂੰ ਵਿਸ਼ੇਸ਼ ਜਗ੍ਹਾ ਦਿੱਤੀ ਜਦਕਿ ਯੂਰਪ ਦੇ ਪ੍ਰਸਿੱਧ ਅਖ਼ਬਾਰਾਂ ਨੇ ਉਸ ਨੂੰ 'ਨਵੇਂ ਯੁੱਗ ਦਾ ਮਹਿਮਾਨ' ਸਮਝਿਆ। ਇਹ ਮਹਿਸੂਸ ਕੀਤਾ ਜਾਣ ਲੱਗਾ ਕਿ ਦਲਿਤਾਂ, ਘੱਟ ਗਿਣਤੀਆਂ ਅਤੇ ਕਮਜ਼ੋਰ ਵਰਗਾਂ ਦੀਆਂ ਸਮੱਸਿਆਵਾਂ ਅਤੇ ਭਾਵਨਾਵਾਂ ਨੂੰ ਆਮ ਆਦਮੀ ਪਾਰਟੀ ਕੇਂਦਰ ਵਿੱਚ ਰੱਖ ਕੇ ਹੀ ਅੱਗੇ ਵਧੇਗੀ। ਪਰ ਇਹ ਸਭ ਕੁਝ ਵਾਵਰੋਲੇ ਨਾਲ ਹੀ ਉੱਡ ਗਿਆ। ਅਸੀਂ ਇਥੇ ਆਪਣੇ ਆਪ ਨੂੰ ਅਜੇ ਦਲਿਤਾਂ ਅਤੇ ਕਮਜ਼ੋਰ ਵਰਗਾਂ ਤੱਕ ਹੀ ਸੀਮਤ ਰੱਖਾਂਗੇ ਜੋ ਆਮ ਆਦਮੀ ਪਾਰਟੀ ਵਿੱਚ ਹਾਸ਼ੀਏ ਵੱਲ ਧੱਕ ਦਿੱਤੇ ਗਏ ਹਨ।

ਇਹ ਠੀਕ ਹੈ ਕਿ ਕਿਸਾਨਾਂ ਦੀਆਂ ਖੁਦਕੁਸ਼ੀਆਂ ਅਤੇ ਉਨ੍ਹਾਂ ਦੀ ਡਿਗ ਰਹੀ ਆਰਥਿਕ ਹਾਲਤ ਪੰਜਾਬ ਦੀ ਅਹਿਮ ਸਮੱਸਿਆ ਹੈ ਪਰ ਉਨ੍ਹਾਂ ਨਾਲ ਜੁੜੇ ਹੋਏ ਖੇਤ ਮਜ਼ਦੂਰਾਂ, ਸੀਰੀਆਂ ਅਤੇ ਉਨ੍ਹਾਂ ਦੇ ਰੁਲਦੇ ਪਰਿਵਾਰਾਂ ਦੀ ਹਾਲਤ ਬਦ ਤੋਂ ਬਦਤਰ ਹੈ। ਕੀ ਇਹ ਸਮੱਸਿਆ ਇਕ ਹਿਸਾਬ ਨਾਲ ਕਿਸਾਨਾਂ ਦੀ ਸਮੱਸਿਆ ਨਾਲੋਂ ਘੱਟ ਹੈ? ਉਨ੍ਹਾਂ ਦੀ ਸਥਿਤੀ ਬਾਰੇ ਇਕ ਵਾਈਟ ਪੇਪਰ ਜਾਰੀ ਹੋਣਾ ਚਾਹੀਦਾ ਹੈ, ਜਦਕਿ ਵਿਧਾਨ ਸਭਾ ਦੇ ਪਿਛਲੇ ਸੈਸ਼ਨ ਦੌਰਾਨ 'ਆਪ' ਨੇ ਇਸ ਅਤਿਅੰਤ ਮਹੱਤਵਪੂਰਨ ਮਸਲੇ ਨੂੰ ਏਜੰਡੇ ਵਿਚ ਥਾਂ ਤਾਂ ਕੀ ਦੇਣੀ ਸੀ, ਕਿਸੇ ਨੇ ਰਸਮੀ ਤੌਰ 'ਤੇ ਛੂਹਿਆ ਤੱਕ ਵੀ ਨਹੀਂ। ਅਰਵਿੰਦ ਕੇਜਰੀਵਾਲ ਦੀ 'ਆਪ' ਵਿਚ ਕਥਿਤ ਉੱਚੀਆਂ ਜਾਤੀਆਂ ਥੋਕ ਦੇ ਭਾਅ ਸ਼ਾਮਲ ਕੀਤੀਆਂ ਗਈਆਂ ਹਨ ਅਤੇ ਅੰਕੜੇ ਇਸ ਰੁਝਾਨ ਦੀ ਗਵਾਹੀ ਭਰਦੇ ਹਨ।

ਤੱਥ ਤੇ ਹਕੀਕਤਾਂ ਇਹ ਦੱਸਦੀਆਂ ਹਨ ਕਿ ਪੰਜਾਬ ਵਿਚ ਸੀਟਾਂ ਵੰਡਣ ਵੇਲੇ, ਜਥੇਬੰਦੀ ਦੇ ਅੰਦਰ ਵੀ ਅਤੇ ਮਲਾਈਦਾਰ ਅਹੁਦਿਆਂ ਦੀ ਚੋਣ ਵਿੱਚ ਖਾਂਦੇ-ਪੀਂਦੇ ਤੇ ਵੱਡੇ ਘਰਾਂ ਨੂੰ ਹੀ ਥਾਂ ਦਿੱਤੀ ਗਈ ਹੈ। ਦਿਲਚਸਪ ਸਰਵੇਖਣ ਇਹ ਕਹਿੰਦਾ ਹੈ ਕਿ ਵਿਧਾਨ ਸਭਾ ਲਈ 62 ਸੀਟਾਂ ਜੱਟ ਬਰਾਦਰੀ ਨੂੰ ਮਿਲੀਆਂ ਪਰ ਜਿੱਤੇ ਕੇਵਲ ਅੱਠ ਹੀ। 9 ਦਲਿਤ ਭਰਾ ਜਿੱਤੇ ਅਤੇ ਦੋ ਪਛੜੀਆਂ ਜਾਤੀਆਂ ਦੇ ਉਮੀਦਵਾਰ ਜਿੱਤੇ। ਜਿਹੜੇ 8 ਜੱਟ ਉਮੀਦਵਾਰ ਜਿੱਤੇ, ਇਕ-ਅੱਧੇ ਨੂੰ ਛੱਡ ਕੇ ਬਾਕੀ ਸਾਰੇ ਜ਼ਮੀਨਾਂ ਤੇ ਜਾਇਦਾਦਾਂ ਦੇ ਮਾਲਕ ਹਨ। ਕਾਰਾਂ-ਕੋਠੀਆਂ ਵਿੱਚ ਰਹਿੰਦੇ ਤੇ ਸਫਰ ਕਰਦੇ ਹਨ। ਕਰੋੜਾਂ ਵਿਚ ਖੇਡਦੇ ਅਤੇ ਹਰ ਇਕ ਦੇ ਨੇੜੇ ਤੇ ਦੂਰ ਦੇ ਰਿਸ਼ਤੇਦਾਰ ਵਿਦੇਸ਼ਾਂ ਵਿਚ ਰਹਿੰਦੇ ਹਨ, ਜੋ ਇਨ੍ਹਾਂ ਨੂੰ ਪਾਰਟੀ ਲਈ ਅਕਸਰ ਫੰਡ ਭੇਜਦੇ ਹਨ। ਦੂਜੇ ਪਾਸੇ ਦਲਿਤ ਵਿਧਾਇਕਾਂ ਨੂੰ ਫੰਡਾਂ ਦੀ ਘਾਟ ਰਹਿੰਦੀ ਹੈ। ਬਾਹਰਲੇ ਮੁਲਕਾਂ ਵਿਚ ਉਨ੍ਹਾਂ ਦੇ ਬਹੁਤ ਘੱਟ ਰਿਸ਼ਤੇਦਾਰ ਹਨ। ਜਿਨ੍ਹਾਂ ਦੇ ਰਿਸ਼ਤੇਦਾਰ ਬਾਹਰਲੇ ਮੁਲਕਾਂ 'ਚ ਹਨ, ਉਹ ਵਿਚਾਰੇ ਅਜੇ ਆਰਥਿਕ ਤੌਰ 'ਤੇ ਖੁਦ ਹੀ ਪੈਰਾਂ ਉਤੇ ਨਹੀਂ ਖੜ੍ਹੋਤੇ, ਫੰਡ ਤਾਂ ਉਨ੍ਹਾਂ ਨੇ ਕੀ ਭੇਜਣੇ ਸਨ।

ਇਕ ਮੋਟੇ ਅੰਦਾਜ਼ੇ ਅਨੁਸਾਰ ਕਈ ਦਲਿਤ ਵਿਧਾਇਕ ਫੰਡਾਂ ਦੀ ਘਾਟ ਕਾਰਨ ਅਜੇ ਵੀ ਕਰਜ਼ਾਈ ਹਨ। ਉਨ੍ਹਾਂ ਕੋਲ ਜ਼ਮੀਨ ਨਹੀਂ ਤੇ ਉਨ੍ਹਾਂ ਦੇ ਘਰ ਵੀ ਸਾਧਾਰਨ ਹੀ ਹਨ। ਬਹੁਤਿਆਂ ਨੇ ਵਿਧਾਇਕ ਬਣਨ ਪਿੱਛੋਂ ਹੀ ਕਾਰਾਂ ਦੇ ਦਰਸ਼ਨ ਕੀਤੇ ਹਨ। ਨੌਂ ਦਲਿਤ ਵਿਧਾਇਕਾਂ ਵਿੱਚੋਂ ਕੇਵਲ ਇੱਕ ਨੂੰ ਹੀ ਵਿਰੋਧੀ ਧਿਰ ਦੀ ਉਪ ਨੇਤਾ ਲਈ ਚੁਣਿਆ ਗਿਆ ਹੈ। ਸੂਤਰਾਂ ਮੁਤਾਬਕ ਚੀਫ਼ ਵਿੱਪ ਦੀ ਖਾਲੀ ਪੋਸਟ ਵੀ ਉਚੀਆਂ ਜਾਤੀਆਂ ਵਿੱਚੋਂ ਕਿਸੇ ਇੱਕ ਨੂੰ ਮਿਲਣ ਦੀ ਸੰਭਾਵਨਾ ਹੈ, ਜਦਕਿ ਇੱਕ ਦਲਿਤ ਵਿਧਾਇਕ ਕੋਲ ਬਾਕਾਇਦਾ ਐਲ.ਐਲ.ਬੀ. ਦੀ ਡਿਗਰੀ ਹੈ ਤੇ ਇੱਕ ਹੋਰ ਦਲਿਤ ਵਿਧਾਇਕ ਬੀਬੀ ਕਾਨੂੰਨ ਦੇ ਵਿਸ਼ੇ ਵਿਚ ਪੀਐਚ. ਡੀ. ਕਰ ਰਹੀ ਹੈ।

ਜਥੇਬੰਦੀ ਦੇ ਅੰਦਰ ਵੀ ਉਚੀਆਂ ਜਾਤੀਆਂ ਦਾ ਹੀ ਬੋਲਬਾਲਾ ਹੈ। ਉਪਰਲੀਆਂ ਦੋ ਅਸਾਮੀਆਂ ਉੱਤੇ ਵੀ ਤੇ ਉੱਚ ਜਾਤੀਆਂ ਦਾ ਹੀ ਕਬਜ਼ਾ ਹੈ, ਬਾਕੀ ਜਨਰਲ ਸਕੱਤਰਾਂ ਦਾ ਵੱਡਾ ਗੱਫਾ ਵੀ ਉਨ੍ਹਾਂ ਨੂੰ ਹੀ ਮਿਲਿਆ ਹੈ। ਜ਼ਿਲ੍ਹਿਆਂ ਵਿੱਚ ਵੀ ਉਨ੍ਹਾਂ ਦੀ ਹੀ ਸਰਦਾਰੀ ਹੈ। ਅਜਿਹਾ ਕਿਉਂ ਹੈ? ਇਸ ਵਿਤਕਰੇ ਦੇ ਕੀ ਕਾਰਨ ਹਨ? ਪਾਰਟੀ ਦੀ ਲੀਡਰਸ਼ਿਪ ਵਿੱਚ ਦਲਿਤ ਨੂੰ ਵਿਸ਼ੇਸ਼ ਅਤੇ ਪ੍ਰਮੁੱਖ ਥਾਂ ਕਿਉਂ ਨਹੀਂ ਮਿਲ ਰਹੀ? ਅਫਸੋਸ ਇਸ ਗੱਲ ਦਾ ਹੈ ਕਿ ਨਾ ਹੀ ਪਾਰਟੀ ਇਸ ਲਈ ਗੰਭੀਰ ਹੈ ਅਤੇ ਨਾ ਹੀ ਦਲਿਤ ਖ਼ੁਦ ਆਪਣਾ ਹੱਕ ਮੰਗ ਰਹੇ ਹਨ।

'ਆਪ' ਵਿੱਚ ਦਲਿਤ ਰਾਜਨੀਤੀ ਦੀ ਗ਼ੈਰਹਾਜ਼ਰੀ ਉੱਤੇ ਚਰਚਾ ਕਰਦਿਆਂ ਸਾਨੂੰ ਰਤਾ ਅਕਾਲੀ ਰਾਜਨੀਤੀ ਅਤੇ ਕਾਂਗਰਸੀ ਰਾਜਨੀਤੀ ਵਿੱਚ ਦਲਿਤ ਦੀ ਥਾਂ, ਮਹੱਤਤਾ, ਰੁਤਬੇ ਦਾ ਵੀ ਵਿਸ਼ਲੇਸ਼ਣ ਕਰਨ ਦੀ ਲੋੜ ਹੈ। ਹੁਣ ਇਸ ਅਫਸੋਸਨਾਕ ਰੁਝਾਨ ਉੱਤੇ ਦੋ ਰਾਵਾਂ ਨਹੀਂ ਕਿ ਅਕਾਲੀ ਰਾਜਨੀਤੀ ਦੇ ਕਲਚਰ ਵਿੱਚ ਵੀ ਜੱਟ-ਰਾਜਨੀਤੀ ਜ਼ੋਰਾਵਰ ਹੈ ਜਦਕਿ ਕਾਂਗਰਸੀ ਕਲਚਰ ਵਿੱਚ ਇਹ ਰਾਜਨੀਤੀ ਏਨੀ ਸੰਘਣੀ ਤੇ ਮਹਾਂਬਲੀ ਨਹੀਂ, ਪਰ ਜ਼ੋਰਾਵਰ ਤੇ ਪ੍ਰਭਾਵਸ਼ਾਲੀ ਅਕਾਲੀ ਰਾਜਨੀਤੀ ਜਿੰਨੀ ਹੀ ਹੈ। ਇਸ ਲਈ ਪੰਜਾਬ ਦੀ ਜੱਟ-ਰਾਜਨੀਤੀ ਦੇ ਅਸਲ ਖਾਸੇ ਨੂੰ ਨੇੜਿਓਂ ਵੇਖਣ ਵਾਲੇ ਪਾਰਖੂ ਮਾਹਿਰਾਂ ਦਾ ਇਹ ਵਿਚਾਰ ਸੁੱਟਣ ਵਾਲਾ ਨਹੀਂ ਕਿ ਇਸ ਵਾਰ ਅਸੈਂਬਲੀ ਚੋਣਾਂ ਵਿੱਚ ਜਦੋਂ ਸਿੱਖਾਂ ਦੀ ਜੱਟ ਰਾਜਨੀਤੀ ਨੇ ਦੇਖਿਆ ਕਿ ਅਕਾਲੀ ਹਾਰ ਰਹੇ ਹਨ ਤਾਂ ਉਨ੍ਹਾਂ ਨੇ ਆਪਣੀ ਰਾਜਨੀਤਕ ਸਿਆਣਪ ਤੇ ਗਿਆਨ ਦਾ ਖ਼ਜ਼ਾਨਾ ਕਾਂਗਰਸੀਆਂ ਦੀ ਝੋਲੀ ਵਿੱਚ ਪਾ ਦਿੱਤਾ ਕਿਉਂਕਿ ਅਜੋਕੇ ਹਾਲਾਤ ਵਿੱਚ ਉਨ੍ਹਾਂ ਨੂੰ ਲੱਗਦਾ ਸੀ ਕਿ ਕਾਂਗਰਸੀ ਕਲਚਰ ਦੀ ਰਾਜਨੀਤੀ ਵੀ ਲੈ ਦੇ ਕੇ ਉਨ੍ਹਾਂ ਦੀ ਆਪਣੀ ਹੀ ਹੈ। ਪਰ ਉਹ ਕਿਸੇ ਵੀ ਹਾਲਤ ਵਿੱਚ ਤੀਜੀ ਧਿਰ ਭਾਵ 'ਆਪ' ਨੂੰ ਪੰਜਾਬ ਅੰਦਰ ਜੇਤੂਆਂ ਦੇ ਰੂਪ ਵਿੱਚ ਵੇਖਣ ਲਈ ਰਾਜ਼ੀ ਨਹੀਂ ਸਨ। ਪਰ ਉਨ੍ਹਾਂ ਨੂੰ ਕੀ ਪਤਾ ਸੀ ਕਿ 'ਆਪ' ਅੰਦਰ ਵੀ ਥੋੜ੍ਹੇ ਬਹੁਤੇ ਫਰਕ ਨਾਲ ਜੱਟ ਰਾਜਨੀਤੀ ਦਾ ਹੀ ਬੋਲਬਾਲਾ ਰਹੇਗਾ। ਅਕਾਲੀ-ਰਾਜਨੀਤੀ ਗਰੀਬ ਗੁਰਬਿਆਂ ਅਤੇ ਕਿਰਤੀਆਂ ਤੇ ਮਜ਼ਲੂਮਾਂ ਦੀ ਰਾਖੀ ਕਰਨ ਦੀ ਥਾਂ ਐਸ਼ੋ-ਇਸ਼ਰਤ ਕਰਨ ਵਾਲਿਆਂ ਅਤੇ ਟੱਬਰ-ਪਾਲ ਰਾਜਨੀਤੀ ਕਰਨ ਵਾਲਿਆਂ ਦੇ ਕਬਜ਼ੇ ਹੇਠ ਚਲੀ ਗਈ ਹੈ ਅਤੇ ਇਹ ਪੰਜਾਬ ਦੇ ਇਤਿਹਾਸ ਨਾਲ ਵੱਡਾ ਵਿਸ਼ਵਾਸਘਾਤ ਹੋਇਆ ਹੈ। ਪਰ ਆਮ ਆਦਮੀ ਪਾਰਟੀ ਉੱਤੇ ਅਜੇ ਵੱਡੇ ਇਲਜ਼ਾਮ ਲਾਉਣਾ ਸਥਿਤੀ ਦੀ ਗ਼ੈਰ-ਹਕੀਕੀ ਪੜਚੋਲ ਹੋਏਗੀ। ਉਹ ਦਲਿਤਾਂ ਵੱਲ ਮੂੰਹ ਕਰੇਗੀ, ਇਸ ਦੀ ਉਮੀਦ ਬਹੁਤ ਘੱਟ ਹੈ।

# ਸਿਆਸੀ ਇਕੱਲ ਹੰਢਾਅ ਰਹੇ ਨੇ ਲਾਲ ਕ੍ਰਿਸ਼ਨ ਅਡਵਾਨੀ...

**ਹਰੀਸ਼ ਖਰੇ**

ਲਾਲ ਕ੍ਰਿਸ਼ਨ ਅਡਵਾਨੀ ਕੁਝ ਦਿਨ ਪਹਿਲਾਂ 90 ਵਰ੍ਹਿਆਂ ਦੇ ਹੋ ਗਏ। ਭਾਵੇਂ ਪਾਰਟੀ ਵਿਚਲੇ ਉਨ੍ਹਾਂ ਦੇ ਸਾਥੀਆਂ ਨੇ ਸਮਾਜਿਕ ਜ਼ਿੰਮੇਵਾਰੀ ਵਜੋਂ ਉਨ੍ਹਾਂ ਦੇ ਘਰ ਫੇਰੀ ਪਾ ਕੇ ਅਤੇ



ਟਵੀਟ ਕਰਕੇ ਉਨ੍ਹਾਂ ਨੂੰ ਜਨਮ ਦਿਨ ਦੀ ਮੁਬਾਰਕਬਾਦ ਦਿੱਤੀ, ਪਰ ਫਿਰ ਵੀ ਇਹ ਮੌਕਾ ਜਜ਼ਬਾਤੀ ਕਰਨ ਤੇ ਕੁਝ ਚੋਭ ਲਾਉਣ ਵਾਲਾ ਜ਼ਰੂਰ ਸੀ। ਇਸ ਗੱਲ ਨੇ ਇਸ ਬਜ਼ੁਰਗ ਸਿਆਸਤਦਾਨ ਨੂੰ ਇਹ ਚਿੰਤਨ ਕਰਨ ਲਈ ਉਕਸਾਇਆ ਹੋਵੇਗਾ ਕਿ ਉਨ੍ਹਾਂ ਨੂੰ ਉਸੇ ਪਾਰਟੀ ਵਿੱਚ ਹੀ ਖੂੰਡੇ ਕਿਉਂ ਲਾ ਦਿੱਤਾ ਗਿਆ ਜਿਸ ਨੂੰ ਉਨ੍ਹਾਂ ਨੇ ਰਾਸ਼ਟਰੀ ਪੱਧਰ ਦੀ ਸ਼ਕਤੀ ਵਜੋਂ ਵਿਕਸਿਤ ਕੀਤਾ ਸੀ।

ਸਿਰਫ਼ ਉਮਰ ਹੀ ਅਡਵਾਨੀ ਦੀ ਅਲਹਿਦਗੀ ਦਾ ਕਾਰਨ ਨਹੀਂ ਹੈ। ਬਿਮਾਰ ਹੋਣ ਦੇ ਬਾਵਜੂਦ 92 ਸਾਲ ਦੇ ਐੱਮ. ਕਰੁਣਾਨਿਧੀ ਆਪਣੀ ਪਾਰਟੀ - ਡੀਐੱਮਕੇ (ਦ੍ਰਾਵਿੜ ਮੁਨੇਤਰ ਕੜਗਮ) ਦੀ ਸਿਆਸੀ ਪ੍ਰਮਾਣਿਕਤਾ ਦੇ ਅਜੇ ਵੀ ਇਕਲੌਤੇ ਸਰੋਤ ਬਣੇ ਹੋਏ ਹਨ। ਭਾਵੇਂ ਪ੍ਰਤੱਖ ਰੂਪ ਵਿੱਚ ਐੱਮ. ਸਟਾਲਿਨ ਨੂੰ ਪਾਰਟੀ ਦੀ ਕਮਾਨ ਸੌਂਪ ਦਿੱਤੀ ਗਈ ਹੈ, ਫਿਰ ਵੀ ਪਾਰਟੀ ਕਾਡਰ ਵੱਲੋਂ ਅਸਲ ਪਿਆਰ ਤੇ ਮਾਣ-ਸਤਿਕਾਰ ਬਜ਼ੁਰਗ ਕਰੁਣਾਨਿਧੀ ਨੂੰ ਹੀ ਮਿਲਦਾ ਹੈ। ਪੰਜਾਬ ਵਿੱਚ ਪ੍ਰਕਾਸ਼ ਸਿੰਘ ਬਾਦਲ ਹਨ, ਜੋ ਅਗਲੇ ਮਹੀਨੇ ਨੱਬੇ ਸਾਲ ਦੇ ਹੋ ਜਾਣਗੇ; ਫਿਰ ਵੀ ਹਰ ਕੋਈ ਇਹ ਗੱਲ ਸਵੀਕਾਰ ਕਰਦਾ ਹੈ ਕਿ ਲੋਕਾਂ ਨੂੰ ਰੜਕਣ ਵਾਲੇ ਆਪਣੇ ਪਰਿਵਾਰ ਦੇ ਬਾਵਜੂਦ ਇਕੱਲੇ ਉਹ ਹੀ ਅਕਾਲੀ ਦਲ ਨੂੰ ਭਰੋਸੇਯੋਗਤਾ ਅਤੇ ਸਤਿਕਾਰ ਦਿਵਾਉਂਦੇ ਆਏ ਹਨ।

ਅਡਵਾਨੀ ਦੀ ਇਕੱਲਤਾ ਤੇ ਅਲਹਿਦਗੀ ਦਾ ਦੋਸ਼ ਪੂਰੀ ਤਰ੍ਹਾਂ ਉਨ੍ਹਾਂ ਦੀ ਵੱਡੀ ਉਮਰ ਉੱਤੇ ਨਹੀਂ ਮੜ੍ਹਿਆ ਜਾ ਸਕਦਾ। ਸ਼ਾਇਦ ਅਡਵਾਨੀ ਉਸ ਯੁੱਗ ਦੀ ਪ੍ਰਤੀਨਿਧਤਾ ਕਰਦੇ ਹਨ ਜਿਸ ਨੂੰ ਅੱਜ ਦਾ ਭਾਰਤ ਬਹੁਤ ਪਿੱਛੇ ਛੱਡ ਆਇਆ ਹੈ।

ਅਡਵਾਨੀ ਉਸ ਪੁਰਾਣੇ ਦੌਰ ਨਾਲ ਸਬੰਧਿਤ ਹਨ ਜਦੋਂ ਸਲੀਕੇ, ਅਦਬ-ਆਦਾਬ, ਸ਼ਿਸ਼ਟਤਾ, ਸੱਜਣਤਾ, ਨਿੱਜੀ ਸਾਂਝ ਤੇ ਸੂਹਜ ਆਦਿ ਦੀ ਵੁੱਕਤ ਹੁੰਦੀ ਸੀ। ਉਦੋਂ ਸਿਆਸੀ ਮਤਭੇਦ ਨਿੱਜੀ ਦੁਸ਼ਮਣੀਆਂ ਦੀ ਹੱਦ ਤਕ ਨਹੀਂ ਨਿੱਘਰਦੇ ਸਨ। ਉਨ੍ਹਾਂ ਦੇ ਸ਼ੌਕ ਤੇ ਸ਼ੁਗਲ (ਕ੍ਰਿਕਟ, ਹਿੰਦੀ ਫ਼ਿਲਮਾਂ ਆਦਿ) ਆਮ ਜਹੇ ਸਨ ਅਤੇ ਦੁਨੀਆਂ ਪ੍ਰਤੀ ਨਜ਼ਰੀਆ ਵੀ ਬੜਾ ਸਾਦਾ ਜਿਹਾ ਹੈ। ਉਹ ਗੁਲਸ਼ਨ ਨੰਦਾ ਵਰਗੇ ਲੇਖਕਾਂ ਦੇ ਅਜਿਹੇ ਪ੍ਰਸ਼ੰਸਕ ਸਨ ਜੋ ਜੌਹਨ ਗ੍ਰੀਸ਼ਮ ਦੀਆਂ ਲਿਖਤਾਂ ਦਾ ਵੀ ਹੌਲੀ ਹੌਲੀ ਪ੍ਰਸ਼ੰਸਕ ਬਣ ਗਿਆ। ਉਹ ਅੰਗਰੇਜ਼ੀ ਬੋਲਣ ਵਾਲੇ 'ਬੁੱਧੀਜੀਵੀਆਂ' ਤੋਂ ਬਹੁਤ ਸੌਖਿਆਂ ਹੀ ਪ੍ਰਭਾਵਿਤ ਹੋ ਜਾਂਦੇ ਸਨ। ਇੱਕ ਵਾਰ ਤਾਂ ਉਨ੍ਹਾਂ ਨੇ ਪੱਤਰਕਾਰ ਬਰਖਾ ਦੱਤ ਦੀ ਆਖੀ ਗੱਲ ਨੂੰ ਪ੍ਰਮਾਣਿਕ ਦਰਸਾਉਂਦਿਆਂ ਲੋਕ ਸਭਾ ਵਿੱਚ ਉਸ ਦਾ ਹਵਾਲਾ ਦੇ ਦਿੱਤਾ ਸੀ (ਇਹ ਉਹ ਪਲ ਸੀ ਜਦੋਂ ਮੇਰੇ ਮਨ ਵਿੱਚ ਇਹ ਦ੍ਰਿੜ੍ਹ ਵਿਸ਼ਵਾਸ ਪੈਦਾ ਹੋ ਗਿਆ ਕਿ ਭਾਰਤ ਦਾ ਪ੍ਰਧਾਨ ਮੰਤਰੀ ਬਣਨ ਲਈ ਲੋੜੀਂਦੀ ਲਾਜ਼ਮੀ ਸੂਝ-ਬੂਝ ਦੀ ਉਨ੍ਹਾਂ ਵਿੱਚ ਘਾਟ ਹੈ)।

ਜਿੰਨਾ ਚਿਰ ਅਟਲ ਬਿਹਾਰੀ ਵਾਜਪਾਈ ਦੀ ਸਿਹਤ ਚੰਗੀ ਰਹੀ, ਓਨਾ ਚਿਰ ਅਡਵਾਨੀ ਕਦੇ ਵੀ ਆਪਣੀ ਪਾਰਟੀ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਵਜੋਂ ਪ੍ਰਚਾਰੇ ਜਾਣ ਬਾਰੇ ਸੋਚ ਵੀ ਨਹੀਂ ਸਕਦੇ ਸਨ। ਉਨ੍ਹਾਂ ਨੂੰ 2009 ਵਿੱਚ ਇਸ ਦਾ ਮੌਕਾ ਮਿਲਿਆ। ਉਹ 'ਬੇਨੂਰ' ਮਨਮੋਹਨ ਸਿੰਘ ਖ਼ਿਲਾਫ਼ ਮੁਕਾਬਲੇ ਵਿੱਚ ਬੜੇ ਜੋਸ਼ ਨਾਲ ਖੜ੍ਹੇ ਹੋਏ ਅਤੇ ਉਨ੍ਹਾਂ ਨੇ ਪੂਰੇ ਉਤਸ਼ਾਹ ਨਾਲ ਸਾਰੇ ਮੁਲਕ ਵਿੱਚ ਚੋਣ ਪ੍ਰਚਾਰ ਮੁਹਿੰਮ ਵਿੱਚ ਹਿੱਸਾ ਲੈਂਦਿਆਂ ਕਿਹਾ ਕਿ ਰਾਸ਼ਟਰ ਨੂੰ 'ਮਜ਼ਬੂਤ' ਪ੍ਰਧਾਨ ਮੰਤਰੀ ਦੀ ਜ਼ਰੂਰਤ ਹੈ। ਆਪਣੀ ਸਾਰੀ ਸਿਆਸੀ ਅੰਤਰਦ੍ਰਿਸ਼ਟੀ ਦੇ ਬਾਵਜੂਦ ਅਡਵਾਨੀ ਇਹ ਗੱਲ ਫੜਨ ਵਿੱਚ ਨਾਕਾਮ ਰਹੇ ਕਿ 'ਕਮਜ਼ੋਰ' ਪ੍ਰਧਾਨ ਮੰਤਰੀ ਆਪਣੀ ਸੰਜੀਦਗੀ ਅਤੇ ਸਮਰੱਥਾ ਸਦਕਾ ਮੱਧਵਰਗ ਦੇ ਸਨੇਹ ਦੀ ਪਕੜ ਵਿੱਚ ਮਜ਼ਬੂਤੀ ਨਾਲ ਆ ਚੁੱਕੇ ਹਨ। ਭਾਰਤ-ਅਮਰੀਕਾ ਪਰਮਾਣੂ ਸੰਧੀ ਇਸ ਦਾ ਪ੍ਰਤੱਖ ਪ੍ਰਮਾਣ ਸੀ। 2009 ਵਿੱਚ ਮਨਮੋਹਨ ਸਿੰਘ ਨੇ ਸਥਿਰਤਾ ਦੇ ਪ੍ਰਤੀਨਿਧ ਸਨ ਜਦੋਂਕਿ ਅਡਵਾਨੀ 6 ਦਸੰਬਰ 1992 ਦੇ ਬਾਬਰੀ ਮਸਜਿਦ ਢਾਹੇ ਜਾਣ ਦੇ ਜ਼ਲਜ਼ਲੇਦਾਰ ਪਲ 'ਚ ਹੀ ਅਟਕੇ ਰਹੇ ਜੋ ਰਾਸ਼ਟਰ ਲਈ ਇੱਕ ਪੂਰੀ ਤਰ੍ਹਾਂ ਹਿਲਾ ਦੇਣ ਵਾਲਾ ਤਜਰਬਾ ਸੀ। ਕਿਸੇ ਵੀ ਸਮੇਂ ਰਾਸ਼ਟਰ ਨੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਵਜੋਂ ਨਹੀਂ ਕਿਆਸਿਆ।

2014 ਦੀਆਂ ਲੋਕਾਂ ਸਭਾ ਚੋਣਾਂ ਦੀ ਦੌੜ ਵਿੱਚ ਉਨ੍ਹਾਂ ਦੇ ਆਪਣੇ ਹੀ ਚੇਲਿਆਂ ਨੇ ਉਨ੍ਹਾਂ ਨੂੰ ਮਾਤ ਦੇ ਦਿੱਤੀ। ਇਹ ਵੀ ਸੰਭਵ ਹੈ ਕਿ ਪ੍ਰਿਥਵੀਰਾਜ ਰੋਡ 'ਤੇ ਸਥਿਤ ਆਪਣੇ ਸ਼ਾਨਦਾਰ ਘਰ ਵਿੱਚ ਅਲਿਹਦਗੀ ਦੇ ਪਲਾਂ ਵਿੱਚ ਵਿਚਰਦਿਆਂ ਉਨ੍ਹਾਂ ਨੂੰ ਦਗੇਬਾਜ਼ੀ ਦੇ ਵਰਤਾਰੇ ਉੱਤੇ ਵਿਚਾਰ ਕਰਨ ਦਾ ਸਮਾਂ ਮਿਲ ਗਿਆ ਹੋਵੇ। ਉਹ ਸਾਰੇ ਉਨ੍ਹਾਂ ਨੂੰ ਛੱਡ ਗਏ ਹਨ ਜੋ ਸਰਪ੍ਰਸਤੀ, ਸੁਰੱਖਿਆ ਅਤੇ ਪ੍ਰੋਤਸਾਹਨ ਲਈ ਕਦੇ ਉਨ੍ਹਾਂ ਉੱਤੇ ਨਿਰਭਰ ਸਨ। ਮੌਕਾਪ੍ਰਸਤੀ ਕਈ ਕਿਸਮਾਂ ਦੀ ਹੁੰਦੀ ਹੈ, ਇੱਥੋਂ ਤਕ ਕਿ ਸੰਘ ਦੀਆਂ ਸ਼ਾਖਾਵਾਂ ਵਿੱਚ ਹਾਸਲ ਸਿੱਖਿਆ ਉੱਤੇ ਮਾਣ ਕਰਨ ਵਾਲੇ ਵੀ ਦਗੇਬਾਜ਼ੀ ਦੀਆਂ ਵੰਨਗੀਆਂ ਤੋਂ ਅਣਭਿੱਜ ਨਹੀਂ ਹਨ।

ਬੜੇ ਜ਼ਹੀਨਤਰੀਨ ਢੰਗ ਨਾਲ ਅਡਵਾਨੀ ਨੇ ਸੁਹਜਮਈ ਖ਼ਾਮੋਸ਼ੀ ਧਾਰੀ ਹੋਈ ਹੈ ਭਾਵੇਂ ਕਿ ਉਨ੍ਹਾਂ ਕੋਲ ਆਪਣੀ ਆਵਾਜ਼ ਮੁੜ ਬੁਲੰਦ ਕਰਨ ਦਾ ਵਿਕਲਪ ਹਾਲੇ ਵੀ ਮੌਜੂਦ ਹੈ।

'ਦਿ ਇੰਡੀਅਨ ਐਕਸਪ੍ਰੈਸ' ਵੱਲੋਂ ਛਾਪੇ ਗਏ ਨਵੇਂ ਖੁਲਾਸਿਆਂ, ਜਿਨ੍ਹਾਂ ਨੂੰ ਬਹਿਸ਼ਤੀ ਦਸਤਾਵੇਜ਼ (ਪੈਰਾਡਾਈਜ਼ ਪੇਪਰਜ਼) ਕਿਹਾ ਜਾ ਰਿਹਾ ਹੈ, ਨੇ ਇੱਕ ਵਾਰ ਫਿਰ ਸਾਨੂੰ ਆਪਣਾ ਧਿਆਨ ਅਮਿਤਾਭ ਬੱਚਨ ਅਤੇ ਉਸ ਦੀਆਂ ਕਾਰੋਬਾਰੀ ਸਰਗਰਮੀਆਂ ਦੇ ਇਖ਼ਲਾਕੀ ਪਾਸਾਰ ਉੱਤੇ ਕੇਂਦਰਿਤ ਕਰਨ ਲਈ ਮਜਬੂਰ ਕੀਤਾ ਹੈ।

ਅਮਿਤਾਭ ਨੇ ਇੱਕ ਸੱਭਿਆਚਾਰਕ ਹਸਤੀ ਵਜੋਂ ਨਾਇਕਾਂ ਵਾਲਾ ਰੁਤਬਾ ਹਾਸਲ ਕਰ ਲਿਆ ਹੈ। ਉਹ ਉਨ੍ਹਾਂ ਪ੍ਰਾਪਤੀਆਂ ਅਤੇ ਮਾਣ-ਸਨਮਾਨਾਂ ਤੋਂ ਉੱਪਰ ਉੱਠ ਚੁੱਕਿਆ ਹੈ ਜੋ ਉਸ ਨੇ ਬਹੁਤ ਕਾਮਯਾਬ ਅਦਾਕਾਰ ਵਜੋਂ ਇਕੱਤਰ ਕੀਤੇ ਹਨ। ਆਪਣੀ ਸਿਨਮਈ ਕਾਮਯਾਬੀ ਰਾਹੀਂ ਉਸ ਨੇ ਬੜੀ ਸ਼ਾਤਿਰਤਾ ਨਾਲ ਇੱਕ ਹੋਰ ਬਹੁਤ ਹੀ ਲਾਹੇਵੰਦੇ ਖੇਤਰ ਭਾਵ ਕਮਰਸ਼ਲ ਇਸ਼ਤਿਹਾਰਬਾਜ਼ੀ ਦੀ ਦੁਨੀਆਂ ਵਿੱਚ ਦਾਖ਼ਲਾ ਪਾ ਲਿਆ। ਉਸ ਨੇ ਆਪਣੇ ਸਿਨਮਈ ਕ੍ਰਿਸ਼ਮੇ ਨੂੰ ਹਰ ਤਰ੍ਹਾਂ ਦੇ ਉਤਪਾਦ ਵੇਚਣ ਲਈ ਇਸ਼ਤਿਹਾਰਬਾਜ਼ੀ ਕਰਕੇ ਭੁਨਾਇਆ ਹੈ। ਇਸ ਪ੍ਰਕਿਰਿਆ ਵਿੱਚ ਉਹ ਖ਼ੁਦ ਇੱਕ ਕੀਮਤੀ 'ਬਰਾਂਡ' ਬਣ ਗਿਆ ਹੈ।

ਛੋਟੇ ਪਰਦੇ ਉੱਤੇ ਇਸ ਮੌਜੂਦਗੀ ਨੇ ਉਸ ਨੂੰ ਰਸ਼ਕਯੋਗ ਰੁਤਬਾ ਬਖ਼ਸ਼ਿਆ ਹੈ ਜੋ ਉਸ ਦੇ ਜ਼ਿਆਦਾਤਰ ਸਮਕਾਲੀਆਂ (ਜਿਵੇਂ ਧਰਮਿੰਦਰ, ਰਾਜੇਸ਼ ਖੰਨਾ) ਜਾਂ ਜਾਂਨਸ਼ੀਨਾਂ (ਸ਼ਾਹਰੁਖ਼ ਖ਼ਾਨ, ਆਮਿਰ ਖ਼ਾਨ) ਨੂੰ ਨਹੀਂ ਮਿਲ ਸਕਿਆ। ਸ਼ਾਇਦ ਅਮਿਤਾਭ ਬੱਚਨ ਨੇ ਇਹ ਗੱਲ ਸਮਝ ਲਈ ਕਿ ਭਾਰਤੀ ਸਮਾਜ ਵਿੱਚ ਮਾਣਮੱਤੀਆਂ ਪ੍ਰਾਪਤੀਆਂ ਕਰਨ ਵਾਲਿਆਂ ਅਤੇ ਨਾਇਕਾਂ ਦੀ ਘਾਟ ਹੈ ਅਤੇ ਇਸ ਨੂੰ ਖੋਟੇ ਸਿਆਸਤਦਾਨਾਂ ਦੀ ਥਾਂ ਕੋਈ ਹੋਰ ਚਾਹੀਦਾ ਹੈ ਜਿਸ ਦੀ ਪ੍ਰਸ਼ੰਸਾ ਕੀਤੀ ਜਾ ਸਕੇ। ਉਹ ਬੜੀ ਸਫ਼ਾਈ ਨਾਲ ਇਹ ਭੂਮਿਕਾ ਨਿਭਾ ਰਿਹਾ ਹੈ। ਹੁਣ ਤਾਂ ਸੰਦੇਹਪੂਰਨ ਸਿਆਸਤਦਾਨ ਨੂੰ ਆਪਣੇ ਸ਼ੱਕੀ ਪ੍ਰਾਜੈਕਟਾਂ ਵਾਸਤੇ ਅਮਿਤਾਭ ਦੀ ਲੋੜ ਹੁੰਦੀ ਹੈ, ਅਮਿਤਾਭ ਨੂੰ ਉਸ ਦੀ ਨਹੀਂ।

ਛੋਟੇ ਅਤੇ ਵੱਡੇ ਪਰਦੇ ਉੱਤੇ ਪਹਿਲਾਂ ਹੀ ਰੁੱਝੇ ਰਹਿਣ ਦੇ ਨਾਲ ਨਾਲ ਉਸ ਨੇ ਕਾਰੋਬਾਰੀ ਸਰਗਰਮੀਆਂ ਵਿੱਚ ਵੀ ਪੈਰ ਧਰਿਆ। ਪੈਰਾਡਾਈਜ਼ ਪੇਪਰਜ਼ ਅਤੇ ਪਨਾਮਾ ਦਸਤਾਵੇਜ਼ ਉਸ ਨੂੰ ਅਜਿਹੇ ਵਿਅਕਤੀ ਵਜੋਂ ਪੇਸ਼ ਕਰਦੇ ਹਨ ਜੋ ਵਿਦੇਸ਼ਾਂ ਵਿੱਚ ਕਾਰੋਬਾਰ ਕਰਨ ਦੀ ਵਹਿੰਦੀ ਗੰਗਾ ਵਿੱਚ



ਹੱਥ ਧੋਣ ਤੋਂ ਕਤਰਾਉਂਦਾ ਨਹੀਂ। ਸ਼ਾਇਦ ਇਹ ਸਿਨਮਾ, ਸਿਆਸਤ ਅਤੇ ਕਾਰੋਬਾਰ ਦਾ ਨਵਾਂ ਨਾਪਾਕ ਗੱਠਜੋੜ ਹੈ। ਇਹ ਗੱਲ ਵੀ ਮੰਨਣਯੋਗ ਹੈ ਕਿ ਸਾਰੇ ਵਿਦੇਸ਼ੀ ਖਾਤੇ ਗ਼ੈਰਕਾਨੂੰਨੀ ਨਹੀਂ ਹਨ। ਪਰ ਇਹ ਦਸਤਾਵੇਜ਼ ਇਸ ਹਕੀਕਤ ਵੱਲ ਵੀ ਸੈਨਤ ਕਰਦੇ ਹਨ ਕਿ ਭਾਰਤੀਆਂ ਵੱਲੋਂ ਵਿਦੇਸ਼ ਵਿੱਚ ਚਲਾਈਆਂ ਜਾ ਰਹੀਆਂ ਸਰਗਰਮੀਆਂ ਵਿੱਚ ਕੁਝ ਨਾ ਕੁਝ ਘਾਲਾ-ਮਾਲਾ ਜ਼ਰੂਰ ਹੈ ਜਿਨ੍ਹਾਂ ਵਿੱਚ ਦਲਾਲਾਂ, ਕਮਿਸ਼ਨ ਏਜੰਟਾਂ ਤੇ ਪੋਰਟਫੋਲੀਓ ਮੈਨੇਜਰਾਂ ਦੀ ਖ਼ਾਸ ਭੂਮਿਕਾ ਹੁੰਦੀ ਹੈ।

ਜਦੋਂ ਪਹਿਲਾਂ ਪਨਾਮਾ ਦਸਤਾਵੇਜ਼ਾਂ ਵਿੱਚ ਅਮਿਤਾਭ ਬੱਚਨ ਦਾ ਨਾਮ ਆਇਆ ਤਾਂ ਉਸ ਨੇ ਕਿਸੇ ਵੀ ਕਿਸਮ ਦੇ 'ਹਸੀਨੇ' ਕਾਰੋਬਾਰ ਵਿੱਚ ਕਿਸੇ ਵੀ ਤਰ੍ਹਾਂ ਦੀ ਸ਼ਮੂਲੀਅਤ ਦੇ ਦੋਸ਼ਾਂ ਨੂੰ ਮੂਲੋਂ ਖ਼ਾਰਜ ਕਰ ਦਿੱਤਾ। 'ਪੈਰਾਡਾਈਜ਼ ਪੇਪਰਜ਼' ਪ੍ਰਕਾਸ਼ਿਤ ਹੋਣ ਤੋਂ ਮਹਿਜ਼ ਇੱਕ ਦਿਨ ਪਹਿਲਾਂ ਉਸ ਨੇ ਆਪਣੇ ਬਲੌਗ ਵਿੱਚ ਲਿਖਿਆ: "ਇਸ ਉਮਰ ਅਤੇ ਆਪਣੀ ਜ਼ਿੰਦਗੀ ਦੇ ਇਸ ਪੜਾਅ ਉੱਤੇ ਮੈਂ ਸ਼ਾਂਤੀ ਅਤੇ ਮਸ਼ਹੂਰੀ ਤੋਂ ਮੁਕਤੀ ਚਾਹੁੰਦਾ ਹਾਂ।"

ਲੋਕਾਂ ਦੀ ਜਿਸ ਸਵੱਲੀ ਨਜ਼ਰ ਨੇ ਉਸ ਨੂੰ ਮਾਰਕੀਟਿੰਗ ਦੇ ਖੇਤਰ ਵਿੱਚ ਇੰਨੀ ਸ਼ੋਹਰਤ ਦਿਵਾਈ ਅਤੇ ਬਹੁਤ ਅਮੀਰ ਆਦਮੀ ਬਣਾਇਆ, ਉਹੀ ਹੁਣ ਉਸ ਨੂੰ ਗਲ ਪਿਆ ਢੋਲ ਜਾਪਣ ਲੱਗੀ ਹੈ। ਅਸੀਂ ਸਚਮੁੱਚ ਹੀ ਨੈਤਿਕ ਅਸਪਸ਼ਟਤਾ ਦੇ ਸਮਿਆਂ ਵਿੱਚ ਰਹਿ ਰਹੇ ਹਾਂ!

ਇਹ ਬੜੀ ਤਾਜ਼ਗੀ ਭਰਨ ਵਾਲੀ ਗੱਲ ਸੀ ਕਿ ਅਰਵਿੰਦ ਕੇਜਰੀਵਾਲ ਨੇ ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੂੰ 'ਆਪ' ਦੇ ਕੋਟੇ ਵਿੱਚੋਂ ਦਿੱਲੀ ਤੋਂ ਰਾਜ ਸਭਾ ਮੈਂਬਰ ਬਣਾਉਣ ਦੀ ਪੇਸ਼ਕਸ਼ ਕੀਤੀ ਸੀ। ਇਹ ਇੱਕ ਵਿਲੱਖਣ ਅਤੇ ਬਹੁਤ ਤਸੱਲੀ ਦੇਣ ਵਾਲਾ ਵਿਚਾਰ ਸੀ। ਕੁਝ ਦਿਨਾਂ ਬਾਅਦ ਪਤਾ ਲੱਗਿਆ ਕਿ ਸੇਵਾਮੁਕਤ ਬੈਂਕਰ ਨੇ ਇਹ ਪੇਸ਼ਕਸ਼ ਠੁਕਰਾ ਦਿੱਤੀ।

ਇਹ ਪੇਸ਼ਕਸ਼ ਠੁਕਰਾਉਣ ਲਈ ਪ੍ਰੋਫ਼ੈਸਰ ਰਾਜਨ ਕੋਲ ਠੋਸ ਕਾਰਨ ਹੋਣਗੇ। ਰਾਜ ਸਭਾ ਸੀਟ ਦੀ ਪੇਸ਼ਕਸ਼ ਪਿੱਛੇ ਨਿਰੋਲ ਰਾਜਨੀਤੀ ਹੋਣ ਦਾ ਸੰਕੇਤ ਤਾਂ ਸਾਫ਼ ਹੀ ਸੀ। ਇਸ ਤੋਂ ਇਲਾਵਾ, ਇੱਕ ਵਾਰ ਕੋਈ ਪਾਰਟੀ ਮੰਚ ਸਵੀਕਾਰ ਕਰਨ ਨਾਲ ਬਹੁਤ ਪੜ੍ਹੇ-ਲਿਖੇ ਅਤੇ ਬਹੁਤ ਸੂਝਵਾਨ ਵਿਅਕਤੀ ਨੂੰ ਵੀ ਪਾਰਟੀ ਸਿਆਸਤ, ਇਸ ਦੇ ਅਨੁਸ਼ਾਸਨ ਅਤੇ ਇਸ ਦੇ ਤਕਾਜ਼ਿਆਂ ਮੁਤਾਬਿਕ ਢਲਣਾ ਪੈਂਦਾ ਹੈ ਜੋ ਹਮੇਸ਼ਾਂ ਪ੍ਰੇਰਨਾਦਾਇਕ ਨਹੀਂ ਹੁੰਦੇ। 'ਆਪ' ਵਾਲਾ ਹਜੂਮ ਤਾਂ ਕਿਸੇ ਦੀ ਸਾਖ਼ ਅਤੇ ਅਕਾਦਮਿਕ ਪ੍ਰਾਪਤੀਆਂ ਦਾ ਸਤਿਕਾਰ ਕਰਨ ਦਾ ਪਹਿਲਾਂ ਹੀ ਆਦੀ ਨਹੀਂ। ਇਹ ਪੇਸ਼ਕਸ਼ ਕਬੂਲ ਕਰਕੇ ਪ੍ਰੋਫ਼ੈਸਰ ਰਾਜਨ ਨੇ ਬਦਮਿਜ਼ਾਜੀ ਦੀ ਉਸ ਸਿਆਸਤ ਵਿੱਚ ਘਿਰ ਜਾਣਾ ਸੀ ਜਿਹੜੀ 'ਆਪ' ਦੇ ਆਗੂ ਬੜੀ 'ਦਿਆਨਤਦਾਰੀ' ਨਾਲ ਕਰਦੇ ਹਨ।

ਵੱਡਾ ਸਵਾਲ ਇਹ ਹੈ ਕਿ ਸਾਡਾ ਸਿਆਸੀ ਜੀਵਨ ਕੀ ਇੰਨਾ ਖਿੱਚ-ਰਹਿਤ ਹੋ ਗਿਆ ਹੈ ਜੋ ਰਾਜਨ ਵਰਗੇ ਕੌਮਾਂਤਰੀ ਪੱਧਰ ਉੱਤੇ ਸਤਿਕਾਰੇ ਜਾਂਦੇ ਅਰਥ ਸ਼ਾਸਤਰੀ ਅਤੇ ਬੁੱਧੀਜੀਵੀ ਨੂੰ ਬਿਲਕੁਲ ਆਕਰਸ਼ਿਤ ਨਹੀਂ ਕਰਦਾ? ਸਾਡਾ ਸਿਆਸੀ ਸੰਵਾਦ, ਬੇਸ਼ੱਕ, ਦਿਨੋ-ਦਿਨ ਵੱਧ ਪੇਤਲਾ ਤੇ ਮਲੀਨ ਹੁੰਦਾ ਜਾ ਰਿਹਾ ਹੈ। ਅਸੀਂ 'ਸਖ਼ਤ ਮਿਹਨਤ' ਕਰਨ ਦੀ ਡੌਂਡੀ ਪਿੱਟਣ ਅਤੇ 'ਹਾਰਵਰਡ' ਦੀ ਨਿੰਦਾ ਕਰਨ ਵਿੱਚ ਮਾਣ ਸਮਝਣ ਲੱਗੇ ਹਾਂ। ਅਜੋਕੇ ਸਮੇਂ ਬੁੱਧੀਜੀਵੀ-ਵਿਰੋਧੀ ਦੌਰ ਬਣਾ ਲਿਆ ਗਿਆ ਹੈ। ਕੱਟੜ ਸਿਆਸਤਦਾਨਾਂ ਨੇ ਬੁੱਧੀਜੀਵੀਆਂ ਨੂੰ ਜਨਤਕ ਨੀਤੀ ਸਬੰਧੀ ਬਹਿਸ ਵਿੱਚੋਂ ਆਪਣੀ ਹਜੂਮੀ ਸ਼ਕਤੀ ਰਾਹੀਂ ਬਾਹਰ ਕਰ ਦਿੱਤਾ ਹੈ।

ਉਂਜ, ਹਮੇਸ਼ਾਂ ਅਜਿਹਾ ਨਹੀਂ ਹੁੰਦਾ ਰਿਹਾ। ਆਜ਼ਾਦ ਭਾਰਤ ਦੇ ਸ਼ੁਰੂਆਤੀ ਦੌਰ ਵਿੱਚ ਸਾਡੇ ਕੋਲ ਜਵਾਹਰਲਾਲ ਨਹਿਰੂ, ਜੈਪ੍ਰਕਾਸ਼ ਨਾਰਾਇਣ ਅਤੇ ਰਾਮ ਮਨੋਹਰ ਲੋਹੀਆ ਵਰਗੇ ਆਗੂ ਸਨ ਜੋ ਗੰਭੀਰ ਚਿੰਤਕ ਸਨ। ਇਹ ਸਾਰੇ ਨੇਤਾ ਵਿਚਾਰਵਾਨ ਸ਼ਖ਼ਸੀਅਤਾਂ ਵੱਲ ਖਿੱਚੇ ਜਾਂਦੇ ਸਨ ਅਤੇ ਬਦਲੇ ਵਿੱਚ ਵਿਚਾਰਵਾਨ ਸ਼ਖ਼ਸੀਅਤਾਂ ਇਨ੍ਹਾਂ ਵੱਲ ਆਕਰਸ਼ਿਤ ਹੁੰਦੀਆਂ ਸਨ। ਪ੍ਰਧਾਨ ਮੰਤਰੀ ਵਜੋਂ ਆਪਣੀ ਪਹਿਲੀ ਪਾਰੀ ਦੌਰਾਨ ਇੰਦਰਾ ਗਾਂਧੀ ਨੇ ਬਹੁਤ ਸਤਿਕਾਰਤ ਵਿਦਵਾਨਾਂ ਡਾ. ਤ੍ਰਿਗੁਣ ਸੇਨ, ਡਾ. ਵੀ.ਕੇ.ਆਰ.ਵੀ. ਰਾਓ ਤੇ ਪ੍ਰੋਫ਼ੈਸਰ ਨੂਰੁਲ ਹਸਨ ਨੂੰ ਆਪਣੀ ਵਜ਼ਾਰਤ ਵਿੱਚ ਸ਼ਾਮਲ ਕੀਤਾ ਸੀ।

ਪਿਛਲੇ ਕੁਝ ਦਹਾਕਿਆਂ ਦੌਰਾਨ ਸਾਡੀ ਸਿਆਸਤ ਅਤੇ ਇਸ ਦੇ ਨਿਯਮ ਇੰਨੇ ਅਪਮਾਨਜਨਕ ਬਣ ਗਏ ਹਨ ਕਿ ਸਿਰਫ਼ ਬੁੱਧੀਜੀਵੀ ਹੀ ਨਹੀਂ ਸਗੋਂ ਆਮ ਸਾਊ ਮਰਦ ਤੇ ਔਰਤਾਂ ਵੀ ਇਸ ਤੋਂ ਦੂਰ ਰਹਿਣਾ ਚਾਹੁੰਦੇ ਹਨ। ਬੁੱਧੀਜੀਵੀ, ਖ਼ਾਸਕਰ, ਆਪਣੀ ਆਜ਼ਾਦੀ ਨੂੰ ਅਹਿਮ ਸਮਝਦੇ, ਆਲੋਚਨਾਤਮਿਕ ਜਾਂਚ ਦੀ ਭਾਵਨਾ ਨੂੰ ਵਿਕਸਿਤ ਕਰਦੇ ਅਤੇ ਬੋਲਣ ਦੇ ਅਧਿਕਾਰ ਨੂੰ ਮਾਣਦੇ ਹਨ ਜਦੋਂਕਿ ਸਿਆਸਤ, ਅਨੁਸ਼ਾਸਨ ਦੇ ਨਾਮ ਉੱਤੇ ਆਗਿਆਕਾਰੀ ਹੋਣ ਦੀ ਮੰਗ ਕਰਦੀ ਹੈ। ਇਸ ਦੇ ਸਿੱਟੇ ਵਜੋਂ ਸਾਡਾ ਜਨਤਕ ਜੀਵਨ ਬਦਤਰ ਹੁੰਦਾ ਜਾ ਰਿਹਾ ਹੈ। ਅਸੀਂ ਕਿਸੇ ਇਮੈਨੁਅਲ ਮੈਕਰੋਂ ਨੂੰ ਆਪਣਾ ਕੌਮੀ ਆਗੂ ਚੁਣੇ ਜਾਣ ਦੀ ਉਮੀਦ ਹੀ ਨਹੀਂ ਕਰ ਸਕਦੇ। ਉਂਜ ਵੀ, ਅਸੀਂ ਕਿਹੜਾ ਫਰਾਂਸ ਵਾਸੀ ਹਾਂ!

ਉੱਤਰੀ ਭਾਰਤ ਵਿੱਚ ਰਹਿੰਦੇ ਅਸੀਂ ਸਾਰੇ ਖ਼ਤਰਨਾਕ ਹੱਦ ਤਕ ਪ੍ਰਦੂਸ਼ਿਤ ਹਵਾ ਕਾਰਨ ਰੋਹ ਵਿੱਚ ਜਾਪਦੇ ਹਾਂ। ਕੋਈ ਵੀ ਇਹ ਧਿਆਨ ਦੇਣ ਲਈ ਰੁਕਣਾ ਨਹੀਂ ਚਾਹੁੰਦਾ ਕਿ ਅਸੀਂ ਜਿਸ ਜ਼ਹਿਰੀਲੀ ਹਵਾ ਵਿੱਚ ਸਾਹ ਲੈ ਰਹੇ ਹਾਂ, ਉਸ ਲਈ ਕਿਸੇ ਨਾ ਕਿਸੇ ਤਰ੍ਹਾਂ ਅਸੀਂ ਸਾਰੇ ਹੀ ਦੋਸ਼ੀ ਹਾਂ। ਕੋਈ ਇੱਕ ਤਬਕਾ ਧੁਆਂਖੀ ਫ਼ਿਜ਼ਾ ਜਾਂ ਪ੍ਰਦੂਸ਼ਣ ਲਈ ਜ਼ਿੰਮੇਵਾਰ ਨਹੀਂ ਹੈ; ਇਸ ਦੇ ਨਾਲ ਹੀ ਕੋਈ ਇਕੱਲੀ ਸਰਕਾਰ ਜਾਂ ਏਜੰਸੀ ਇਸ ਪੇਚੀਦਾ ਮਸਲੇ ਨੂੰ ਖ਼ੁਦ ਨਹੀਂ ਸੁਲਝਾ ਨਹੀਂ ਸਕਦੀ। ਹਰ ਇੱਕ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਪਵੇਗਾ।

ਇਸ ਸੰਦਰਭ ਵਿੱਚ ਆਪਣੇ ਮਿੱਤਰ ਪ੍ਰੋਫ਼ੈਸਰ ਪ੍ਰਮੋਦ ਕੁਮਾਰ ਵੱਲੋਂ ਮਿਲੇ ਵਿਆਹ ਦੇ ਸੱਦਾ ਪੱਤਰ ਤੋਂ ਮੈਨੂੰ ਖ਼ੁਸ਼ੀ ਹੋਈ। ਉਹ ਇਸ ਮਹੀਨੇ ਦੇ ਅਖ਼ੀਰ ਵਿੱਚ ਆਪਣੀ ਧੀ ਸਵੀਕਾ ਦਾ ਵਿਆਹ ਕਰ ਰਹੇ ਹਨ। ਇਹ ਸੱਦਾ ਪੱਤਰ 'ਹਰਿਆਵਲ ਮੁਹਿੰਮ' ਵਿੱਚ ਹਿੱਸਾ ਪਾਉਣ ਦੇ ਹਿਸਾਬ ਨਾਲ ਤਿਆਰ ਕੀਤਾ ਗਿਆ ਹੈ। ਇਸ ਉੱਤੇ ਸੁਝਾਅ ਦਿੱਤਾ ਗਿਆ ਹੈ: ਇਹ ਕਾਗਜ਼ ਹੱਥ ਨਾਲ ਤਿਆਰ ਕੀਤਾ ਗਿਆ ਹੈ ਜਿਸ ਵਿੱਚ ਵੱਖ ਵੱਖ ਬੂਟਿਆਂ ਦੇ ਬੀਜ ਹਨ ਅਤੇ ਇਹ ਕਾਗਜ਼, ਪੌਦਾ ਉਗਾਉਣ ਲਈ ਵਰਤਿਆ ਜਾ ਸਕਦਾ ਹੈ। ਸਚਮੁੱਚ ਹੀ ਰਵਾਇਤ ਅਤੇ ਟਿਕਾਊ ਵਿਕਾਸ ਦਾ ਸੁਮੇਲ ਹੈ ਇਹ ਸੱਦਾ ਪੱਤਰ।

ਇਸ ਸੁਹਜ ਨੂੰ ਸਲਾਮ ਕਰਨ ਲਈ ਕੌਡੀ ਤਾਂ ਪੀਣੀ ਬਣਦੀ ਹੈ। ਆਉ, ਤੁਸੀਂ ਵੀ ਮੇਰਾ ਸਾਥ ਦਿਉ!

*(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)*

# ਕਾਂਗਰਸੀ ਵਿਧਾਇਕ ਖ਼ਿਲਾਫ਼ ਸ਼ਿਕਾਇਤ ਵਾਲੇ ਸਹਿਕਾਰੀ ਅਧਿਕਾਰੀ ਨੂੰ ਪੁਲੀਸ ਨੇ ਉਲਟਾ ਕੇਸ 'ਚ ਫਸਾਇਆ

**ਮੋਗਾ/ਬਿਊਰੋ ਨਿਊਜ਼,** ਧਰਮਕੋਟ ਦੇ ਕਾਂਗਰਸੀ ਵਿਧਾਇਕ ਖ਼ਿਲਾਫ਼ ਮੰਦੀ ਭਾਸ਼ਾ ਬੋਲਣ ਦੀ ਸ਼ਿਕਾਇਤ ਸਹਿਕਾਰੀ ਅਧਿਕਾਰੀ ਨੂੰ ਮਹਿੰਗੀ ਪੈ ਗਈ ਹੈ। ਪੁਲੀਸ ਨੇ ਨਿਰੀਖਕ ਖ਼ਿਲਾਫ਼ ਮੁਅੱਤਲੀ ਮਗਰੋਂ ਸਰਕਾਰੀ ਛੁੱਟੀ ਦੇ ਦਿਨ ਦਫ਼ਤਰ ਖੋਲ੍ਹਣ ਦੇ ਦੋਸ਼ ਹੇਠ ਥਾਣਾ ਸਿਟੀ ਵਿੱਚ ਕੇਸ ਦਰਜ ਕਰ ਲਿਆ ਹੈ, ਜਦੋਂਕਿ ਐਸਪੀ (ਆਈ) ਵੱਲੋਂ ਜ਼ਿਲ੍ਹਾ ਰਜਿਸਟਰਾਰ ਤੇ ਨਿਰੀਖਕ ਸਣੇ 3 ਖ਼ਿਲਾਫ਼ ਸਹਿਕਾਰੀ ਸਮਿਤੀ ਦੇ ਰਿਕਾਰਡ ਨਾਲ ਛੇੜਛਾੜ ਕਰਨ ਦੀ ਜਾਂਚ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਬਲਦੇਵ ਸਿੰਘ ਨਾਮ ਦੇ ਵਿਅਕਤੀ ਨੇ ਕਾਂਗਰਸੀ ਵਿਧਾਇਕ ਦੇ ਪਿੰਡ ਲੋਹਗੜ੍ਹ ਦੀ ਸਹਿਕਾਰੀ ਸਮਿਤੀ ਵਿੱਚ ਤਾਇਨਾਤ ਸੇਲਜ਼ਮੈਨ ਗੁਰਿੰਦਰ ਸਿੰਘ ਖ਼ਿਲਾਫ਼ ਖਾਦ ਗਬਨ ਦੀ ਸ਼ਿਕਾਇਤ ਕੀਤੀ ਸੀ। ਬਾਘਾਪੁਰਾਣਾ ਵਿੱਚ ਤਾਇਨਾਤ ਵਿਭਾਗ ਦੇ ਨਿਰੀਖਕ ਰੁਪਿੰਦਰ ਸਿੰਘ ਨੇ ਕਥਿਤ ਗਬਨ ਦੀ ਰਿਪੋਰਟ ਉੱਚ ਅਧਿਕਾਰੀਆਂ ਨੂੰ ਸੌਂਪ ਦਿੱਤੀ। ਇਸ ਤੋਂ ਬਾਅਦ ਇੰਸਪੈਕਟਰ ਹਰਬੰਸ ਸਿੰਘ ਨੇ ਇਸ ਰਿਪੋਰਟ ਨੂੰ ਝੂਠੀ ਕਰਾਰ ਦੇ ਦਿੱਤਾ ਤਾਂ ਡੀਆਰ ਨੇ ਕੋਈ ਐਫਆਈਆਰ ਆਦਿ ਨਹੀਂ ਕਰਵਾਈ। ਇਸ 'ਤੇ ਕਾਂਗਰਸੀ ਵਿਧਾਇਕ ਦੀ ਸਹਿਕਾਰੀ ਅਧਿਕਾਰੀਆਂ ਨਾਲ ਤਲਖ਼ਕਲਾਮੀ ਹੋ ਗਈ। ਜ਼ਿਲ੍ਹਾ ਰਜਿਸਟਰਾਰ ਤੇ ਇੰਸਪੈਕਟਰ ਹਰਬੰਸ ਸਿੰਘ ਨੇ ਵਿਧਾਇਕ ਖ਼ਿਲਾਫ਼ ਵਿਭਾਗ ਦੇ ਉੱਚ ਅਧਿਕਾਰੀਆਂ ਕੋਲ ਮੰਦੀ ਭਾਸ਼ਾ ਬੋਲਣ ਦੀ ਸ਼ਿਕਾਇਤ ਕਰ ਦਿੱਤੀ। ਇਸ ਦੌਰਾਨ ਹੀ ਸੇਲਜ਼ਮੈਨ ਗੁਰਿੰਦਰ ਸਿੰਘ ਨੇ ਸੇਵਾ ਤੋਂ ਤੌਬਾ ਕਰ ਲਈ ਅਤੇ ਨਿਰੀਖਕ ਤੇ ਇੰਸਪੈਕਟਰ ਹਰਬੰਸ ਸਿੰਘ ਦੀ ਮੁਅੱਤਲੀ ਹੋ ਗਈ। ਜ਼ਿਲ੍ਹਾ ਰਜਿਸਟਰਾਰ ਸੁਰੇਸ਼ ਕੁਮਾਰ ਨੇ ਵਿਧਾਇਕ ਖ਼ਿਲਾਫ਼ ਸ਼ਿਕਾਇਤ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੀ ਸ਼ਿਕਾਇਤ ਦਾ ਕਾਰਨ ਦੱਸ ਕੇ ਵਾਪਸ ਲੈ ਲਈ ਹੈ। ਉਨ੍ਹਾਂ ਕਿਹਾ ਕਿ ਨਿਰੀਖਕ ਹਰਬੰਸ ਸਿੰਘ ਖ਼ਿਲਾਫ਼ ਥਾਣਾ ਸਿਟੀ ਵਿੱਚ ਮੁਅੱਤਲੀ ਦੇ ਬਾਵਜੂਦ ਅਣਅਧਿਕਾਰਕ ਤੌਰ 'ਤੇ ਆਪਣਾ ਦਫ਼ਤਰ ਖੋਲ੍ਹਣ ਦੇ ਦੋਸ਼ ਹੇਠ ਧਾਰਾ 381/447 ਆਈਪੀਸੀ ਤਹਿਤ ਕੇਸ ਦਰਜ ਕੀਤਾ ਗਿਆ ਹੈ। ਦੂਜੇ ਪਾਸੇ ਨਿਰੀਖਕ ਹਰਬੰਸ ਸਿੰਘ ਨੇ ਉਨ੍ਹਾਂ ਅਤੇ ਡੀਆਰ ਵੱਲੋਂ ਕਾਂਗਰਸੀ ਵਿਧਾਇਕ ਖ਼ਿਲਾਫ਼ ਸਾਂਝੀ ਸ਼ਿਕਾਇਤ ਦੀ ਪੁਸ਼ਟੀ ਕਰਦਿਆਂ ਹੋਏ ਕਿਹਾ ਕਿ ਉਹ ਮੁਅੱਤਲੀ ਬਾਅਦ ਚਾਰਜ ਦੇਣ ਲਈ ਰਿਕਾਰਡ ਤਰਤੀਬ ਕਰਨ ਦਫ਼ਤਰ ਗਏ ਸਨ। ਸਹਿਕਾਰੀ ਸਮਿਤੀ ਵਿੱਚ ਕਥਿਤ ਖਾਦ ਘੁਟਾਲੇ ਦੀ ਸ਼ਿਕਾਇਤ ਕਰਨ ਵਾਲੇ ਬਲਦੇਵ ਸਿੰਘ ਨੇ ਡੀਆਰ, ਨਿਰੀਖਕ ਤੇ ਸੇਲਜ਼ਮੈਨ ਖ਼ਿਲਾਫ਼ ਪੁਲੀਸ ਨੂੰ ਰਿਕਾਰਡ ਨਾਲ ਛੇੜਛਾੜ ਕਰਨ ਦੀ ਸ਼ਿਕਾਇਤ ਦਿੱਤੀ ਹੈ। ਇਸ ਸ਼ਿਕਾਇਤ ਦੀ ਜਾਂਚ ਐਸਪੀ (ਆਈ) ਵਜੀਰ ਸਿੰਘ ਖਹਿਰਾ ਕਰ ਰਹੇ ਹਨ।

# ਟਰੰਪ, ਚੀਨ ਅਤੇ ਦੋ ਸਿਖ਼ਰ ਸੰਮੇਲਨ

**ਟਰੰਪ ਪਿਛਲੇ ਕੁਝ ਸਮੇਂ ਦੌਰਾਨ ਲਗਾਤਾਰ ਸ਼ੀ ਜਿਨਪਿੰਗ ਦੀ ਸ਼ਲਾਘਾ ਕਰ ਚੁੱਕੇ ਹਨ ਤੇ ਉਨ੍ਹਾਂ ਨੇ ਸ਼ੀ ਨੂੰ 'ਚੀਨ ਦਾ ਰਾਜਾ' ਵੀ ਆਖਿਆ ਹੈ, ਸ਼ਾਇਦ ਇਸ ਲਈ ਕਿਉਂਕਿ ਉਹ ਅਧਿਕਾਰਵਾਦੀ ਹਕੂਮਤ ਦੇ ਹਮਾਇਤੀ ਹਨ; ਸ਼ਾਇਦ ਟਰੰਪ ਨੇ ਇਹ ਸਮਝ ਲਿਆ ਹੈ ਕਿ ਉਹ ਕਿਸੇ ਰਣਨੀਤਕ ਸਮਝੌਤੇ 'ਤੇ ਪੁੱਜਣ ਲਈ ਉਨ੍ਹਾਂ ਦੀ ਚਾਪਲੂਸੀ ਕਰ ਕੇ ਕੰਮ ਚਲਾ ਲੈਣਗੇ। ਟਰੰਪ ਚੀਨ 'ਤੇ ਦਬਾਅ ਪਾਉਣਾ ਚਾਹੁਣਗੇ ਕਿ ਉਹ ਕੋਰੀਆ ਗਣਰਾਜ ਨੂੰ ਆਖੇ ਕਿ ਉਹ ਨਿਸ਼ਸਤ੍ਰੀਕਰਨ ਭਾਵੇਂ ਨਾ ਸਹੀ ਪਰ ਪਰਮਾਣੂ ਸੰਜਮ ਰੱਖੇ ਅਤੇ ਇਸ ਦੇ ਨਾਲ ਹੀ ਉਹ ਵਪਾਰਕ ਅਭਿਆਸਾਂ ਲਈ ਚੀਨੀ-ਸ਼ਿਕਾਰਖੋਰੀ ਅਤੇ ਬੌਧਿਕ ਸੰਪਤੀ 'ਤੇ ਕਬਜ਼ਾ ਕਰਨ ਦੀ ਪ੍ਰਕਿਰਿਆ ਦਾ ਖ਼ਾਤਮਾ ਚਾਹੁਣਗੇ। ਸ਼ੀ ਭਾਵੇਂ ਸਾਰੀਆਂ ਗੱਲਾਂ ਤਾਂ ਨਹੀਂ ਮੰਨਣਗੇ ਪਰ ਉਨ੍ਹਾਂ ਵੱਲੋਂ ਕੁਝ ਗੱਲਾਂ ਤਾਂ ਮੰਨ ਲੈਣ ਦੀ ਸੰਭਾਵਨਾ ਹੈ।**

**ਕੇ. ਸੀ. ਸਿੰਘ***



ਇਸ ਹਫ਼ਤੇ ਧਿਆਨ ਏਸ਼ੀਆ 'ਤੇ ਕੇਂਦ੍ਰਿਤ ਹੈ ਕਿਉਂਕਿ ਦੋ ਪ੍ਰਮੁੱਖ ਸਿਖ਼ਰ ਸੰਮੇਲਨ 'ਏਸ਼ੀਆ-ਪ੍ਰਸ਼ਾਂਤ ਆਰਥਿਕ ਸਹਿਯੋਗ' (ਏਪੇਕ) ਅਤੇ 'ਪੂਰਬੀ ਏਸ਼ੀਆ ਸਿਖ਼ਰ ਸੰਮੇਲਨ' (ਈਏਐੱਸ) ਕ੍ਰਮਵਾਰ ਵੀਅਤਨਾਮ ਅਤੇ ਫ਼ਿਲੀਪੀਨਜ਼ 'ਚ ਹੋਣ ਜਾ ਰਹੇ ਹਨ। ਭਾਰਤ ਪਹਿਲੇ ਸੰਗਠਨ ਦਾ ਮੈਂਬਰ ਤਾਂ ਨਹੀਂ ਪਰ ਉਸ ਨਾਲ ਜੁੜਨ ਦਾ ਚਾਹਵਾਨ ਹੈ। 12 ਨਵੰਬਰ ਨੂੰ ਹੋਣ ਜਾ ਰਹੇ ਈਏਐੱਸ ਸਿਖ਼ਰ ਸੰਮੇਲਨ 'ਚ ਭਾਗ ਲੈਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਗੁਜਰਾਤ 'ਚ ਆਪਣੀ ਚੋਣ ਪ੍ਰਚਾਰ ਦੀ ਮੁਹਿੰਮ ਨੂੰ ਰੋਕਣਾ ਹੋਵੇਗਾ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਇਸ ਵੇਲੇ ਜਾਪਾਨ, ਕੋਰੀਆ ਗਣਰਾਜ, ਚੀਨ, ਵੀਅਤਨਾਮ ਅਤੇ ਫ਼ਿਲੀਪੀਨਜ਼ ਦੇ ਦੌਰੇ 'ਤੇ ਹਨ। ਉਹ ਇਨ੍ਹਾਂ ਦੋਵੇਂ ਸਿਖ਼ਰ ਸੰਮੇਲਨਾਂ 'ਚ ਸ਼ਾਮਲ ਹੋ ਰਹੇ ਹਨ। ਇਸੇ ਲਈ ਇਨ੍ਹਾਂ ਸੰਮੇਲਨਾਂ ਬਾਰੇ ਸਭ ਦੀ ਦਿਲਚਸਪੀ ਵਧੀ ਹੋਈ ਹੈ, ਖ਼ਾਸ ਤੌਰ 'ਤੇ ਇਸ ਕਾਰਨ ਕਿ ਪਹਿਲਾਂ ਉਨ੍ਹਾਂ ਦਾ ਈਏਐੱਸ ਵਿਚ ਸ਼ਾਮਲ ਹੋਣ ਦਾ ਕੋਈ ਇਰਾਦਾ ਨਹੀਂ ਸੀ। ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਚੀਨੀ ਕਮਿਊਨਿਸਟ ਪਾਰਟੀ ਦੀ 19ਵੀਂ ਕਾਂਗਰਸ ਤੋਂ ਆਪਣੇ ਲਈ ਦੂਜਾ ਕਾਰਜਕਾਲ ਹਾਲ ਹੀ ਵਿੱਚ ਹਾਸਲ ਕੀਤਾ ਹੈ, ਇਸ ਲਈ ਉਹ ਗੱਜ-ਵੱਜ ਕੇ ਏਪੇਕ ਸਿਖ਼ਰ ਸੰਮੇਲਨ 'ਚ ਭਾਗ ਲੈਣਗੇ।

ਅਮਰੀਕੀ ਵਿਦੇਸ਼ ਵਿਭਾਗ ਨੇ ਐਲਾਨ ਕੀਤਾ ਸੀ ਕਿ ਟਰੰਪ ਦਾ ਧਿਆਨ ਉੱਤਰੀ ਕੋਰੀਆ (ਡੀਪੀਆਰ ਕੋਰੀਆ) ਵੱਲੋਂ ਦਿੱਤੀ ਪਰਮਾਣੂ ਹਮਲੇ ਦੀ ਧਮਕੀ ਨੂੰ ਨਕਾਰਾ ਕਰਨ, ਹਿੰਦ-ਪ੍ਰਸ਼ਾਂਤ ਮਹਾਂਸਾਗਰੀ ਖ਼ਿੱਤੇ ਦੇ ਖੁੱਲ੍ਹੇ ਤੇ ਆਜ਼ਾਦ ਖੇਤਰ (ਬਨਾਵਟੀ ਟਾਪੂਆਂ ਦੀ ਉਸਾਰੀ ਰਾਹੀਂ ਚੀਨ ਵੱਲੋਂ ਦੱਖਣੀ ਚੀਨ ਸਾਗਰ ਦੇ ਦੋ-ਤਿਹਾਈ ਭਾਗ ਨੂੰ ਜੋੜਨ ਦੀ ਪ੍ਰਕਿਰਿਆ ਦਾ ਟਾਕਰਾ ਕਰਨ ਲਈ ਕੌੜੀ ਜ਼ੁਬਾਨ ਦੀ ਥਾਂ ਮਿੱਠੇ ਬੋਲ ਵਰਤ ਕੇ) ਵਜੋਂ ਉਤਸ਼ਾਹਿਤ ਕਰਨ ਅਤੇ ਚੀਨ, ਜਾਪਾਨ ਤੇ ਦੱਖਣੀ ਕੋਰੀਆ ਨਾਲ ਵੱਡੇ ਵਪਾਰਕ ਅਸੰਤੁਲਨਾਂ ਦਾ ਸੰਤੁਲਨ ਬਣਾਉਣ ਦੇ ਮੰਤਵ ਨਾਲ ਦੁਵੱਲੇ ਵਪਾਰ 'ਤੇ ਵਧੇਰੇ ਕੇਂਦ੍ਰਿਤ ਰਹੇਗਾ। ਟਰੰਪ ਵੱਲੋਂ ਅਮਰੀਕਾ ਦੇ ਪੁਰਾਣੇ ਸਹਿਯੋਗੀ ਦੇਸ਼ਾਂ ਤੇ ਹੋਰ ਭਾਈਵਾਲ ਮੁਲਕਾਂ ਨੂੰ ਇਹ ਭਰੋਸਾ ਦਿੱਤੇ ਜਾਣ ਦੀ ਵੀ ਸੰਭਾਵਨਾ ਹੈ ਕਿ ਅਮਰੀਕਾ ਇਸ ਖੇਤਰ ਵਿੱਚੋਂ ਪਿੱਛੇ ਨਹੀਂ ਹਟੇਗਾ। ਦਰਅਸਲ, ਇਸ ਵਾਰ ਦੇ ਦੋਵੇਂ ਸਿਖ਼ਰ ਸੰਮੇਲਨ ਅਮਰੀਕਾ ਤੇ ਚੀਨ ਦਰਮਿਆਨ ਸ਼ਕਤੀ-ਪ੍ਰਦਰਸ਼ਨ ਹੋਣ ਤੋਂ ਇਲਾਵਾ ਅਮਰੀਕੀ ਤੇ ਚੀਨੀ ਵਿਕਾਸ ਦੇ ਦੋ ਬਦਲਵੇਂ ਦ੍ਰਿਸ਼ਟੀਕੋਣਾਂ ਵਿਚਾਲੇ ਇੱਕ ਮੁਕਾਬਲੇ ਵਾਂਗ ਹਨ। ਇੱਕ ਪਾਸੇ ਪੱਛਮ ਦਾ ਉਦਾਰ, ਜਮਹੂਰੀ ਤੇ ਮੁਕਤ-ਵਪਾਰ ਦਾ ਮਾਡਲ ਹੈ ਅਤੇ ਦੂਜੇ ਪਾਸੇ ਉਸ ਦੇ ਉਲਟ ਚੀਨੀ ਮਾਡਲ ਹੈ, ਜਿਸ ਨੂੰ ਰਾਸ਼ਟਰਪਤੀ ਸ਼ੀ ਨੇ ਸੋਧਿਆ ਅਤੇ ਕੇਂਦਰੀਕ੍ਰਿਤ ਅਤੇ ਅਧਿਕਾਰਵਾਦੀ ਪ੍ਰਬੰਧਕੀ ਆਧਾਰ ਨਾਲ ਇਸ ਰਾਹੀਂ ਆਰਥਿਕ ਸਫ਼ਲਤਾ ਵੀ ਪ੍ਰਾਪਤ ਕੀਤੀ ਹੈ। ਇਹ ਮਾਡਲ ਸਿਰਫ਼ ਰਾਸ਼ਟਰਵਾਦ, ਜਿਸ ਵਿੱਚ ਲੋਕਾਂ ਵੱਲੋਂ ਚੁਣੀ ਸਰਕਾਰ ਜਾਂ ਨਾਗਰਿਕ ਹੱਕਾਂ ਦਾ ਮਹੱਤਵ ਨਹੀਂ, ਦੀ ਕਾਮਯਾਬੀ ਦੇ ਨਮੂਨੇ ਵਜੋਂ ਉਭਾਰਿਆ ਜਾ ਰਿਹਾ ਹੈ।

ਚੀਨ ਦੀ 19ਵੀਂ ਪਾਰਟੀ ਕਾਂਗਰਸ ਨੇ ਸ਼ੀ ਜਿਨਪਿੰਗ ਨੂੰ ਵੱਧ ਸ਼ਕਤੀ ਤੇ ਮਜ਼ਬੂਤੀ ਪ੍ਰਦਾਨ ਕੀਤੀ ਹੈ ਅਤੇ ਮਾਓ ਸੇ ਤੁੰਗ ਤੋਂ ਬਾਅਦ ਸ਼ਾਇਦ ਉਹ ਸਭ ਤੋਂ ਵੱਧ ਤਾਕਤਵਰ ਆਗੂ ਹਨ, ਜਿਹੜੇ ਆਪਣੇ ਭਾਈਵਾਲਾਂ ਤੇ ਸਮਰਥਕਾਂ ਨਾਲ ਦੇਸ਼ ਦੀਆਂ ਅਹਿਮ ਸੰਸਥਾਵਾਂ ਨੂੰ ਕੰਟਰੋਲ ਕਰ ਰਹੇ ਹਨ। ਦਰਅਸਲ, ਅਹਿਮ ਗੱਲ ਇਹ ਹੈ ਕਿ ਉਨ੍ਹਾਂ ਦਾ ਕੋਈ ਸਪੱਸ਼ਟ ਜਾਨਸ਼ੀਨ ਵਿਖਾਈ ਨਹੀਂ ਦੇ ਰਿਹਾ। ਇਸੇ ਲਈ ਚੀਨੀ ਆਰਥਿਕ ਚਮਤਕਾਰਾਂ ਦੇ ਪਿਤਾਮਾ ਤਿੰਗ ਸਿਆਓਪਿੰਗ ਦੇ ਉਸ ਹੁਕਮ ਦੀ ਵੀ ਉਲੰਘਣਾ ਕਰ ਦਿੱਤੀ ਗਈ ਹੈ ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਦੇ ਹਰੇਕ ਉੱਤਰਾਧਿਕਾਰੀ ਨੂੰ ਸਿਰਫ਼ ਦੋ ਵਾਰ ਹੀ ਪੰਜ-ਪੰਜ ਸਾਲਾਂ ਦਾ ਕਾਰਜਕਾਲ ਮਿਲਿਆ ਕਰੇਗਾ। ਪੋਲਿਟ ਬਿਊਰੋ ਦੀ ਸੱਤ-ਮੈਂਬਰੀ ਸਥਾਈ ਕਮੇਟੀ ਅਤੇ ਮੌਜੂਦਾ ਚੀਨੀ ਕੈਬਨਿਟ 'ਚ ਚਿੰਤਕ ਤੇ ਪ੍ਰੋਫ਼ੈਸਰ ਵਾਂਗ ਹੁਨਿੰਗ ਵੀ ਸ਼ਾਮਲ ਹਨ, ਜੋ ਡਿੰਗ ਤੋਂ ਬਾਅਦ ਦੇ ਸਾਰੇ ਰਾਸ਼ਟਰਪਤੀਆਂ ਦੇ ਮੁੱਖ ਸਲਾਹਕਾਰ ਰਹੇ ਹਨ। ਉਨ੍ਹਾਂ ਨੇ ਹੀ ਰਾਸ਼ਟਰਪਤੀ ਚਿਆਂਗ ਜ਼ੇਮਿਨ ਦੀ 'ਤਿੰਨ ਪ੍ਰਤੀਨਿਧ' ਦੀ ਧਾਰਨਾ ਉਲੀਕਦਿਆਂ ਪਾਰਟੀ ਨੂੰ ਨਿਜੀ ਕਾਰੋਬਾਰਾਂ ਤੇ ਪੇਸ਼ੇਵਰਾਨਾ ਲੋਕਾਂ ਤੱਕ ਪਹੁੰਚ ਕਰਨ ਦੀ ਸਿਫ਼ਾਰਸ਼ ਕੀਤੀ ਸੀ ਅਤੇ ਹੁਣ ਸੰਵਿਧਾਨ ਵਿੱਚ ਦਰਜ 'ਸ਼ੀ ਜਿਨਪਿੰਗ ਦੀ ਸੋਚ' ਦੇ ਪਿੱਛੇ ਵੀ ਉਹੀ ਹਨ। ਉਹ ਪਿਛਲੇ ਕਈ ਦਹਾਕਿਆਂ ਤੋਂ ਚੀਨੀ ਹਾਕਮਾਂ ਦੇ ਉਸ ਵਿਚਾਰ ਨੂੰ ਬੌਧਿਕ ਸ਼ਕਤੀ ਦਿੰਦੇ ਰਹੇ ਹਨ, ਜਿਸ ਮੁਤਾਬਕ ਸਮਾਜਿਕ ਤੇ ਆਰਥਿਕ ਤਬਦੀਲੀ ਸਿਰਫ਼ ਸਿਆਸੀ ਵਿਕਾਸ ਨੂੰ ਜਾਮ ਕਰ ਕੇ ਕੇਂਦਰੀਕ੍ਰਿਤ ਤੇ ਅਧਿਕਾਰਵਾਦੀ ਹਕੂਮਤ ਨਾਲ ਹੀ ਲਿਆਂਦੀ ਜਾ ਸਕਦੀ ਹੈ। ਇਨ੍ਹਾਂ ਹਾਕਮਾਂ ਨੇ 1989 ਦੌਰਾਨ ਤਾਇਨਾਨਮਿਨ ਚੌਕ 'ਚ ਵਿਦਿਆਰਥੀਆਂ ਦੀ ਬਗ਼ਾਵਤ ਨੂੰ ਇਸ ਦੀ ਵੈਧਤਾ ਦੀ ਪੁਸ਼ਟੀ ਵਜੋਂ ਲਿਆ ਸੀ। ਸ਼ੀ ਨੇ ਇਸ ਵਿੱਚ ਆਪਣੀ ਰਿਸ਼ਵਤ-ਵਿਰੋਧੀ ਧਾਰਨਾ ਜੋੜ ਦਿੱਤੀ ਹੈ ਅਤੇ ਇੰਜ ਉਨ੍ਹਾਂ ਇਸ ਵਿਚ ਆਪਣੀ 'ਉਚਿੱਤਤਾ' ਜੋੜ ਦਿੱਤੀ ਹੈ, ਜਿਸ ਨੂੰ ਚੀਨੀ ਰਵਾਇਤ ਵਿੱਚ 'ਬਹਿਸ਼ਤੀ ਫ਼ਤਵਾ' ਕਿਹਾ ਜਾਂਦਾ ਹੈ। ਜਨਤਕ ਹਮਾਇਤ ਮਿਲਣ ਕਾਰਨ ਉਹ ਆਪਣੇ ਸੰਭਾਵੀ ਵਿਰੋਧੀਆਂ ਤੇ ਨਾਰਾਜ਼ ਆਗੂਆਂ ਨੂੰ ਲਾਂਭੇ ਕਰਨ 'ਚ ਸਫ਼ਲ ਰਹੇ ਹਨ।

19ਵੀਂ ਕਾਂਗਰਸ ਮੌਕੇ ਰਾਸ਼ਟਰਪਤੀ ਸ਼ੀ ਨੇ ਚੀਨ ਨੂੰ ਸਾਲ 2035 ਤੱਕ 'ਬੁਨਿਆਦੀ ਤੌਰ 'ਤੇ ਆਧੁਨਿਕ ਰਾਸ਼ਟਰ' ਅਤੇ 2050 ਤੱਕ 'ਅਮੀਰ ਤੇ ਤਾਕਤਵਰ ਸਮਾਜਵਾਦੀ ਦੇਸ਼' ਬਣਾਉਣ ਦਾ ਆਪਣਾ 'ਚੀਨੀ ਸੁਫ਼ਨਾ' ਦੁਹਰਾਇਆ। ਮਹਾਂਦੀਪੀ ਤੇ ਸਮੁੰਦਰੀ 'ਸਿਲਕ ਰੋਡ' ਨੂੰ 21ਵੀਂ ਸਦੀ ਵਿੱਚ 'ਇੱਕ ਪੱਟੀ ਤੇ ਇੱਕ ਸੜਕ' ਪਹਿਲਕਦਮੀ ਆਖਿਆ ਜਾਂਦਾ ਹੈ ਤੇ ਇਸ ਟੀਚੇ ਨੂੰ ਹਾਸਲ ਕਰਨਾ ਹੀ ਸ਼ੀ ਜਿਨਪਿੰਗ ਦਾ ਅਗਲਾ ਕਦਮ ਹੈ। ਅਜਿਹੇ ਪਿਛੋਕੜ ਵਿੱਚ ਸ਼ੀ-ਟਰੰਪ ਸਿਖ਼ਰ ਸੰਮੇਲਨ ਦੀ ਅਹਿਮੀਅਤ ਹੋਰ ਵੀ ਵਧ ਜਾਂਦੀ ਹੈ। ਚੀਨ ਵੱਲੋਂ 'ਵੱਡੀ ਤਾਕਤ ਵਜੋਂ ਅਮਰੀਕਾ ਨਾਲ ਸਬੰਧ' ਚਾਹੁਣਾ ਹੋਰ ਕੁਝ ਨਹੀਂ, ਸਿਰਫ਼ ਇਹੋ ਇੱਛਾ ਹੈ ਕਿ ਅਮਰੀਕਾ ਉਸ ਨੂੰ ਦੁਨੀਆਂ ਦੇ 'ਦੂਜੇ' ਧਰੁਵ ਵਜੋਂ ਪ੍ਰਵਾਨ ਕਰ ਲਵੇ। ਟਰੰਪ ਪਿਛਲੇ ਕੁਝ ਸਮੇਂ ਦੌਰਾਨ ਲਗਾਤਾਰ ਸ਼ੀ ਜਿਨਪਿੰਗ ਦੀ ਸ਼ਲਾਘਾ ਕਰ ਚੁੱਕੇ ਹਨ ਤੇ ਉਨ੍ਹਾਂ ਨੇ ਸ਼ੀ ਨੂੰ 'ਚੀਨ ਦਾ ਰਾਜਾ' ਵੀ ਆਖਿਆ ਹੈ, ਸ਼ਾਇਦ ਇਸ ਲਈ ਕਿਉਂਕਿ ਉਹ ਅਧਿਕਾਰਵਾਦੀ ਹਕੂਮਤ ਦੇ ਹਮਾਇਤੀ ਹਨ; ਸ਼ਾਇਦ ਟਰੰਪ ਨੇ ਇਹ ਸਮਝ ਲਿਆ ਹੈ ਕਿ ਉਹ ਕਿਸੇ ਰਣਨੀਤਕ ਸਮਝੌਤੇ 'ਤੇ ਪੁੱਜਣ ਲਈ ਉਨ੍ਹਾਂ ਦੀ ਚਾਪਲੂਸੀ ਕਰ ਕੇ ਕੰਮ ਚਲਾ ਲੈਣਗੇ। ਟਰੰਪ ਚੀਨ 'ਤੇ ਦਬਾਅ ਪਾਉਣਾ ਚਾਹੁਣਗੇ ਕਿ ਉਹ ਕੋਰੀਆ ਗਣਰਾਜ ਨੂੰ ਆਖੇ ਕਿ ਉਹ ਨਿਸ਼ਸਤ੍ਰੀਕਰਨ ਭਾਵੇਂ ਨਾ ਸਹੀ ਪਰ ਪਰਮਾਣੂ ਸੰਜਮ ਰੱਖੇ ਅਤੇ ਇਸ ਦੇ ਨਾਲ ਹੀ ਉਹ ਵਪਾਰਕ ਅਭਿਆਸਾਂ ਲਈ ਚੀਨੀ-ਸ਼ਿਕਾਰਖੋਰੀ ਅਤੇ ਬੌਧਿਕ ਸੰਪਤੀ 'ਤੇ ਕਬਜ਼ਾ ਕਰਨ ਦੀ ਪ੍ਰਕਿਰਿਆ ਦਾ ਖ਼ਾਤਮਾ ਚਾਹੁਣਗੇ। ਸ਼ੀ ਭਾਵੇਂ ਸਾਰੀਆਂ ਗੱਲਾਂ ਤਾਂ ਨਹੀਂ ਮੰਨਣਗੇ ਪਰ ਉਨ੍ਹਾਂ ਵੱਲੋਂ ਕੁਝ ਗੱਲਾਂ ਤਾਂ ਮੰਨ ਲੈਣ ਦੀ ਸੰਭਾਵਨਾ ਹੈ।

ਟਰੰਪ ਕਿਉਂਕਿ ਅਚਾਨਕ ਪੈਂਤੜਾ ਬਦਲ ਜਾਂਦੇ ਹਨ ਅਤੇ ਆਪਣੀਆਂ ਨੀਤੀਆਂ ਵੀ ਤਬਦੀਲ ਕਰਦੇ ਰਹਿੰਦੇ ਹਨ, ਉਨ੍ਹਾਂ ਦੀ ਇਸ ਗੱਲ ਤੋਂ ਚੀਨ ਦੇ ਏਸ਼ੀਆਈ ਗੁਆਂਢੀ ਦੇਸ਼ ਫ਼ਿਕਰਮੰਦ ਹਨ। ਇਨ੍ਹਾਂ ਦੇਸ਼ਾਂ ਨੂੰ ਇਹ ਮੰਨਣਾ ਹੋਵੇਗਾ ਕਿ ਸਮੁੰਦਰ ਵਿੱਚ ਸੰਤੁਲਨ ਕਾਇਮ ਰੱਖਣ 'ਚ ਟਰੰਪ ਬਿਹਤਰੀਨ ਭੂਮਿਕਾ ਨਿਭਾਉਣਗੇ। ਇਸੇ ਲਈ ਇਨ੍ਹਾਂ ਦੇਸ਼ਾਂ ਨੂੰ ਹਰ ਹਾਲਤ ਬਦਲਵੀਆਂ ਰਣਨੀਤੀਆਂ ਅਪਣਾਉਣੀਆਂ ਹੋਣਗੀਆਂ। ਪ੍ਰਧਾਨ ਮੰਤਰੀ ਸ਼ਿੰਜ਼ੋ ਅਬੇ ਇੱਕ ਅਜਿਹਾ ਰਾਹ ਲੱਭ ਰਹੇ ਹਨ ਕਿ 'ਪ੍ਰਸ਼ਾਂਤ-ਪਾਰ ਭਾਈਵਾਲੀ' (ਟੀਪੀਪੀ - ਟ੍ਰਾਂਸ ਪੈਸੀਫ਼ਿਕ ਪਾਰਟਨਰਸ਼ਿਪ) ਨਾਂਅ ਦਾ ਸਮੂਹ ਖ਼ਤਮ ਨਾ ਹੋਵੇ, ਇਸ ਲਈ ਉਨ੍ਹਾਂ ਨੇ ਟਰੰਪ ਦੀ ਫੇਰੀ ਤੋਂ ਪਹਿਲਾਂ 11 ਮੈਂਬਰ ਦੇਸ਼ਾਂ ਦੀ ਮੀਟਿੰਗ ਸੱਦ ਲਈ ਹੈ। ਅਮਰੀਕਾ ਇਸ ਸਮੂਹ 'ਚੋਂ ਪਹਿਲਾਂ ਹੀ ਬਾਹਰ ਹੋ ਚੁੱਕਾ ਹੈ। ਉਸ ਸਮੂਹ 'ਚ ਬਾਅਦ ਵਿੱਚ ਹੋਰ ਦੇਸ਼ ਵੀ ਸ਼ਾਮਲ ਕੀਤੇ ਜਾਣੇ ਸਨ। ਸੱਤਾ ਦੇ ਸਮਤੋਲ ਦੌਰਾਨ ਭਾਰਤ ਨੂੰ ਜ਼ਰੂਰ ਚੀਨ ਦੇ ਉਭਾਰ ਨੂੰ ਰੋਕਣ ਵਾਲੇ ਪ੍ਰਬੰਧਾਂ ਦੀ ਵਰਤੋਂ ਕਰਨੀ ਹੋਵੇਗੀ, ਜਿੱਥੇ ਬ੍ਰਿਕਸ ਵਰਗੇ ਭਾਰਤ ਤੇ ਚੀਨ ਦੀ ਇਕੱਠੀ ਸ਼ਮੂਲੀਅਤ ਵਾਲੇ ਸਮੂਹਾਂ ਦੇ ਮੁਕਾਬਲੇ ਕੋਈ ਬਦਲਵੇਂ ਸਮੂਹ ਉਪਲਬਧ ਰਹਿਣ। ਇਸ ਦੌਰਾਨ ਤਾਨਾਸ਼ਾਹੀ ਇੱਕ ਮਹਾਂਮਾਰੀ ਵਾਂਗ ਸਮੁੱਚੇ ਸੰਸਾਰ 'ਚ ਫੈਲਦੀ ਜਾ ਰਹੀ ਹੈ। ਭਾਰਤ 'ਚ ਹੋ ਰਹੀਆਂ ਚੋਣਾਂ ਦੌਰਾਨ ਵਿਸ਼ਾਲ ਬਹੁ-ਗਿਣਤੀ ਇੱਕ 'ਮਜ਼ਬੂਤ' ਹਾਕਮ ਨੂੰ ਤਰਜੀਹ ਦੇ ਰਹੀ ਹੈ। ਸਿਆਸੀ ਤੇ ਇਤਿਹਾਸਕ ਸੰਦਰਭਾਂ ਦੇ ਅੰਤਰ ਦੇ ਬਾਵਜੂਦ ਸਥਿਤੀ ਲਗਪਗ ਇੱਕੋ ਜਿਹੀ ਹੈ। ਸਾਊਦੀ ਅਰਬ ਦਾ ਸ਼ਹਿਜ਼ਾਦਾ ਮੁਹੰਮਦ ਬਿਨ ਸਲਮਾਨ, ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ, ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਭ ਆਪਣੇ ਵਿਰੋਧੀਆਂ ਦਾ ਖ਼ਾਤਮਾ ਕਰਨ ਲਈ ਭ੍ਰਿਸ਼ਟਾਚਾਰ-ਵਿਰੋਧੀ ਮੁਹਿੰਮਾਂ ਦੀ ਵਰਤੋਂ ਕਰਨ ਦੇ ਨਾਲ-ਨਾਲ ਵਿਰੋਧੀਆਂ ਨੂੰ ਅਲੱਗ-ਥਲੱਗ ਕਰ ਰਹੇ ਹਨ ਅਤੇ ਆਪਣੇ ਜਨਤਕ ਅਕਸ ਵਿੱਚ ਸੁਧਾਰ ਕਰ ਰਹੇ ਹਨ। ਟਰੰਪ ਆਪਣੀ ਖ਼ੁਦ ਦੀ ਪਾਰਟੀ ਤੇ ਸੰਸਦ ਦੀਆਂ ਸੀਮਾਵਾਂ ਤੋਂ ਬਾਹਰ ਜਾ ਕੇ ਕੰਮ ਕਰਦੇ ਹਨ, ਸੋਸ਼ਲ ਮੀਡੀਆ ਉਨ੍ਹਾਂ ਦੇ ਨਾਲ ਹੈ। ਨਾਰਾਜ਼ ਆਵਾਜ਼ ਨੂੰ ਦਬਾਉਣ ਤੇ ਮੀਡੀਆ ਨੂੰ ਚੁੱਪ ਕਰਵਾਉਣ ਲਈ ਰਾਸ਼ਟਰਵਾਦ ਨੂੰ ਹਥਿਆਰ ਬਣਾਇਆ ਜਾ ਰਿਹਾ ਹੈ।

ਐਟਲਾਂਟਿਕ ਕੌਂਸਲ ਵੱਲੋਂ ਕਰਵਾਏ ਅਧਿਐਨ ਵਿਚਲੀ ਭਵਿੱਖਬਾਣੀ ਅਨੁਸਾਰ ਸਾਲ 2050 ਤੱਕ ਹਿੰਦ-ਪ੍ਰਸ਼ਾਂਤ ਖੇਤਰ ਸਮੁੱਚੇ ਵਿਸ਼ਵ 'ਚ ਆਰਥਿਕ ਤੌਰ 'ਤੇ ਸਭ ਤੋਂ ਵੱਧ ਗਤੀਸ਼ੀਲ ਹੋਵੇਗਾ। ਚੀਨ ਦੀ 'ਪੱਟੀ ਤੇ ਸੜਕ' ਪਹਿਲਕਦਮੀ; ਬਨਾਵਟੀ ਸੂਝਬੂਝ, ਏਸ਼ੀਆਈ ਬੁਨਿਆਦੀ ਢਾਂਚਾ ਤੇ ਨਿਵੇਸ਼ ਬੈਂਕ, ਨਵਿਆਉਣਯੋਗ ਊਰਜਾ ਦੀਆਂ ਤਰੱਕੀਆਂ ਤੇ ਭਵਿੱਖਵਾਦੀ ਉਦਯੋਗਾਂ ਪ੍ਰਤੀ ਮੁੜ-ਸਮਰਪਣ ਰਾਹੀਂ ਅੱਗੇ ਵਧਦੀ ਤੇ ਮਜ਼ਬੂਤ ਹੁੰਦੀ ਜਾ ਰਹੀ ਹੈ। ਇਸ ਦੌਰਾਨ ਮੋਦੀ ਸਰਕਾਰ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਹੁਣ ਵਿਰੋਧੀ ਧਿਰ ਦਾ ਖ਼ਾਤਮਾ ਕਰਨ 'ਤੇ ਆਪਣਾ ਸਮਾਂ ਵਧੇਰੇ ਲਾ ਰਹੀ ਹੈ। ਉਹ ਨਿਰੰਤਰ ਚੋਣਾਂ ਦਾ ਸਾਹਮਣਾ ਕਰ ਰਹੀ ਹੈ, ਬਿਨਾ ਸੋਚੇ-ਸਮਝੇ ਉਦੇਸ਼ਮੁਖੀ ਨੋਟਬੰਦੀ ਤੇ ਹੁਣ ਜੀਐੱਸਟੀ ਜਿਹੀਆਂ ਯੋਜਨਾਵਾਂ ਲਾਗੂ ਕਰ ਰਹੀ ਹੈ, ਮੀਡੀਆ ਨੂੰ ਆਪਣੇ ਹਿਸਾਬ ਨਾਲ ਵਰਤ ਰਹੀ ਹੈ, ਅਰਥਚਾਰੇ ਅਤੇ ਤੇਜ਼ੀ ਨਾਲ ਚੜ੍ਹਦੇ ਜਾ ਰਹੇ ਸਟਾਕ ਬਾਜ਼ਾਰ ਨਾਲ ਸਬੰਧਤ ਸਿਰਫ਼ ਚੋਣਵੀਆਂ ਹਾਂ-ਪੱਖੀ ਖ਼ਬਰਾਂ ਹੀ ਲੋਕਾਂ ਤੱਕ ਪੁੱਜ ਰਹੀਆਂ ਹਨ।

ਜੋ ਤਸੱਵਰ ਰਚਿਆ ਜਾ ਰਿਹਾ ਹੈ ਉਹ ਸ਼ੇਅਰ ਬਾਜ਼ਾਰ ਦੀ ਚੜ੍ਹਤ ਤੋਂ ਵੱਧ ਹੋ ਸਕਦਾ ਹੈ, ਪਰ, ਅਸਲੀਅਤ ਕਈ ਵਾਰ ਅਜਿਹੇ ਭਰਮਾਂ ਨੂੰ ਤੋੜਨ ਦੇ ਵਸੀਲੇ ਲੱਭ ਲੈਂਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਸਭਨਾਂ ਨੂੰ ਨਾਲ ਤੋਰਨ ਦੇ ਅਵਸਰ ਘਟਦੇ ਜਾ ਰਹੇ ਹਨ। ਉਨ੍ਹਾਂ ਨੂੰ ਅਹਿਸਾਸ ਹੋ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਚੁਣੌਤੀ ਬਾਹਰੋਂ ਨਹੀਂ, ਆਪਣੇ ਆਪ ਤੋਂ ਮਿਲਣੀ ਹੈ। ਜੇਕਰ ਉਹ ਖ਼ੁਦ ਨੂੰ ਨਹੀਂ ਸੁਧਾਰਦੇ ਤਾਂ ਉਨ੍ਹਾਂ ਦਾ ਹਸ਼ਰ ਵੀ 1984 ਦੇ ਰਾਜੀਵ ਗਾਂਧੀ ਵਾਂਗ ਹੋਵੇਗਾ। ਓਦੋਂ ਤਿੰਗ ਸਿਆਓਪਿੰਗ ਦੀ ਅਗਵਾਈ ਵਾਲਾ ਚੀਨ ਵਿਕਾਸ ਪੱਖੋਂ ਭਾਰਤ ਤੋਂ ਸਿਰਫ਼ ਚਾਰ ਸਾਲ ਅੱਗੇ ਸੀ ਪਰ ਅਗਲੇ ਪੰਜ ਸਾਲਾਂ ਦੌਰਾਨ ਉਹ ਬਹੁਤ ਅੱਗੇ ਜਾ ਪਹੁੰਚਿਆ।

***ਲੇਖਕ ਵਿਦੇਸ਼ ਮੰਤਰਾਲੇ ਦਾ ਸਾਬਕਾ ਸਕੱਤਰ ਹੈ।**

## ਭਾਰਤੀ ਵਿਦਿਆਰਥੀ ਕਾਰਨ ਅਮਰੀਕਾ ਦੀ ਆਰਥਿਕਤਾ ਨੂੰ ਮਿਲਦਾ ਹੈ ਕਾਫ਼ੀ ਹੁਲਾਰਾ

**ਵਾਸ਼ਿੰਗਟਨ/ਬਿਊਰੋ ਨਿਊਜ਼:** ਪਿਛਲੇ ਇਕ ਸਾਲ ਵਿੱਚ 12.3 ਫ਼ੀਸਦ ਵਿਕਾਸ ਨਾਲ ਅਮਰੀਕਾ ਵਿੱਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਪੱਖੋਂ ਚੀਨ ਬਾਅਦ ਭਾਰਤੀ ਦੂਜੇ ਸਥਾਨ 'ਤੇ ਆ ਗਏ ਹਨ। ਇਕ ਰਿਪੋਰਟ ਮੁਤਾਬਕ ਭਾਰਤੀ ਵਿਦਿਆਰਥੀਆਂ ਨੇ 2016 ਵਿੱਚ ਮੁਲਕ ਦੀ ਆਰਥਿਕਤਾ ਵਿੱਚ 6.5 ਅਰਬ ਅਮਰੀਕੀ ਡਾਲਰ ਦਾ ਯੋਗਦਾਨ ਪਾਇਆ ਹੈ। ਇੰਸਟੀਚਿਊਟ ਆਫ ਇੰਟਰਨੈਸ਼ਨਲ ਐਜੂਕੇਸ਼ਨ (ਆਈਆਈਈ) ਦੀ ਸਾਲਾਨਾ ਓਪਨ ਡੋਰਜ਼ ਰਿਪੋਰਟ ਮੁਤਾਬਕ 2016-17 ਅਕਾਦਮਿਕ ਵਰ੍ਹੇ ਵਿੱਚ ਭਾਰਤ ਤੋਂ 1,86,267 ਵਿਦਿਆਰਥੀ ਅਮਰੀਕਾ ਵਿੱਚ ਪੜ੍ਹ ਰਹੇ ਸਨ। ਅਮਰੀਕਾ ਵਿੱਚ ਪੜ੍ਹਾਈ ਲਈ ਆਉਣ ਵਾਲੇ ਵਿਦੇਸ਼ੀ ਪਾੜ੍ਹਿਆਂ ਵਿੱਚ ਭਾਰਤ ਦਾ ਦੂਜਾ ਨੰਬਰ ਹੈ ਅਤੇ ਅਮਰੀਕਾ ਵਿੱਚ ਕੁੱਲ ਕੌਮਾਂਤਰੀ ਵਿਦਿਆਰਥੀਆਂ ਵਿੱਚੋਂ 17.3 ਫ਼ੀਸਦ ਭਾਰਤੀ ਹਨ। ਚੀਨ ਦੇ 3,50,755 ਵਿਦਿਆਰਥੀ ਪੜ੍ਹਦੇ ਸਨ। ਇਸ ਗਿਣਤੀ 'ਚ 6.8 ਫ਼ੀਸਦ ਵਾਧਾ ਹੋਇਆ ਹੈ। ਇਸ ਰਿਪੋਰਟ ਮੁਤਾਬਕ ਜ਼ਿਆਦਾਤਰ ਭਾਰਤੀ ਵਿਦਿਆਰਥੀ ਅਮਰੀਕਾ ਵਿੱਚ ਗਰੈਜੂਏਟ ਪੱਧਰ ਦੀ ਪੜ੍ਹਾਈ ਕਰ ਰਹੇ ਹਨ। ਵਣਜ ਵਿਭਾਗ ਦੇ ਅੰਕੜਿਆਂ ਦੇ ਹਵਾਲੇ ਨਾਲ ਇਸ ਰਿਪੋਰਟ ਵਿੱਚ ਕਿਹਾ ਕਿ ਅਮਰੀਕਾ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹਦੇ ਭਾਰਤੀ ਵਿਦਿਆਰਥੀਆਂ ਨੇ ਪਿਛਲੇ ਸਾਲ ਅਮਰੀਕਾ ਦੀ ਆਰਥਿਕਤਾ ਵਿੱਚ 6.54 ਅਰਬ ਡਾਲਰ ਦਾ ਯੋਗਦਾਨ ਪਾਇਆ ਸੀ। ਆਈਈਈ ਅਤੇ ਡਿਪਾਰਟਮੈਂਟ ਆਫ ਸਟੇਟ ਬਿਊਰੋ ਆਫ ਐਜੂਕੇਸ਼ਨਲ ਐਂਡ ਕਲਚਰਲ ਅਫੇਅਰਜ਼ ਵੱਲੋਂ ਜਾਰੀ ਅੰਕੜਿਆਂ 'ਤੇ ਆਧਾਰਤ 2017 ਦੀ ਓਪਨ ਡੋਰਜ਼ ਰਿਪੋਰਟ ਮੁਤਾਬਕ ਅਮਰੀਕਾ 'ਚ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਪਿਛਲੇ ਸਾਲ ਨਾਲੋਂ ਤਿੰਨ ਫ਼ੀਸਦ ਵਾਧਾ ਹੋਇਆ ਹੈ ਜਦੋਂਕਿ ਵਿਦੇਸ਼ ਵਿੱਚ ਪੜ੍ਹਨ ਵਾਲੇ ਅਮਰੀਕੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਚਾਰ ਫ਼ੀਸਦ ਵਾਧਾ ਹੋਇਆ ਹੈ।



## ਗੁਰਜਤਿੰਦਰ ਸਿੰਘ ਰੰਧਾਵਾ ਐਲਕ ਗਰੋਵ ਸਿਟੀ ਲਈ ਹਿਸਟਰੀ ਪ੍ਰਜ਼ਰਵੇਸ਼ਨ ਕਮੇਟੀ ਦੇ ਮੈਂਬਰ ਨਿਯੁਕਤ

**ਸੈਕਰਾਮੈਂਟੋ/ਬਿਊਰੋ ਨਿਊਜ਼:** ਅਮਰੀਕੀ ਸਿਆਸਤ ਵਿਚ ਸਰਗਰਮ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਐਲਕ ਗਰੋਵ ਸਿਟੀ ਲਈ ਹਿਸਟਰੀ ਪ੍ਰਜ਼ਰਵੇਸ਼ਨ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਐਲਕ ਗਰੋਵ ਸਿਟੀ ਦੇ ਮੇਅਰ ਸਟੀਵ ਲੀ, ਵਾਈਸ ਮੇਅਰ ਸਟੀਵਨ ਡੇਟਰਿਕ ਅਤੇ ਕੌਂਸਲ ਮੈਂਬਰਾਂ ਡੈਰੇਨ ਸਿਊਨ, ਪੈਟ ਹਿਊਮ ਅਤੇ ਸਟੈਫਨੀ ਨਿਊਨ ਵੱਲੋਂ ਕੀਤੀ ਗਈ ਹੈ। ਸਮੂਹ ਕੌਂਸਲ ਨੇ ਸ. ਰੰਧਾਵਾ ਨੂੰ ਸਰਵਸੰਮਤੀ ਨਾਲ ਵੋਟਿੰਗ ਕਰਕੇ ਇਸ ਅਹੁਦੇ ਲਈ ਚੁਣਿਆ ਹੈ। ਇਹ ਕਮੇਟੀ ਐਲਕ ਗਰੋਵ ਸ਼ਹਿਰ ਦੀਆਂ ਇਤਿਹਾਸਕ ਇਮਾਰਤਾਂ ਦੀ ਦੇਖ-ਰੇਖ ਅਤੇ ਸਾਂਭ-ਸੰਭਾਲ ਲਈ ਉਪਰਾਲੇ ਕਰਦੀ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਗੁਰਜਤਿੰਦਰ ਸਿੰਘ ਰੰਧਾਵਾ ਮਲਟੀਕਲਚਰ ਕਮੇਟੀ ਦੇ ਕਮਿਸ਼ਨਰ ਅਤੇ ਡੈਮੋਕਰੇਟ ਪਾਰਟੀ ਦੇ ਨੈਸ਼ਨਲ ਡੈਲੀਗੇਟ ਦੀਆਂ ਚੋਣਾਂ ਵੀ ਜਿੱਤ ਚੁੱਕੇ ਹਨ। ਸ. ਰੰਧਾਵਾ ਨੇ ਆਪਣੀ ਇਸ ਨਿਯੁਕਤੀ 'ਤੇ ਸਮੂਹ ਕੌਂਸਲ ਮੈਂਬਰਾਂ ਅਤੇ ਮੇਅਰ ਸਟੀਵ ਲੀ ਦਾ ਧੰਨਵਾਦ ਕਰਦਿਆਂ ਯਕੀਨ ਦਿਵਾਇਆ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣਗੇ।



# ਸੱਭਿਆਚਾਰਕ ਵਾਵਰੋਲਿਆਂ ’ਚ ਘਿਰਿਆ ਪੰਜਾਬ

**ਡਾ. ਭੀਮ ਇੰਦਰ ਸਿੰਘ**
ਸੰਪਰਕ: 98149-02040

ਹਰੇ ਇਨਕਲਾਬ ਤੋਂ ਬਾਅਦ ਪੰਜਾਬ ਲਗਾਤਾਰ ਸੱਭਿਆਚਾਰਕ ਸੰਕਟ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਇਸ ਸੰਕਟ ਨੇ ਪੰਜਾਬੀਆਂ ਦੀ ਜ਼ਿੰਦਗੀ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕੀਤਾ ਹੈ। ਸਾਡੀ ਜੀਵਨ ਸ਼ੈਲੀ, ਭੋਜਨ, ਪਾਣੀ, ਲੋੜਾਂ, ਖੇਤੀ, ਵਪਾਰ, ਸੰਗੀਤ, ਆਦਤਾਂ ਆਦਿ ਬੁਰੀ ਤਰ੍ਹਾਂ ਸੁਚੇਤ-ਅਚੇਤ ਰੂਪ ਵਿੱਚ ਇਸ ਸੰਕਟ ਤੋਂ ਪ੍ਰਭਾਵਿਤ ਹੋ ਰਹੀਆਂ ਹਨ। ਸਿੱਟੇ ਵਜੋਂ ਪੰਜਾਬ ਦੀ ਜ਼ਰਖ਼ੇਜ਼ ਧਰਤੀ ਜਿੱਥੇ ਰੇਗਿਸਤਾਨ ਬਣਦੀ ਜਾ ਰਹੀ ਹੈ ਉੱਥੇ ਪੰਜਾਬੀ ਬੌਧਿਕਤਾ ਵੀ ‘ਬੰਜਰ’ ਬਣਨ ਵੱਲ ਵਧ ਰਹੀ ਹੈ। ਲੰਮੇ-ਲੰਝੇ ਤਕੜੇ ਜੁੱਸੇ ਵਾਲੇ ਪੰਜਾਬੀ ਨੌਜਵਾਨਾਂ ਦਾ ਸੰਕਲਪ ਲਗਭਗ ਖ਼ਤਮ ਹੋ ਚੁੱਕਾ ਹੈ। ਭਲੇ ਵੇਲਿਆਂ ਦੇ ਪੰਜਾਬੀਆਂ ਦੇ ਨਰੋਏ ਤੇ ਬਾਘੀਆਂ ਪਾਉਣ ਵਾਲੇ ਸਰੀਰਕ ਸੰਕਲਪ ਉੱਡ-ਪੁੱਡ ਗਏ ਹਨ। ਪੰਜਾਬ ਵਿੱਚ ‘ਉਜੜਾਂ’ ਤੇ ‘ਜੂੜਾਂ’ ਹੁਣ ਟਾਵਾਂ-ਟਾਵਾਂ ਹੀ ਨਜ਼ਰ ਆਉਂਦਾ ਹੈ। ‘ਅੰਜਨ ਮਹਿ ਨਿਰੰਜਨ’ ਰਹਿਣ ਵਾਲਾ ਪੰਜਾਬੀ ਅੱਜ ਆਪਣੇ ਆਪ ਨੂੰ ਬੇਸਹਾਰਾ, ਸਾਹ-ਸਤਹੀਣ ਸਮਝਣ ਲੱਗਿਆ ਹੈ। ਕਿਸੇ ਵੇਲੇ ਬਾਬਰ ਦੇ ਜਬਰ ਤੇ ਬਸਤੀਵਾਦੀ ਹਕੂਮਤ ਨਾਲ ਦਸਤਪੰਜਾ ਲੈਣ ਵਾਲਾ ਪੰਜਾਬੀ ਹੁਣ ਉਦਾਸੀਨਤਾ ਤੇ ਖ਼ੁਦਕੁਸ਼ੀਆਂ ਦੇ ਆਲਮ ਵਿੱਚ ਫ਼ਨਾਹ ਹੋ ਰਿਹਾ ਹੈ।



**ਇੱਕੀਵੀਂ ਸਦੀ ਵਿੱਚ ਨਵੀਂ ਮਸਨੂਈ ਦੁਨੀਆਂ ਵਿੱਚ ਵਿਚਰ ਰਹੇ ਪੰਜਾਬੀ ਲੋਕ ਤਰਕਹੀਣ ਤੇ ਰਹੱਸਮਈ ਸੁਪਨਿਆਂ ਵਿੱਚ ਜਿਉਣ ਦੇ ਆਦੀ ਹੋ ਚੁੱਕੇ ਹਨ। ਇਸੇ ਲਈ ਭ੍ਰਿਸ਼ਟ ਸਮਾਜਿਕ ਯਥਾਰਥ ਨਾਲ ਪੈਣ ‘ਤੇ ਉਨ੍ਹਾਂ ਦੇ ਇਹ ਸੁਪਨੇ ਚਕਨਾਚੂਰ ਹੋ ਜਾਂਦੇ ਹਨ ਅਤੇ ਉਹ ਨਿਰਾਸਤਾ ਨੂੰ ਗਲੇ ਲਗਾ ਲੈਂਦੇ ਹਨ। ਜਦੋਂ ਇਹ ਨਿਰਾਸ਼ਾ ਗਲ-ਗਲ ਤੀਕ ਆ ਜਾਂਦੀ ਹੈ ਤਾਂ ਵਿਅਕਤੀ ਜ਼ਿੰਦਗੀ ਨੂੰ ਅਲਵਿਦਾ ਕਹਿ ਜਾਂਦਾ ਹੈ। ਸੋ, ਇਸ ਨਵੀਂ ਸੱਭਿਆਚਾਰਕ ਸਥਿਤੀ ਨੇ ਪੰਜਾਬੀਆਂ ਲਈ ਭਿਆਨਕ ਗੁਲਾਮੀ ਤੇ ਭਰਮਾਂ ਦਾ ਸੰਸਾਰ ਸਿਰਜ ਦਿੱਤਾ ਹੈ ਤੇ ਇਸ ਗੁਲਾਮੀ ਤੋਂ ਛੁਟਕਾਰਾ ਪਾਉਣ ਦਾ ਕੋਈ ਰਾਹ ਵੀ ਦਿਖਾਈ ਨਹੀਂ ਦਿੰਦਾ।**



ਅਜੋਕਾ ਸਮਾਂ ਮੰਗ ਕਰਦਾ ਹੈ ਕਿ ਇਸ ਨਵੇਂ ਸੱਭਿਆਚਾਰਕ ਸੰਕਟ ਦੀ ਸੂਖ਼ਮ ਤੇ ਪੇਚੀਦਾ ਪ੍ਰਕਿਰਿਆ ਨੂੰ ਸਮਝਿਆ ਜਾਵੇ ਅਤੇ ਇਸ ਦੇ ਯੋਗ ਹੱਲ ਲਈ ਅਗਾਂਹ ਵਧਿਆ ਜਾਵੇ। ਸਮਾਜਿਕ, ਸਿਆਸੀ, ਸੱਭਿਆਚਾਰਕ ਤੌਰ ‘ਤੇ ਕੀਤੀ ਗਈ ਸਹੀ ਪਹਿਲਕਦਮੀ ਹੀ ਪੰਜਾਬ ਦੀ ਵਿਲੱਖਣ ਤੇ ਵਿਸ਼ੇਸ਼ ਸੱਭਿਆਚਾਰਕ ਤਾਸੀਰ ਨੂੰ ਮੁੜ ਸਥਾਪਿਤ ਕਰ ਸਕਦੀ ਹੈ। ਇਹ ਪਹਿਲਕਦਮੀ ਹੀ ਪੰਜਾਬੀਆਂ ਦੇ ਵਿਹਾਰ, ਵਿਚਾਰ, ਵਰਤਾਰੇ ਨੂੰ ਸਹਿਜ, ਸਰਲ ਤੇ ਸੰਕਟ ਮੁਕਤ ਬਣਾ ਸਕਦੀ ਹੈ। ਸਾਨੂੰ ਸਭ ਤੋਂ ਪਹਿਲਾਂ ਉਹ ਕਾਰਨ ਤਲਾਸ਼ਣੇ ਪੈਣਗੇ ਜੋ ਪੰਜਾਬ ਦੇ ਵਿਕਰਾਲ ਸੱਭਿਆਚਾਰਕ ਸੰਕਟ ਲਈ ਜ਼ਿੰਮੇਵਾਰ ਹਨ। ਸਾਨੂੰ ਸੱਭਿਆਚਾਰ ਰੂਪਾਂਤਰਣ ਦੇ ਬੈਰੂਨੀ ਤੇ ਅੰਤਰੀਵੀ ਪਰਿਵਰਤਨਾਂ ਨੂੰ ਪਛਾਣਨਾ ਪਵੇਗਾ ਜੋ ਸਾਡੀਆਂ ਲੋੜਾਂ, ਚਾਹਤਾਂ, ਚਿੰਤਾਵਾਂ ਨੂੰ ਨਿਯੰਤਰਤ ਤੇ ਸੇਧਿਤ ਕਰ ਰਹੇ ਹਨ। ਸਿਆਸੀ ਤਾਕਤਾਂ, ਕਾਰਪੋਰੇਟ ਮੀਡੀਆ, ਨਵ-ਸਾਮਰਾਜੀ ਸੱਭਿਆਚਾਰ, ਤਕਨੀਕੀ ਕ੍ਰਾਂਤੀ, ਇੰਟਰਨੈੱਟ, ਸੋਸ਼ਲ ਮੀਡੀਆ ਆਦਿ ਦੇ ਮਹਾਂਜਾਲ ਨੂੰ ਵੀ ਸਵਾਲਾਂ ਦੇ ਘੇਰੇ ਵਿੱਚ ਲਿਆਉਣਾ ਹੋਵੇਗਾ।

ਪੰਜਾਬ ਵਿੱਚ ਵਿਸ਼ਵੀਕਰਨ ਦੀ ਪ੍ਰਕਿਰਿਆ ਸ਼ੁਰੂ ਹੋਣ ਤੋਂ ਬਾਅਦ ਪੈਦਾ ਹੋਈਆਂ ਨਵੀਆਂ ਪ੍ਰਸਥਿਤੀਆਂ ਨੇ ਵਿਅਕਤੀਵਾਦ, ਇਕੱਲਤਾ, ਬੇਸਬਰੀ, ਸੁਆਰਥ, ਮੌਕਾਪ੍ਰਸਤੀ ਆਦਿ ਦੀ ਭਾਵਨਾ ਨੂੰ ਪ੍ਰਫੁੱਲਿਤ ਕੀਤਾ ਹੈ। ਕਾਰਪੋਰੇਟ ਮੀਡੀਆ ਰਾਹੀਂ ਪਰੋਸੇ ਜਾ ਰਹੇ ਸੱਭਿਆਚਾਰ ਨੇ ਹਮਲਾਵਰ ਰੁਖ਼ ਅਪਨਾ ਲਿਆ ਹੈ। ਸ਼ਹਿਰਾਂ ਤੋਂ ਸ਼ੁਰੂ ਹੋਇਆ ਕਾਰਪੋਰੇਟ ਮੀਡੀਆ ਉਦਯੋਗ ਹੁਣ ਪਿੰਡਾਂ ਨੂੰ ਵੀ ਆਪਣੇ ਕਲਾਵੇ ਵਿੱਚ ਲੈ ਚੁੱਕਾ ਹੈ। ਕਾਰਪੋਰੇਟ ਮੀਡੀਆ ਦਾ ਸੱਭਿਆਚਾਰਕ ਖ਼ਾਸਾ ਮੁੱਖ ਤੌਰ ‘ਤੇ ਅਮਰੀਕੀ ਮੀਡੀਆ ਦੀ ਸਿਧਾਂਤਕ, ਸਿਆਸੀ ਤੇ ਸੁਹਜਾਤਮਕ ਖ਼ਸਲਤ ਨਾਲ ਜੁੜਿਆ ਹੋਇਆ ਹੈ। ਇਸ ਗੱਠਜੋੜ ਨੇ ਸਾਡੀਆਂ ਮਨੋਬਿਰਤੀਆਂ ਤੇ ਸੱਭਿਆਚਾਰਕ ਗਤੀਵਿਧੀਆਂ ਨੂੰ ਕੰਟਰੋਲ ਕਰ ਲਿਆ ਹੈ। ਇਸ ਕੰਟਰੋਲ ਰਾਹੀਂ ਸਰਮਾਏ ਦੇ ਇਕੱਤਰੀਕਰਨ ਲਈ ਰਾਹ ਸਾਫ਼ ਕੀਤਾ ਗਿਆ ਹੈ। ਪੰਜਾਬ ਤੇ ਪੰਜਾਬੀ ਵਿੱਚ ਪ੍ਰਚੱਲਿਤ ਅਜੋਕਾ ਸੱਭਿਆਚਾਰਕ ਉਦਯੋਗ ਜਿਵੇਂ ਫ਼ਿਲਮਾਂ, ਟੀਵੀ ਚੈਨਲ, ਖ਼ਬਰਾਂ, ਇੰਟਰਨੈੱਟ ਆਦਿ ਬਹੁਤਾ ਕਰ ਕੇ ਛਲਾਵੇ ਤੇ ਪਰਪੰਚ ਦਾ ਰੋਲ ਅਦਾ ਕਰ ਰਹੇ ਹਨ। ਅਜਿਹਾ ਕਰਕੇ ਕਾਰਪੋਰੇਟ ਸੱਭਿਆਚਾਰਕ ਉਦਯੋਗ ਸਾਡੇ ਦੇਸੀ ਸੱਭਿਆਚਾਰਾਂ ਨੂੰ ਖ਼ਤਮ ਕਰਨ ਵੱਲ ਰੁਚਿਤ ਹੈ। ਸਿੱਟੇ ਵਜੋਂ ਸਾਡੀ ਨਵੀਂ ਪੀੜ੍ਹੀ ਵਿਭਿੰਨ ਮਾਨਸਿਕ ਵਿਗਾੜਾਂ, ਉਲਾਰਪੁਣਾ, ਵਿਹਲਪੁਣਾ ਤੇ ਹਫੜਾ-ਦਫੜੀ ਦਾ ਸ਼ਿਕਾਰ ਹੋ ਕੇ ਮਨੋਰੋਗੀ ਹੋ ਚੁੱਕੀ ਹੈ। ਬੇਗਾਨਗੀ ਦਾ ਸ਼ਿਕਾਰ ਨਵੀਂ ਪੀੜ੍ਹੀ ਪ੍ਰਾਕਿਰਤਕ, ਪਾਕੀਜ਼ਗੀ ਤੇ ਇਕਸੁਰਤਾ ਵਾਲੀ ਜ਼ਿੰਦਗੀ ਤੋਂ ਟੁੱਟ ਚੁੱਕੀ ਹੈ। ਪੰਜਾਬ ਦੀ ਨਵੀਂ ਪੀੜ੍ਹੀ ਨੂੰ ਹਥਿਆਰਾਂ, ਮਹਿੰਗੀਆਂ ਕਾਰਾਂ, ਜੀਪਾਂ, ਮੋਟਰ-ਸਾਈਕਲਾਂ ਦੇ ਨਾਲ ਨਾਲ ਮਹਿੰਗੇ ਨਸ਼ਿਆਂ ਵੱਲ ਲਗਾ ਕੇ ਭਰਪੂਰ ਮੁਨਾਫ਼ਾ ਕਮਾਇਆ ਜਾ ਰਿਹਾ ਹੈ। ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਗਾਇਕੀ ਨੂੰ ਜਿਸ ਤਰ੍ਹਾਂ ਬੌਲੀਵੁੱਡ ਜਾਂ ਪੌਲੀਵੁੱਡ ਰਾਹੀਂ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਉਸ ਨੇ ਪੰਜਾਬੀ ਨੌਜਵਾਨਾਂ ਵਿੱਚ ਨੰਗੇਜ਼ਵਾਦ, ਅਸ਼ਲੀਲ ਅਤੇ ਸੁਹਜਹੀਣ ਬਿਰਤੀਆਂ ਪੈਦਾ ਕੀਤੀਆਂ ਹਨ। ਸੰਗੀਤ ਦੇ ਨਾਂ ‘ਤੇ ਪੈਦਾ ਹੋ ਰਿਹਾ ਉਜੱਡਪੁਣਾ ਕੁਹਜ ਦਾ ਸੱਭਿਆਚਾਰ ਸਿਰਜ ਰਿਹਾ ਹੈ। ਇਸ ਉਜੱਡ-ਸੱਭਿਆਚਾਰ ਨੇ ਸਾਡੇ ਸਦੀਆਂ ਪੁਰਾਣੇ ਸੱਭਿਆਚਾਰ ਢਾਹ ਲਾਈ ਹੈ। ਖਪਤ ਸੱਭਿਆਚਾਰ ਤੇ ਵਸਤਾਂ ਦੇ ਉਤਪਾਦਨ ਦੀ ਪ੍ਰਕਿਰਿਆ ਦਾ ਏਕੀਕਰਨ ਹੋ ਚੁੱਕਾ ਹੈ। ਉਤਪਾਦਨ ਦੀ ਇਸ ਅਨੋਖੀ ਪ੍ਰਕਿਰਿਆ ਵਿੱਚੋਂ ਹੀ ਸਾਡੀਆਂ ਸੁਹਜਾਤਮਕ ਪ੍ਰਵਿਰਤੀਆਂ ਤੇ ਸ਼ੈਲੀਆਂ ਜਨਮ ਲੈ ਰਹੀਆਂ ਹਨ। ਪੂੰਜੀ ਦੇ ਬੇਰੋਕ ਵਹਾਅ ਅਤੇ ਬਹੁਕੌਮੀ ਕੰਪਨੀਆਂ ਦੇ ਪਸਾਰ ਰਾਹੀਂ ਅਤਿਅੰਤ ਲਚਕਦਾਰ ਆਰਥਿਕ ਵਿਵਸਥਾ ਨੇ ਖੰਡਿਤ ਮਾਨਸਿਕਤਾ ਸਿਰਜੀ ਹੈ। ਇਸ ਵਿਵਸਥਾ ਵਿੱਚ ਅਸੀਂ ਆਪਣੀ ਇਤਿਹਾਸਕ ਚੇਤਨਾ ਤੋਂ ਵਾਂਝੇ ਹੋ ਚੁੱਕੇ ਹਾਂ। ਇਸ ਕਰਕੇ ਸਾਡੇ ਸੁਭਾਅ ਤੇ ਸਾਰ ਨੂੰ ਸੰਚਾਲਿਤ ਕਰਨ ਵਾਲੇ ਤੱਤਾਂ ਜਿਵੇਂ ਕਿਰਤ ਦੇ ਬਦਲਦੇ ਪਰਿਪੇਖ, ਕੁਦਰਤੀ ਸਰੋਤਾਂ ਦੀ ਅੰਨ੍ਹੀ ਲੁੱਟ, ਤਕਨੀਕੀ ਵਿਕਾਸ, ਪੂੰਜੀ ਨਿਵੇਸ਼ ਆਦਿ ਨੂੰ ਵੀ ਸਮਝਣਾ ਜ਼ਰੂਰੀ ਹੈ। ਪੂੰਜੀਵਾਦ ਨੇ ਸਾਡੇ ਸੱਭਿਆਚਾਰ ਦੇ ਸਾਰੇ ਰੂਪਾਂ ‘ਤੇ ਕਬਜ਼ਾ ਜਮਾ ਲਿਆ ਹੈ ਜਿਸ ਕਾਰਨ ਕੰਪਿਊਟਰ, ਸੋਸ਼ਲ ਸਾਈਟਾਂ, ਸੋਸ਼ਲ ਮੀਡੀਆ ਤੇ ਸੂਚਨਾ ਤੰਤਰ ਵਧੇਰੇ ਮਹੱਤਵਪੂਰਨ ਬਣ ਗਏ ਹਨ। ਇਸ ਕਾਰਨ ਸੂਚਨਾਵਾਂ ਮਨੋਰੰਜਨ ਦਾ ਕਾਰਜ ਕਰ ਰਹੀਆਂ ਹਨ ਅਤੇ ਇਹ ਮਨੋਰੰਜਨ ਹੀ ਵਪਾਰ ਦਾ ਸਾਧਨ ਬਣ ਗਿਆ ਹੈ। ਇਸ ਮਨੋਰੰਜਨ ਨੇ ਸਾਡੇ ਸੱਭਿਆਚਾਰ ਦੇ ਬਿੰਬਾਂ, ਚਿੰਨ੍ਹਾਂ ਤੇ ਸੁਹਜ ਨੂੰ ਨਿਰਾਰਥਕ ਬਣਾ ਦਿੱਤਾ ਹੈ। ਇਹ ਨਿਰਾਰਥਕਤਾ ਸਾਡੇ ਅਵਚੇਤਨ ਨੂੰ ਕੰਟਰੋਲ ਕਰ ਰਹੀ ਹੈ। ਇਹ ਕੰਟਰੋਲ ਸਾਡੀਆਂ ਸੱਭਿਆਚਾਰਕ ਵਿਲੱਖਣਤਾਵਾਂ ਨੂੰ ਖ਼ਤਮ ਕਰਨ ਅਤੇ ਸਾਡੀ ਜੀਵਨ ਸ਼ੈਲੀ ਨੂੰ ਬਦਲਣ ਵੱਲ ਵਧ ਰਿਹਾ ਹੈ। ਸਾਡੇ ਮਨਾਂ ਅੰਦਰ ਵਸਤੂਆਂ ਪ੍ਰਤੀ ਲਲ੍ਹਕ ਪੈਦਾ ਕਰਨਾ ਇਸ ਜੀਵਨ ਸ਼ੈਲੀ ਦਾ ਮੁੱਖ ਮਕਸਦ ਹੈ। ਸਾਡੇ ਅਵਚੇਤਨ ਨੂੰ ਕਾਬੂ ਕਰ ਕੇ ਮੀਡੀਆ ਉਦਯੋਗ ਨੇ ਸਾਨੂੰ ਲਲਚਾਉਣ, ਪਲੋਸਣ, ਪਸਮਾਉਣ ਦਾ ਕੰਮ ਕੀਤਾ ਹੈ। ਸਾਡੇ ਸੱਭਿਆਚਾਰ ਦੇ ਅਰਥ ਸਿਰਫ਼ ਮਸਨੂਈ ‘ਆਨੰਦ’ ਤੀਕ ਮਹਿਦੂਦ ਕਰ ਦਿੱਤੇ ਹਨ ਜਿਸ ਨੇ ਸਾਡੇ ਅੰਦਰ ਅਜੀਬ ਕਿਸਮ ਦੇ ‘ਆਨੰਦ’ ਨੂੰ ਜਨਮ ਦਿੱਤਾ ਹੈ। ਇਸ ‘ਆਨੰਦ’ ਦੇ ਫੈਲਾਅ ਨੇ ਭੀੜ ਸੱਭਿਆਚਾਰ ਤੇ ਕੁਲੀਨ ਸੱਭਿਆਚਾਰ ਦੇ ਪਾੜੇ ਨੂੰ ਵੀ ਘਟਾਇਆ ਹੈ। ਹੁਣ ਉਪਭੋਗ ਦਾ ‘ਆਨੰਦ’ ਤੇ ਵਿਅਕਤੀਗਤ ਘੁਮੰਡ ਇੱਕ ਦੂਜੇ ਦੇ ਪੂਰਕ ਵਿਖਾਈ ਦੇ ਰਹੇ ਹਨ। ਅਤਿ ਦਾ ਉਪਭੋਗੀ ਪੰਜਾਬੀ ਬੰਦਾ ਸਮਾਜ, ਸਿਆਸਤ ਤੇ ਹੋਰ ਅਨੇਕਾਂ ਸਮੱਸਿਆਵਾਂ ਬਾਰੇ ਸਵਾਲ ਨਹੀਂ ਉਠਾਉਂਦਾ। ਉਸ ਨੂੰ ਤਾਂ ਸਾਰਾ ਕੁਝ ਹੀ ਆਨੰਦਮਈ ਲੱਗਦਾ ਹੈ। ਪੰਜਾਬੀਆਂ ਵਿੱਚ ਉੱਭਰੇ ਉਪਭੋਗਤਾਵਾਦ ਦਾ ਰਹੱਸ ਇਸ ਆਨੰਦਮਈ ਵਿਵਸਥਾ ਵਿੱਚ ਹੀ ਲੁਕਿਆ ਹੋਇਆ ਹੈ।

ਸਪੱਸ਼ਟ ਹੈ ਕਿ ਪੰਜਾਬੀ ਖਪਤਵਾਦੀ ਵਿਵਸਥਾ ਅਤੇ ਵਿਸ਼ਾਲ ਸੰਚਾਰ ਕ੍ਰਾਂਤੀ ਦੀ ਗੈਰ-ਯਥਾਰਥਕ ਸਥਿਤੀ ਦਾ ਸ਼ਿਕਾਰ ਹੋ ਚੁੱਕੇ ਹਨ। ਇਸ ਕਰਕੇ ਉਹ ਭਰਮਾਂ, ਛਲਾਵਿਆਂ ਵਿੱਚ ਆ ਕੇ ਆਪਣੇ ਮੂਲ ਤੋਂ ਟੁੱਟ ਚੁੱਕੇ ਹਨ। ਇੱਕੀਵੀਂ ਸਦੀ ਵਿੱਚ ਨਵੀਂ ਮਸਨੂਈ ਦੁਨੀਆਂ ਵਿੱਚ ਵਿਚਰ ਰਹੇ ਪੰਜਾਬੀ ਲੋਕ ਤਰਕਹੀਣ ਤੇ ਰਹੱਸਮਈ ਸੁਪਨਿਆਂ ਵਿੱਚ ਜਿਉਣ ਦੇ ਆਦੀ ਹੋ ਚੁੱਕੇ ਹਨ। ਇਸੇ ਲਈ ਭ੍ਰਿਸ਼ਟ ਸਮਾਜਿਕ ਯਥਾਰਥ ਨਾਲ ਪੈਣ ‘ਤੇ ਉਨ੍ਹਾਂ ਦੇ ਇਹ ਸੁਪਨੇ ਚਕਨਾਚੂਰ ਹੋ ਜਾਂਦੇ ਹਨ ਅਤੇ ਉਹ ਨਿਰਾਸਤਾ ਨੂੰ ਗਲੇ ਲਗਾ ਲੈਂਦੇ ਹਨ। ਜਦੋਂ ਇਹ ਨਿਰਾਸ਼ਾ ਗਲ-ਗਲ ਤੀਕ ਆ ਜਾਂਦੀ ਹੈ ਤਾਂ ਵਿਅਕਤੀ ਜ਼ਿੰਦਗੀ ਨੂੰ ਅਲਵਿਦਾ ਕਹਿ ਜਾਂਦਾ ਹੈ। ਸੋ, ਇਸ ਨਵੀਂ ਸੱਭਿਆਚਾਰਕ ਸਥਿਤੀ ਨੇ ਪੰਜਾਬੀਆਂ ਲਈ ਭਿਆਨਕ ਗੁਲਾਮੀ ਤੇ ਭਰਮਾਂ ਦਾ ਸੰਸਾਰ ਸਿਰਜ ਦਿੱਤਾ ਹੈ ਤੇ ਇਸ ਗੁਲਾਮੀ ਤੋਂ ਛੁਟਕਾਰਾ ਪਾਉਣ ਦਾ ਕੋਈ ਰਾਹ ਵੀ ਦਿਖਾਈ ਨਹੀਂ ਦਿੰਦਾ।

ਦਰਅਸਲ, ਪਿਛਲੇ ਦੋ-ਢਾਈ ਦਹਾਕਿਆਂ ਦੌਰਾਨ ਪੰਜਾਬ ਵਿੱਚ ਉਪਭੋਗਤਾਵਾਦ ਹੀ ਸਮਾਜਿਕ ਸੰਰਚਨਾ ਦਾ ਆਧਾਰ ਵਿਖਾਈ ਦਿੰਦਾ ਹੈ। ਪੰਜਾਬੀਆਂ ਦੇ ਵਿਹਾਰ ਨੂੰ ਉਪਭੋਗੀ ਵਸਤਾਂ ਰਾਹੀਂ ਨਿਯੰਤਰਤ ਕੀਤਾ ਜਾ ਰਿਹਾ ਹੈ। ਚਕਾਚੌਂਧ ਵਾਲੇ ਸੱਭਿਆਚਾਰ ਵਿੱਚ ਨੈਤਿਕਤਾ ਕਿਤੇ ਗੁਆਚ ਗਈ ਹੈ। ਬੇਲੋੜੀਆਂ ਵਸਤਾਂ ਦੀ ਉਪਭੋਗਤਾ ਸਾਡੀ ਸਮਾਜਿਕ ਹੈਸੀਅਤ ਨੂੰ ਨਿਰਧਾਰਿਤ ਕਰ ਰਹੀ ਹੈ। ਹੁਣ ਪੰਜਾਬੀਆਂ ਦਾ ਵਿਹਾਰ ਉਨ੍ਹਾਂ ਦੀਆਂ ਬੁਨਿਆਦੀ ਲੋੜਾਂ ਨਿਰਧਾਰਿਤ ਨਹੀਂ ਕਰਦੀਆਂ ਸਗੋਂ ਉਪਭੋਗੀ ਵਸਤਾਂ ਹੀ ਉਨ੍ਹਾਂ ਦੇ ਵਿਹਾਰ ਨੂੰ ਨਿਰਦੇਸ਼ਤ ਤੇ ਨਿਯੰਤਰਤ ਕਰਦੀਆਂ ਹਨ। ਉਪਭੋਗੀ ਸੱਭਿਆਚਾਰ ਪਹਿਲਾਂ ਲੋੜਾਂ ਪੈਦਾ ਕਰ ਰਿਹਾ ਹੈ ਤੇ ਫਿਰ ਵਸਤੂਆਂ ਦਾ ਉਤਪਾਦਨ ਕਰਕੇ ਬੇਅੰਤ ਮੁਨਾਫ਼ਾ ਕਮਾ ਰਿਹਾ ਹੈ। ਇਸ ਕਰਕੇ ਇਸ ਸਥਿਤੀ ਨੇ ਪੰਜਾਬੀਆਂ ਨੂੰ ਭੰਬਲਭੂਸੇ ਵਾਲੀ ਸਥਿਤੀ ਵਿੱਚ ਜਿਊਣ ਲਈ ਮਜਬੂਰ ਕਰ ਦਿੱਤਾ ਹੈ।

ਉਪਭੋਗੀ ਬਿਰਤੀਆਂ ਕਾਰਨ ਹੀ ਪੰਜਾਬ ਦਾ ਬੌਧਿਕ ਤਬਕਾ ਸਿਆਸੀ ਗਤੀਵਿਧੀਆਂ ਤੋਂ ਸੱਖਣਾ ਹੋ ਚੁੱਕਾ ਹੈ। ਬੌਧਿਕਤਾ ਲਈ ਸੰਪੂਰਨਤਾ ਤੇ ਸਮੁੱਚਤਾ ਦੇ ਏਕੇ ਦੀ ਬੇਹੱਦ ਲੋੜ ਹੁੰਦੀ ਹੈ, ਪਰ ਅਜੋਕੇ ਬੌਧਿਕ ਦ੍ਰਿਸ਼ ਵਿੱਚ ਉਦੇਸ਼ ਦੀ ਕਿਰਿਆਸ਼ੀਲਤਾ ਲਗਭਗ ਖ਼ਤਮ ਹੋਣ ਕਿਨਾਰੇ ਹੈ। ਇਸ ਗ਼ੈਰ-ਬੌਧਿਕ ਮਾਹੌਲ ਅੰਦਰ ਖੰਡਿਤ ਤੇ ਤਿੜਕੀਆਂ ਚੇਤਨਾਵਾਂ ਵਧ-ਫੁੱਲ ਰਹੀਆਂ ਹਨ। ਸੋ ਕਿਸੇ ਵੱਡੇ ਬਦਲਾਅ ਵਾਲੇ ਬੌਧਿਕ ਸੰਵਾਦ ਦੀ ਤਵੱਕੋ ਨਹੀਂ ਕੀਤੀ ਜਾ ਸਕਦੀ। ਪੰਜਾਬ ਵਿੱਚ ਬੌਧਿਕ ਕੰਗਾਲੀ ਦਾ ਇਹ ਸਮਾਂ ਤਰਕਹੀਣ ਸੋਚ ਨੂੰ ਗਲਵਕੜੀ ਪਾ ਲੈਣ ਦਾ ਸਮਾਂ ਹੈ। ਸਾਡੀ ਖੰਡਿਤ ਚੇਤਨਾ ਮੀਡੀਆ ਨਿਯੰਤਰਤ ਘਟਨਾਵਾਂ ਦੀ ਲਪੇਟ ਵਿੱਚ ਆ ਚੁੱਕੀ ਹੈ। ਇਸ ਕਾਰਨ ਸਾਡੀਆਂ ਸੱਭਿਆਚਾਰਕ ਸਮੱਸਿਆਵਾਂ ਦੀਆਂ ਠੋਸ ਸਮਾਜਿਕ ਤੇ ਸਿਆਸੀ ਅੰਤਰ-ਦ੍ਰਿਸ਼ਟੀਆਂ ਨੂੰ ਸਮਝਿਆ ਨਹੀਂ ਜਾ ਰਿਹਾ।

ਅੱਜ ਲੋੜ ਹੈ ਕਿ ਅਸੀਂ ਸੱਭਿਆਚਾਰ ਤੇ ਸਿਆਸਤ ਦੇ ਉਨ੍ਹਾਂ ਸਾਰੇ ਅੰਤਰ-ਵਿਰੋਧਾਂ ਤੇ ਅੰਤਰ-ਸਬੰਧਾਂ ਨੂੰ ਸਮਝੀਏ ਜੋ ਸਾਡੇ ਰੋਜ਼ਾਨਾ ਜੀਵਨ ਦੀ ਯੋਜਨਾਬੰਦੀ ਤੈਅ ਕਰਦੇ ਹਨ। ਸਾਡੀ ਬੌਧਿਕਤਾ ਦਾ ਇਤਿਹਾਸ ਸਾਡੇ ਸਮਿਆਂ ਦੇ ਨਵੇਂ ਸੱਭਿਆਚਾਰ, ਸਿਆਸੀ ਤੇ ਸਿਧਾਂਤਕ ਇਤਿਹਾਸ ਨਾਲ ਨੇੜਿਓਂ ਜੁੜਿਆ ਹੋਇਆ ਹੈ। ਅਜੋਕੀਆਂ ਵਿਰਾਟ ਸੱਭਿਆਚਾਰਕ ਸਮੱਸਿਆਵਾਂ ਨੂੰ ਸਮਝਣ ਲਈ ਸਾਨੂੰ ਇਤਿਹਾਸ ਤੇ ਸਿਆਸਤ ਦੇ ਸੰਦਰਭਾਂ ਨੂੰ ਵੀ ਸਮਝਣਾ ਪਵੇਗਾ। ਸਾਨੂੰ ਉਨ੍ਹਾਂ ਸ਼ਕਤੀ ਸੰਰਚਨਾਵਾਂ ਨੂੰ ਵੰਗਾਰਨਾ ਹੋਵੇਗਾ ਜੋ ਕੁਹਜਮਈ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਜ਼ਿੰਮੇਵਾਰ ਹਨ। ਸਾਨੂੰ ਲਾਜ਼ਮੀ ਤੌਰ ‘ਤੇ ਅਜੋਕੀ ਸਿਆਸੀ ਵਿਵਸਥਾ ਦੇ ਉਨ੍ਹਾਂ ਸਿਧਾਂਤਾਂ, ਧਾਰਨਾਵਾਂ ਤੇ ਵਿਚਾਰਾਂ ਨਾਲ ਦਸਤਪੰਜਾ ਲੈਣਾ ਪਵੇਗਾ ਜੋ ਪੂੰਜੀਵਾਦੀ ਵਿਵਸਥਾ ਨੂੰ ਕਾਇਮ ਕਰਨ ਤੇ ਮਜ਼ਬੂਤੀ ਪ੍ਰਦਾਨ ਕਰਨ ਦੇ ਰਾਹ ਪਈ ਹੋਈ ਹੈ। ਅੱਜ ਸਾਨੂੰ ਕੌਮੀ ਤੇ ਬਹੁਕੌਮੀ ਕੰਪਨੀਆਂ ਦੀ ਲੁਕਵੀਂ ਸਿਆਸਤ ਨੂੰ ਬੇਨਕਾਬ ਕਰਨ ਦੀ ਲੋੜ ਹੈ। ਉਸ ਅਗਾਂਹਵਧੂ ਸਿਆਸਤ ਨੂੰ ਪੈਦਾ ਕਰਨ ਦੀ ਵੀ ਜ਼ਰੂਰਤ ਹੈ ਜੋ ਸਾਡੇ ਸੱਭਿਆਚਾਰਕ ਸੰਕਟ ਦਾ ਹੱਲ ਲੱਭ ਸਕੇ ਤਾਂ ਕਿ ਪੰਜਾਬ, ਪੰਜਾਬੀ ਤੇ ਪੰਜਾਬੀਅਤ ਖ਼ੁਸ਼ਹਾਲ ਭਵਿੱਖ ਵੱਲ ਵਧ ਸਕੇ।

*(ਪੰਜਾਬੀ ਟ੍ਰਿਬਿਊਨ ‘ਚੋਂ ਧੰਨਵਾਦ ਸਹਿਤ)*

# ਯੂਐਨ ਮੁਖੀ ਨੇ ਸੂ ਕੀ ਨੂੰ ਰੋਹਿੰਗੀਆ ਮੁਸਲਮਾਨਾਂ ਦੀ ਸਨਮਾਨਜਨਕ ਵਾਪਸ ਯਕੀਨੀ ਬਣਾਉਣ ਲਈ ਕਿਹਾ

**ਮਨੀਲਾ/ਬਿਊਰੋ ਨਿਊਜ਼:** ਸੰਯੁਕਤ ਰਾਸ਼ਟਰ ਮੁਖੀ ਐਂਟੋਨੀਓ ਗੁਟੇਰੇਜ਼ ਨੇ ਜ ਮਿਆਂਮਾਰ ਦੀ ਆਗੂ ਆਂਗ ਸਾਨ ਸੂ ਕੀ ਨਾਲ ਮੁਲਾਕਾਤ ਦੌਰਾਨ ਸੂ ਕੀ ਨੂੰ ਬੇਨਤੀ ਕੀਤੀ ਕਿ ਹਿੰਸਾ ਬਾਅਦ ਦੇਸ਼ ਛੱਡ ਕੇ ਬੰਗਲਾਦੇਸ਼ ਭੱਜੇ ਹਜ਼ਾਰਾਂ ਰੋਹਿੰਗੀਆ ਮੁਸਲਮਾਨ ਸ਼ਰਨਾਰਥੀਆਂ ਦੀ ‘ਸਨਮਾਨਜਨਕ’ ਵਾਪਸੀ ਯਕੀਨੀ ਬਣਾਉਣ ਲਈ ਕਦਮ ਚੁੱਕੇ ਜਾਣ। ਇਥੇ ਆਸੀਆਨ ਸਿਖ਼ਰ ਸੰਮੇਲਨ ਦੌਰਾਨ ਵੱਖਰੇ ਤੌਰ ‘ਤੇ ਅਮਰੀਕਾ ਦੇ ਵਿਦੇਸ਼ ਮੰਤਰੀ ਰੈਕਸ ਟਿੱਲਰਸਨ ਨੇ ਵੀ ਸੂ ਕੀ ਨਾਲ ਮੁਲਾਕਾਤ ਕੀਤੀ ਅਤੇ ਰਖਾਈਨ ਸੂਬੇ ਵਿੱਚ ਮਾਨਵੀ ਸੰਕਟ ਬਾਰੇ ਚਰਚਾ ਕੀਤੀ। ਮਿਆਂਮਾਰ ਦੀ ਸਟੇਟ ਕੌਂਸਲਰ ਨਾਲ ਬੈਠਕ ਦੌਰਾਨ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨੇ ਰੋਹਿੰਗੀਆ ਮੁਸਲਮਾਨਾਂ ਨੂੰ ਵਾਪਸੀ ਦੀ ਆਗਿਆ ਦੇਣ ਦਾ ਮੁੱਦਾ ਉਠਾਇਆ। ਕੱਲ੍ਹ ਰਾਤ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਰਮਿਆਨ ਬੈਠਕ ਦੌਰਾਨ ਵੀ ਰੋਹਿੰਗੀਆ ਮੁਸਲਮਾਨਾਂ ਦੇ ਮੁੱਦੇ ‘ਤੇ ਚਰਚਾ ਹੋਈ ਸੀ। ਸੰਯੁਕਤ ਰਾਸ਼ਟਰ ਦੇ ਬਿਆਨ ਮੁਤਾਬਕ, ‘ਸਕੱਤਰ ਜਨਰਲ ਤੇ ਸਟੇਟ ਕੌਂਸਲਰ ਨੇ ਰਖਾਈਨ ਸੂਬੇ ਵਿੱਚ ਹਾਲਾਤ ਬਾਰੇ ਚਰਚਾ ਕੀਤੀ। ਸਕੱਤਰ ਜਨਰਲ ਨੇ ਰੋਹਿੰਗੀਆ ਮੁਸਲਮਾਨਾਂ ਦੀ ਸੁਰੱਖਿਅਤ, ਟਿਕਾਊ ਤੇ ਸਨਮਾਨਜਨਕ ਵਾਪਸੀ ਯਕੀਨੀ ਬਣਾਉਣ ਲਈ ਮਜ਼ਬੂਤ ਕਦਮ ਚੁੱਕੇ ਜਾਣ ‘ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਭਾਈਚਾਰਿਆਂ ਵਿੱਚ ਸੁਲ੍ਹਾ ਅਹਿਮ ਹੋਵੇਗੀ।’ ਦੱਸਣਯੋਗ ਹੈ ਕਿ ਅਗਸਤ ਵਿੱਚ ਬੋਧੀਆਂ ਦੀ ਬਹੁਗਿਣਤੀ ਵਾਲੇ ਮਿਆਂਮਾਰ ਦੇ ਰਖਾਈਨ ਸੂਬੇ ਵਿੱਚ ਫ਼ੌਜ ਦੀ ਕਾਰਵਾਈ ਬਾਅਦ ਤਕਰੀਬਨ ਛੇ ਲੱਖ ਰੋਹਿੰਗੀਆ ਮੁਸਲਮਾਨ ਘਰ-ਬਾਰ ਛੱਡ ਕੇ ਬੰਗਲਾਦੇਸ਼ ਦੌੜ ਗਏ ਹਨ। ਮਨੁੱਖੀ ਅਧਿਕਾਰਾਂ ਬਾਰੇ ਗਰੁੱਪਾਂ ਵੱਲੋਂ ਨੋਬੇਲ ਪੁਰਸਕਾਰ ਜੇਤੂ ਸੂ ਕੀ ਦੀ ਰੋਹਿੰਗੀਆ ਦੇ ਹੱਕ ਵਿੱਚ ਆਵਾਜ਼ ਨਾ ਉਠਾਉਣ ਲਈ ਸਖ਼ਤ ਆਲੋਚਨਾ ਕੀਤੀ ਸੀ।

## ਟਰੂਡੋ ਵੱਲੋਂ ਰੋਹਿੰਗੀਆ ਸੰਕਟ ਦੇ ਹੱਲ ਲਈ ਅਪੀਲ

ਮਨੀਲਾ: ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮਿਆਂਮਾਰ ਦੀ ਆਗੂ ਸੂ ਕੀ ਸਮੇਤ ਦੱਖਣ-ਪੂਰਬੀ ਏਸ਼ਿਆਈ ਮੁਲਕਾਂ ਦੇ ਮੁਖੀਆਂ ਨੂੰ ਕਿਹਾ ਕਿ ਉਨ੍ਹਾਂ ਨੇ ਆਪਣੇ ਵਿਸ਼ੇਸ਼ ਦੂਤ ਨੂੰ ਕੂਟਨੀਤਕ ਯਤਨਾਂ ‘ਚ ਸ਼ਾਮਲ ਹੋ ਕੇ ਰੋਹਿੰਗੀਆ ਸੰਕਟ ਦੇ ਹੱਲ ਲਈ ਰਾਹ ਤਲਾਸ਼ਣ ਵਾਸਤੇ ਕਿਹਾ ਹੈ, ਜਿਸ ‘ਚ ਕੈਨੇਡਾ ਮਦਦ ਕਰ ਸਕੇ। ਉਨ੍ਹਾਂ ਨੇ ਅੱਜ ਇਸ ‘ਮਸਲੇ ਦਾ ਟਿਕਾਊ ਹੱਲ’ ਲੱਭਣ ਦਾ ਸੱਦਾ ਦਿੱਤਾ।

ੴ ਸਤਿਗੁਰ ਪ੍ਰਸਾਦਿ

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਹਿ ।।

**ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥**
**ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥**



Bhai Chamanjeet Singh Ji (Lal)

**ਗੁਰੂ ਘਰ ਦੇ ਅਨਿਨ ਸੇਵਕ ਰੇਵਾ ਕੁਮਾਰ ਜੀ ਅਤੇ ਪਰਿਵਾਰ ਵਲੋਂ**

ਪੰਥ ਪ੍ਰਸਿੱਧ ਰਾਗੀ

# Bhai Chamanjeet Singh Ji (Lal)

# ਭਾਈ ਚਮਨਜੀਤ ਸਿੰਘ ਜੀ (ਲਾਲ) ਦੇ

# ਮਹਾਨ ਕੀਰਤਨ ਸਮਾਗਮ

## 18 ਅਤੇ 19 ਨਵੰਬਰ, 2017

**18 -19 November, 2017**

## Program

### Sri Gurdwara Sahib, San Jose
**3636 Murillo Ave, San Jose, CA 95148, USA**
**Saturday, November 18, 2017**
**Evening 7:00 p.m. to 9:00 p.m.**

### Sri Gurdwara Sahib, Fremont
**300 Gurdwara Rd, Fremont, CA 94536, USA**
**Sunday, November 19, 2017**
**Afternoon 2:30 p.m. to 4:30 p.m.**

**Langar Seva by Ritesh ji of The Nawab Kitchen,
Sodhi Singh of Fronitier Spice
Sanjeev Shera & Bay Area Divine Sat Sangat**

**For Further Information Please contact**

**Varinder Pal Singh Phone : 510-673-8400 • A.P.S. Bhatia Phone : 408-509-2223**

Organised by:

**Rewa Kumar ji & Family, Phone : 510-868-3338**









## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers
TA TravelCenters of America
Loves Travel Stops & Country Stores

# Watch Your Favorite Channel
# FREE PREVIEW

jus punjabi




The 1st American-Punjabi Television Channel

**WATCH jus punjabi ON CHANNEL 736 ON**

dish | sling TELEVISION

for advertisement & more information call: +1-718-752-9290 x 202

**www.jusbroadcasting.com**

# $20 Off For Trans-Alliance Carriers

TRANS-ALLIANCE
TOGETHER WE SAVE

## SPECIAL TIRE PRICING

| TRAILER TIRES STARTING AT | TRAILER TIRES STARTING AT | TRAILER TIRES STARTING AT |
|---|---|---|
| $259* | $289* | $359* |
| REGULAR RETAIL $324 | REGULAR RETAIL $354 | REGULAR RETAIL $424 |
| ROADMASTER TIRES ENGINEERED BY COOPERTIRES | KELLY TIRES | GOODYEAR MARATHON / YOKOHAMA |

*Add $10 per tire for Steer and $20 per tire for Drive tires.

Trans-Alliance Members save $15 off all other tire brands.

GOODYEAR BFGoodrich Continental Firestone
PIRELLI TRUCK BUS AGRO OTR FORMULA By Pirelli DAYTON BRIDGESTONE MICHELIN

TA TRUCK SERVICE
Commercial Tire Network

Current as of 6/1/17.

Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.

Visit ta-petro.com or find us on f 🐦 TA Nasdaq Listed

TRANS-ALLIANCE
TOGETHER WE SAVE

(855) 641-6955 • (888) 795-7035
sales@trans-alliance.com • www.trans-alliance.com

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sunsolarmax.com

SUNPREME®
Premium Bifacial Thin Film Solar

# Website Design & Development

➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

## SERVICES

- ✔ WEB DEVELOPMENT
- ✔ WEB DESIGNING
- ✔ WEB RE-DESIGN
- ✔ LOGO DESIGN
- ✔ SEO SERVICES
- ✔ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

# SINGH TRANSPORT INC



- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ $6000 ਕਮਾਓ।
- ਕੰਮ ਕਰਨ ਲਈ ਵਧੀਆ ਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ (LA) ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

Raja SWEETS & CATERING
AUTHORIZED CATERER FOR MAJOR 5-STAR HOTELS
Presents
PARADISE BALLROOMS
banquet hall & event center



ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਸਿੱਖ ਵਿਰਸਾ ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ

**ਰਾਜਵਿੰਦਰ ਸਿੰਘ ਰਾਹੀ**
(98157-51332)

ਸ਼ਹੀਦ ਕਰਤਾਰ ਸਿੰਘ ਸਰਾਭਾ, ਗ਼ਦਰ ਲਹਿਰ ਦਾ ਅਜਿਹਾ ਮਹਾਂਨਾਇਕ ਹੈ, ਜਿੱਡਾ ਵੱਡਾ ਉਸਦਾ ਇਤਿਹਾਸਕ ਕੰਮ ਹੈ, ਉੱਡਾ ਵੱਡਾ ਉਸਦਾ ਮੁੱਲ ਨਹੀਂ ਪਿਆ।



ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜਨਮ 24 ਮਈ 1896 ਨੂੰ ਲੁਧਿਆਣਾ ਜ਼ਿਲ੍ਹੇ ਦੇ ਮਸ਼ਹੂਰ ਪਿੰਡ ਸਰਾਭਾ ਵਿਖੇ ਪਿਤਾ ਮੰਗਲ ਸਿੰਘ ਦੇ ਘਰ ਮਾਤਾ ਸਾਹਿਬ ਕੌਰ ਦੀ ਕੁੱਖੋਂ ਹੋਇਆ ਸੀ। ਆਪਣੇ ਜ਼ਮਾਨੇ ਵਿਚ ਇਹ ਪਰਿਵਾਰ ਪੜ੍ਹਿਆ ਲਿਖਿਆ ਅਤੇ ਖਾਂਦਾ ਪੀਂਦਾ ਸਰਦਾ ਪੁੱਜਦਾ ਪਰਿਵਾਰ ਸੀ। ਅੱਜ ਤੋਂ ਸੌ ਸਵਾ ਸੌ ਸਾਲ ਪਹਿਲਾਂ ਪਿੰਡ ਵਿਚ ਬਣੀ ਪਰਿਵਾਰ ਦੀ ਰਿਹਾਇਸ਼ੀ ਹਵੇਲੀ ਤੋਂ ਹੀ ਪਰਿਵਾਰ ਦੀ ਆਰਥਿਕ ਅਤੇ ਸਮਾਜਿਕ ਹੈਸੀਅਤ ਦਾ ਪਤਾ ਲਗ ਜਾਂਦਾ ਹੈ। ਭਾਵੇਂ ਸਰਾਭੇ ਦੇ ਬਾਪ ਮੰਗਲ ਸਿੰਘ, ਜਿਸਦੀ ਸਰਾਭਾ ਦੇ ਬਚਪਨ ਵਿਚ ਹੀ ਮੌਤ ਹੋ ਗਈ ਸੀ, ਬਾਰੇ ਕੋਈ ਬਹੁਤੀ ਜਾਣਕਾਰੀ ਨਹੀਂ ਮਿਲਦੀ। ਪਰ ਕਰਤਾਰ ਸਿੰਘ ਦੇ ਦੋ ਚਾਚੇ ਉੜੀਸਾ ਵਿਚ ਚੰਗੀਆਂ ਨੌਕਰੀਆਂ 'ਤੇ ਲੱਗੇ ਹੋਏ ਸਨ।

ਮੇਰੇ ਸਾਹਮਣੇ ਇਹ ਸੁਆਲ ਹੈ ਕਿ ਉਹ ਕਿਹੜੇ ਸੰਸਕਾਰ ਸਨ, ਕਿਹੜਾ ਮਾਹੌਲ ਸੀ, ਤੇ ਕਿਹੜੇ ਹਾਲਾਤ ਸਨ, ਜਿਨ੍ਹਾਂ ਕਰ ਕੇ ਰਾਜਕੁਮਾਰਾਂ ਵਾਂਗ ਪਲਿਆ ਬੱਚਾ ਵੱਡਾ ਹੋ ਕੇ ਮਹਾਨ ਇਨਕਲਾਬੀ ਹੋ ਨਿਬੜਦਾ ਹੈ ਤੇ ਮੌਤ ਨੂੰ ਜਿਸ ਦ੍ਰਿੜਤਾ ਨਾਲ ਉਹ ਗਲੇ ਲਗਾਉਂਦਾ ਹੈ, ਉਹ ਆਪਣੀ ਮਿਸਾਲ ਆਪ ਹੈ। ਆਮ ਤੌਰ 'ਤੇ, ਜਿਸ ਤਰ੍ਹਾਂ ਦੀ ਆਰਥਿਕ ਅਤੇ ਸਮਾਜੀ ਹੈਸੀਅਤ ਕਰਤਾਰ ਸਿੰਘ ਦੇ ਪਰਿਵਾਰ ਦੀ ਸੀ, ਅਜਿਹੇ ਪਰਿਵਾਰ ਵੇਲੇ ਦੀ ਹਕੂਮਤ ਦੇ ਖੈਰ ਖਵਾਹ ਹੁੰਦੇ ਹਨ ਤੇ ਹਕੂਮਤੀ ਮਿਲਵਰਤਨ ਉਨ੍ਹਾਂ ਲਈ ਤਰੱਕੀ ਦੀਆਂ ਪੌੜੀਆਂ ਬਣ ਜਾਂਦਾ ਹੈ। ਜਿਸ ਤਰ੍ਹਾਂ ਦੀ ਪੁੱਜਤ ਸ਼ਹੀਦ ਸਰਾਭੇ ਦੇ ਦਾਦੇ ਸ. ਬਦਨ ਸਿੰਘ ਦੀ ਸੀ, ਅਜਿਹੀ ਹੈਸੀਅਤ ਵਾਲੇ ਪਰਿਵਾਰਾਂ ਨੂੰ ਅੰਗਰੇਜ਼ਾਂ ਨੇ "ਸਰਦਾਰ ਬਹਾਦਰਾਂ" ਦੇ ਖਿਤਾਬ ਬਖਸ਼ ਰੱਖੇ ਸਨ। ਪਰ ਲਗਦਾ ਹੈ ਕਿ ਸ. ਬਦਨ ਸਿੰਘ ਦੇ ਪਰਿਵਾਰ ਨੇ ਅੰਗਰੇਜ਼ ਹਕੂਮਤ ਤੋਂ ਇੱਕ ਤਰ੍ਹਾਂ ਨਾਲ ਆਪਣੀ ਦੂਰੀ ਹੀ ਬਣਾ ਰੱਖੀ ਸੀ।

ਮਨੋਵਿਗਿਆਨੀਆਂ ਅਨੁਸਾਰ ਪਰਿਵਾਰ ਦੇ ਮੈਂਬਰਾਂ ਅਤੇ ਮਾਹੌਲ ਦਾ ਬੱਚੇ ਦੇ ਜਨਮ ਸਮੇਂ ਹੀ ਅਸਰ ਪੈਣਾ ਸ਼ੁਰੂ ਹੋ ਜਾਂਦਾ ਹੈ। ਬੱਚੇ ਦਾ ਸਮੁੱਚਾ ਜੀਵਨ ਇਕ ਬਾਲਗ ਉੱਤੇ ਨਿਰਭਰ ਕਰਦਾ ਹੈ, ਬਾਲਗਾਂ ਵੱਲੋਂ ਜਥੇਬੰਦ ਅਤੇ ਨਿਰਦੇਸ਼ਤ ਹੁੰਦਾ ਹੈ। ਬਹੁਤ ਹੀ ਮੁੱਢਲੀ ਉਮਰ ਵਿਚ ਬੱਚਾ ਬਾਲਗਾਂ ਤੋਂ ਸਿੱਖਣਾ ਸ਼ੁਰੂ ਕਰ ਦਿੰਦਾ ਹੈ। ਉਹ ਨਾ ਕੇਵਲ ਤੁਰਨਾ ਬੋਲਣਾ ਅਤੇ ਵਸਤੂਆਂ ਦੀ ਵਰਤੋਂ ਸਹੀ ਤੌਰ 'ਤੇ ਕਰਨਾ ਸਿੱਖਦਾ ਹੈ, ਸਗੋਂ ਸੋਚਣਾ, ਮਹਿਸੂਸ ਕਰਨਾ ਅਤੇ ਆਪਣਾ ਖ਼ੁਦ ਦਾ ਵਰਤਾਓ ਕੰਟ੍ਰੋਲ ਕਰਨਾ ਸਿਖਦਾ ਹੈ।

ਪਰਿਵਾਰਕ ਸੰਸਕਾਰ ਅਤੇ ਮੁੱਢਲੀ ਸਿੱਖਿਆ ਵੀ ਬੱਚੇ ਦੀ ਸ਼ਖ਼ਸ਼ੀਅਤ ਨੂੰ ਘੜਨ ਡੌਲਣ ਵਿਚ ਕੇਂਦਰੀ ਭੂਮਿਕਾ ਅਦਾ ਕਰਦੇ ਹਨ। ਜਨਮ ਸਮੇਂ ਬੱਚੇ ਦਾ ਕੋਈ ਧਰਮ ਅਤੇ ਵਰਨ ਨਹੀਂ ਹੁੰਦਾ ਅਤੇ ਨਾ ਹੀ ਉਸ ਨੂੰ ਕਿਸੇ ਰਿਸ਼ਤੇ ਦਾ ਅਨੁਭਵ ਹੁੰਦਾ ਹੈ। ਉਦੋਂ ਨਾ ਉਹ ਕਿਸੇ ਸੱਭਿਆਚਾਰਕ ਤਾਣੇ ਦੀ ਤੰਦ ਹੁੰਦਾ ਹੈ। ਬੱਚੇ ਦਾ ਮਨ ਨਿਰਮਲ, ਨਿਰਮੋਹ ਅਤੇ ਸਭ ਕੁਝ ਵੱਲੋਂ ਅਟੰਕ ਹੁੰਦਾ ਹੈ। ਸਿਰਫ, ਅੰਤਰ ਪ੍ਰੇਰਣਾ ਦਾ ਅਧਾਰ ਬਣਦੀਆਂ ਕੁਝ ਕੁ ਰੀਤੀਆਂ ਜੋ ਇਸ ਨੂੰ ਵਿਰਸੇ 'ਚ ਮਿਲੀਆਂ ਹੁੰਦੀਆਂ ਹਨ। ਫਿਰ ਜਿਸ ਮਾਹੌਲ 'ਚ ਬੱਚਾ ਪਲਦਾ ਹੈ ਉਸ ਵਿਚ ਪ੍ਰਚਲਿਤ ਸੰਸਕਾਰ ਉਸ ਦੇ ਮਨ ਅੰਦਰ ਪਹਿਲਾਂ ਪੋਲੇ ਪੈਰੀ ਅਤੇ ਫਿਰ ਅਸਰਦਾਰ ਤਰੀਕੇ ਨਾਲ ਘਰ ਕਰਨ ਲੱਗਦੇ ਹਨ। ਇਹ ਅਗਾਂਹ ਚਲ ਕੇ, ਉਸ ਦੇ ਵਿਸ਼ਵਾਸ, ਉਸ ਦੇ ਅਕੀਦੇ, ਉਸ ਦੇ ਬੋਲਚਾਲ ਬਣ ਕੇ ਉਸ ਦੇ ਵਤੀਰੇ ਨੂੰ ਉਮਰ ਭਰ ਪ੍ਰਭਾਵਿਤ ਕਰਦੇ ਰਹਿੰਦੇ ਹਨ। ਜੋ ਕੁਝ ਵੀ ਜੀਵਨ ਦੇ ਮੁੱਢਲੇ ਪੱਖ ਵਿਚ ਮਨ ਅੰਦਰ ਸਮਾਉਂਦਾ ਹੈ ਉਹ ਅਤਿ ਪ੍ਰਭਾਵਕਾਰੀ ਹੁੰਦਾ ਹੈ ਅਤੇ ਉਸ ਦੀ ਜੀਵਨ ਭਰ ਆਵੇਗੀ ਤੀਬਰਤਾ ਨਾਲ ਪਾਲਨਾ ਹੁੰਦੀ ਹੈ। ਇਸੇ ਕਾਰਨ ਮੁੱਢਲੀ ਸਿੱਖਿਆ ਦਾ ਬਹੁਤ ਮਹੱਤਵ ਹੈ।

ਪਰਿਵਾਰ ਵੱਲੋਂ ਅੱਠ ਕੁ ਸਾਲ ਦੀ ਉਮਰੇ ਕਰਤਾਰ ਸਿੰਘ ਨੂੰ ਪਿੰਡ ਦੇ ਹੀ ਪ੍ਰਾਇਮਰੀ ਸਕੂਲ ਵਿਚ ਪੜ੍ਹਨ ਪਾਇਆ ਗਿਆ। ਚਾਰ ਜਮਾਤਾਂ ਉਸ ਨੇ ਇੱਥੇ ਹੀ ਪਾਸ ਕੀਤੀਆਂ। ਅਗਾਂਹ ਪੰਜਵੀਂ ਦਾ ਵਰਨੈਕੂਲਰ ਸਕੂਲ ਗੁਜਰਵਾਲ ਵਿਚ ਸੀ, ਜੋ ਪਿੰਡੋਂ ਪੰਜ ਮੀਲ ਦੂਰ ਸੀ। ਪੰਜਵੀਂ ਵਿਚ ਕਰਤਾਰ ਸਿੰਘ ਦਾ ਜਮਾਤੀ ਬਾਬਾ ਹਰਭਜਨ ਸਿੰਘ ਦੀ ਚਮਿੰਡਾ ਬਣਿਆ ਜੋ ਪਿੱਛੋਂ ਜਾ ਕੇ ਉਨ੍ਹਾਂ ਨਾਲ ਹੀ ਗ਼ਦਰ ਪਾਰਟੀ ਵਿਚ ਸ਼ਾਮਿਲ ਹੋਇਆ। ਕਰਤਾਰ ਸਿੰਘ ਨੇ ਗੁੱਜਰਵਾਲ ਤੋਂ



ਵਰਨੈਕੂਲਰ ਅੱਠਵੀਂ ਪਾਸ ਕਰ ਲਈ ਤਾਂ ਪਰਿਵਾਰ ਵੱਲੋਂ ਉਸ ਨੂੰ ਅਗਲੀ ਪੜ੍ਹਾਈ ਲਈ ਲੁਧਿਆਣਾ ਦੇ ਮਾਲਵਾ ਖਾਲਸਾ ਹਾਈ ਸਕੂਲ ਵਿਚ ਦਾਖਲ ਕਰਵਾਇਆ ਗਿਆ। ਇਥੇ ਇਹ ਗੱਲ ਵੀ ਖਾਸ ਤੌਰ 'ਤੇ ਨੋਟ ਕਰਨ ਵਾਲੀ ਹੈ ਕਿ ਪਰਿਵਾਰ ਵੱਲੋਂ ਉਸ ਨੂੰ ਮਾਲਵਾ ਖਾਲਸਾ ਹਾਈ ਸਕੂਲ ਵਿਚ ਹੀ ਦਾਖਲਾ ਕਰਵਾਇਆ ਜਾਂਦਾ ਹੈ, ਜੋ ਉਸ ਵਕਤ ਸਿੱਖ ਰਹਿਤ ਬਹਿਤ ਦੇ ਮਾਹੌਲ ਵਾਲਾ ਸਕੂਲ ਸੀ। ਜਦ ਕਿ ਉਸ ਵਕਤ ਲੁਧਿਆਣੇ ਵਿਚ ਈਸਾਈਆਂ ਦਾ ਮਿਸ਼ਨ ਸਕੂਲ, ਮੁਸਲਮਾਨਾਂ ਦਾ ਇਸਲਾਮੀਆ ਸਕੂਲ ਤੇ ਹਿੰਦੂਆਂ ਦਾ ਆਰੀਆ ਸਕੂਲ ਬਹੁਤ ਪੁਰਾਣੇ ਸਕੂਲ ਸਨ। ਖਾਲਸਾ ਸਕੂਲ ਖੁੱਲ੍ਹਣ ਤੋਂ ਪਹਿਲਾਂ ਸਿੱਖ ਬੱਚੇ ਵੀ ਇਨ੍ਹਾਂ ਸਕੂਲਾਂ ਵਿਚ ਪੜ੍ਹਦੇ ਹੁੰਦੇ ਸਨ। ਆਪਣੇ ਬੱਚਿਆਂ ਨੂੰ ਸਿੱਖੀ ਨਾਲ ਜੋੜ ਕੇ ਉਨ੍ਹਾਂ ਦਾ ਧਰਮ ਅਤੇ ਸੱਭਿਆਚਾਰ ਕਾਇਮ ਰੱਖਣ ਲਈ ਸਿੱਖ ਦਾਨਿਸ਼ਵਰਾਂ ਨੇ 1905 ਵਿਚ ਖਾਲਸਾ ਸਕੂਲ ਚਾਲੂ ਕਰ ਦਿੱਤਾ ਸੀ।

ਸਕੂਲਾਂ ਵਿਚ ਅੱਠਵੀਂ ਤੱਕ ਤਾਂ ਉਰਦੂ ਪੜ੍ਹਾਈ ਜਾਂਦੀ ਸੀ। ਅਗਾਹਾਂ ਨੌਵੀਂ ਦਸਵੀਂ ਜਿਨ੍ਹਾਂ ਨੂੰ ਉਦੋਂ ਜੂਨੀਅਰ-ਸੀਨੀਅਰ ਕਿਹਾ ਜਾਂਦਾ ਸੀ, ਵਿਚ ਅੰਗ੍ਰੇਜ਼ੀ ਦੀ ਪੜ੍ਹਾਈ ਸ਼ੁਰੂ ਹੁੰਦੀ ਸੀ। ਖਾਲਸਾ ਸਕੂਲ ਪੂਰੀ ਤਰ੍ਹਾਂ ਧਾਰਮਿਕ ਰੰਗ ਵਿਚ ਰੰਗਿਆ ਹੋਇਆ ਸੀ। ਵਿਦਿਆਰਥੀ ਉਦੋਂ ਬੰਨੋ ਦੇ ਅਹਾਤੇ ਵਾਲੇ ਬੋਰਡਿੰਗ ਵਿਚ ਰਿਹਾ ਕਰਦੇ ਸਨ।



ਜੂਨੀਅਰ-ਸੀਨੀਅਰ ਜਮਾਤਾਂ ਵਿਚ ਵੀ ਕਰਤਾਰ ਸਿੰਘ ਦਾ ਜਮਾਤੀ ਬਾਬਾ ਹਰਭਜਨ ਸਿੰਘ ਚਮਿੰਡਾ ਹੀ ਸੀ। ਉਸ ਵਕਤ ਸਕੂਲ ਦਾ ਮਾਹੌਲ ਕਿਹੋ ਜਿਹਾ ਸੀ, ਬਾਬਾ ਚਮਿੰਡਾ ਅਨੁਸਾਰ: "ਇਸ ਸਕੂਲ ਦਾ ਵਾਤਾਵਰਣ ਸਿੱਖੀ ਪਿਆਰ, ਉਪਦੇਸ਼ ਅਤੇ ਸਿੱਖੀ ਰਹਿਤ ਮਰਿਆਦਾ ਨਾਲ ਭਰਪੂਰ ਸੀ। ਸਕੂਲ ਦੇ ਬੱਚਿਆਂ ਨੂੰ ਹਰ ਰੋਜ਼ ਸਿੱਖ ਇਤਿਹਾਸ ਦੀਆਂ ਕਹਾਣੀਆਂ ਸੁਣਾਈਆਂ ਜਾਂਦੀਆਂ। ਸ਼ਹੀਦੀ ਘਟਨਾਵਾਂ ਨੂੰ ਬਿਆਨ ਕੀਤਾ ਜਾਂਦਾ। ਗੁਰਮਤਿ ਸਬੰਧੀ ਪੂਰੀ ਜਾਣਕਾਰੀ ਦਿੱਤੀ ਜਾਂਦੀ। ਮਾਲਵਾ ਖਾਲਸਾ ਹਾਈ ਸਕੂਲ ਦੇ ਬੋਰਡਿੰਗ ਵਿਚ ਰਹਿਣ ਵਾਲੇ ਹਰ ਵਿਦਿਆਰਥੀ ਲਈ ਅੰਮ੍ਰਿਤ ਵੇਲੇ ਉਠਣਾ ਅਤੇ ਇਸ਼ਨਾਨ ਕਰਨਾ ਜ਼ਰੂਰੀ ਹੁੰਦਾ ਸੀ। ਫਿਰ ਸਾਰੇ ਬੋਰਡਰਜ਼ ਇਕੱਠੇ ਹੋ ਕੇ ਗੁਰਦੁਆਰਾ ਜਾਂਦੇ, ਢੋਲਕੀ ਚਿਮਟਿਆਂ ਨਾਲ ਸ਼ਬਦ ਕੀਰਤਨ ਕਰਦੇ, ਜੋਟੀਆਂ ਦੇ ਸ਼ਬਦ ਪੜ੍ਹਦੇ, ਮਸਤੀ ਵਿਚ ਆ ਕੇ ਰਸਭਿੰਨੇ ਕੀਰਤਨ ਦਾ ਆਨੰਦ ਮਾਣਦੇ। ਕੀਰਤਨ ਦੀ ਸਮਾਪਤੀ ਤੋਂ ਉਪਰੰਤ ਗੁਰਵਾਕ ਲਿਆ ਜਾਂਦਾ, ਅਰਦਾਸ ਕੀਤੀ ਜਾਂਦੀ। ਇਹ ਸਾਰਾ ਪ੍ਰੋਗਰਾਮ ਵਿਦਿਆਰਥੀ ਆਪ ਆਪਣੇ ਸ਼ੌਕ ਨਾਲ ਨਿੱਤ ਕਰਦੇ ਸਨ। ਸਭਨਾ ਲਈ ਸਿੱਖੀ ਰਹਿਤ ਵਿਚ ਤਿਆਰ-ਬਰਤਿਆਰ ਰਹਿਣਾ ਜ਼ਰੂਰੀ ਸੀ। ਰੇਬ ਕੱਛਹਿਰਾ ਪਹਿਨਣਾ, ਗਾਤਰਾ ਕਿਰਪਾਨ ਰੱਖਣੀ ਤੇ ਕੇਸਾਂ ਨੂੰ ਸਤਿਕਾਰ ਵੱਜੋਂ ਢੱਕ ਕੇ ਰੱਖਣਾ। ਕਮਰੇ ਵਿਚੋਂ ਨੰਗੇ ਸਿਰ ਬਾਹਰ ਨਿਕਲਣਾ ਭਾਰੀ ਅਵੱਗਿਆ ਸਮਝੀ ਜਾਂਦੀ ਸੀ। ਇਸੇ ਤਰ੍ਹਾਂ ਰਹਿਰਾਸ ਦੇ ਮੌਕੇ ਗੁਰਦੁਆਰੇ ਵਿਚ ਫਿਰ ਦੀਵਾਨ ਸੱਜਦਾ।"

ਮਾਲਵਾ ਖਾਲਸਾ ਹਾਈ ਸਕੂਲ ਵਿਚ ਵਿਦਿਆਰਥੀਆਂ ਦੀ 'ਖਾਲਸਾ ਭੁਜੰਗੀ ਸਭਾ' ਬਣਾਈ ਹੋਈ ਸੀ। ਜੋ ਸਾਰੀਆਂ ਸਰਗਰਮੀਆਂ ਵਿਚ ਮੋਹਰੀ ਰਹਿੰਦੀ ਸੀ। ਗ਼ਦਰ ਲਹਿਰ ਵਿਚ ਜੇਲ ਕੱਟਣ ਵਾਲੇ ਗਿਆਨੀ ਨਾਹਰ ਸਿੰਘ ਗੁੱਜਰਵਾਲ ਅਨੁਸਾਰ : "ਖਾਲਸਾ ਯੰਗ ਮੈਨਜ਼ ਲੀਗ (ਖਾਲਸਾ ਭੁਜੰਗੀ ਸਭਾ) ਲੁਧਿਆਣਾ 1885 ਈ. ਵਿਚ ਕਾਇਮ ਹੋਈ। ਖਾਲਸਾ ਹਾਈ ਸਕੂਲ ਲੁਧਿਆਣਾ ਦੇ ਜਾਰੀ ਹੋਣ ਤੋਂ ਪਹਿਲਾਂ ਸਿੱਖ ਲੜਕੇ ਬਹੁਤੇ ਮਿਸ਼ਨ ਹਾਈ ਸਕੂਲ ਵਿਚ ਹੀ ਪੜ੍ਹਿਆ ਕਰਦੇ ਸਨ। ਸੋ ਖਾਲਸਾ ਭੁਜੰਗੀ ਸਭਾ ਦਾ ਜ਼ੋਰ-ਤੋਰ ਭੀ ਇਸੇ ਸਕੂਲ ਵਿਚ ਹੀ ਸੀ। ਜਦੋਂ ਖਾਲਸਾ ਸਕੂਲ ਲੁਧਿਆਣਾ ਦੇ ਖੁੱਲਣ ਦੇ ਖਿਆਲ ਤੇ ਉਦਮ ਆਰੰਭ ਹੋਣ ਲੱਗੇ, ਉਸ ਯਤਨ ਤੇ ਪ੍ਰਰਨਾ ਵਿਚ ਇਸ ਭੁਜੰਗੀ ਸਭਾ ਦਾ ਖਾਸ ਹਿੱਸਾ ਸੀ। ਆਪਣੇ ਜ਼ਮਾਨੇ ਵਿਚ ਇਸ ਸਭਾ ਦੀ ਹਸਤੀ ਪੰਥ ਪ੍ਰਸਿੱਧ ਸੀ। ਪੰਥਕ ਇਕੱਠਾਂ ਵਿਚ ਇਸ ਦੇ ਪ੍ਰਤੀਨਿਧਾਂ ਨੂੰ ਖਾਸ ਤੌਰ ਪਰ ਬੁਲਾਇਆ ਜਾਂਦਾ ਸੀ, ਤੇ ਹਰ ਪੰਥਕ ਮਸਲੇ ਵਿਚ ਇਹ ਸਭਾ ਹਿੱਸਾ ਲੈਂਦੀ ਸੀ। ਖਾਲਸਾ ਹਾਈ ਸਕੂਲ ਖੁੱਲ ਜਾਣ ਪਰ ਸਭਾ ਦਾ ਸਭ ਜ਼ੋਰ-ਤੋਰ ਖਾਲਸਾ ਸਕੂਲ ਵਿਚ ਹੀ ਹੋ ਗਿਆ। ਸਕੂਲ 18 ਨਵੰਬਰ 1908 ਈ. ਨੂੰ ਜਾਰੀ ਹੋਇਆ। 1909 ਤੋਂ ਲੈ ਕੇ 1914 ਤੱਕ ਭਾਈ ਸਾਹਿਬ ਰਣਧੀਰ ਸਿੰਘ ਜੀ ਸਭਾ ਦੇ ਹਫਤਾਵਾਰੀ ਦੀਵਾਨ ਜੋ ਐਤਵਾਰ ਤੇ ਬੁੱਧਵਾਰ ਨੂੰ ਹੋਇਆ ਕਰਦੇ ਸਨ, ਉਨ੍ਹਾਂ ਵਿਚ ਕੀਰਤਨ ਕਰਿਆ ਕਰਦੇ ਤੇ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਦਸ਼ਮੇਸ਼ ਜੀ ਦੇ ਅਵਤਾਰ ਗੁਰਪੁਰਬਾਂ ਸਮੇਂ ਨਗਰ ਕੀਰਤਨ ਵਿਚ ਸ਼ਾਮਿਲ ਹੁੰਦੇ ਤੇ ਅਖੰਡ ਪਾਠ ਕਰਦੇ। ਸਕੂਲ ਵਿਚ ਬਹੁਤ ਵਾਰ ਗੁਰਪੁਰਬਾਂ ਦੇ ਸਮਾਗਮਾਂ ਪਰ ਅੰਮ੍ਰਿਤ ਪ੍ਰਚਾਰ ਹੋਏ, ਜਿਨ੍ਹਾਂ ਵਿਚ ਭਾਈ ਸਾਹਿਬ ਵੀ ਸ਼ਾਮਿਲ ਹੁੰਦੇ ਰਹੇ।" ਸੋ ਇਹ ਕਿਤੇ ਹੋ ਸਕਦਾ ਹੈ ਕਿ ਭਾਈ ਕਰਤਾਰ ਸਿੰਘ ਸਰਾਭਾ ਇਨ੍ਹਾਂ ਗਤੀਵਿਧੀਆਂ ਵਿਚ ਸ਼ਾਮਿਲ ਨਾ ਹੁੰਦਾ ਹੋਵੇ ? ਬਾਬਾ ਹਰਭਜਨ ਸਿੰਘ ਚਮਿੰਡਾ ਅਨੁਸਾਰ: ਉਹ ਤਾਂ ਹਰ ਸਰਗਰਮੀ ਵਿਚ ਮੂਹਰੇ ਰਹਿੰਦਾ ਸੀ, ਹਰ ਵੇਲੇ ਟਪੂੰ-ਟਪੂੰ ਕਰਦਾ ਰਹਿੰਦਾ ਸੀ। ਇਸੇ ਕਰਕੇ ਸਕੂਲ ਵਿਚ ਉਸ ਦਾ ਨਾਂਅ 'ਉੱਡਣਾ ਸੱਪ' ਰੱਖਿਆ ਹੋਇਆ ਸੀ।

1910-1911 ਦੌਰਾਨ ਭਾਈ ਕਰਤਾਰ ਸਿੰਘ ਆਪਣੇ ਚਾਚੇ ਬਖਸ਼ੀਸ ਸਿੰਘ ਕੋਲ ਉੜੀਸਾ ਚਲਿਆ ਗਿਆ, ਜਿੱਥੇ ਉਸਨੇ ਦਸਵੀਂ ਪਾਸ ਕੀਤੀ। ਲਗਦਾ ਹੈ ਕਿ ਦਸਵੀਂ ਤੋਂ ਬਾਅਦ ਭਾਈ ਕਰਤਾਰ ਸਿੰਘ ਨੇ ਵਿਦੇਸ਼ ਵਿਚ ਜਾ ਕੇ ਪੜ੍ਹਨ ਦੀ ਇੱਛਾ ਜ਼ਾਹਰ ਕੀਤੀ ਹੋਵੇ। ਪਹਿਲਾਂ ਜ਼ਿਕਰ ਕਰ ਚੁਕੇ ਹਾਂ ਕਿ ਪਰਿਵਾਰ ਕਾਫੀ ਪੜ੍ਹਿਆ ਲਿਖਿਆ ਸੀ। ਭਾਈ ਕਰਤਾਰ ਸਿੰਘ ਦੇ ਤਿੰਨ ਚਾਚੇ ਸ. ਬਿਸ਼ਨ ਸਿੰਘ, ਡਾ. ਵੀਰ ਸਿੰਘ, ਤੇ ਬਖਸ਼ੀਸ਼ ਸਿੰਘ ਚੰਗੀਆਂ ਨੌਕਰੀਆਂ ਉੱਤੇ ਉਦੋਂ ਲੱਗੇ ਹੋਏ ਸਨ। ਬਖਸ਼ੀਸ਼ ਸਿੰਘ ਉੜੀਸਾ ਵਿਚ ਜੰਗਲਾਤ ਮਹਿਕਮੇ ਵਿਚ ਸੀ ਤੇ ਇਕ ਚਾਚਾ ਯੂ.ਪੀ. ਵਿਚ ਸਬ ਇੰਸਪੈਕਟਰ ਸੀ। ਉਸ ਵਕਤ ਪੜ੍ਹਾਈ ਦੀਆਂ ਦੋ ਧਾਰਾਵਾਂ ਸਨ, ਜਿਨ੍ਹਾਂ ਨੇ ਅੰਗ੍ਰੇਜ਼ ਦੀ ਚਾਕਰੀ ਕਰਨੀ ਹੁੰਦੀ ਸੀ, ਉਹ ਇੰਗਲੈਂਡ ਜਾ ਕੇ ਪੜ੍ਹਾਈ ਕਰਦੇ ਸਨ, ਤੇ ਜਿਨ੍ਹਾਂ ਨੇ ਅਜ਼ਾਦ ਜੀਵਨ ਜਿਉਣਾ ਹੁੰਦਾ ਸੀ ਉਹ ਅਮਰੀਕਾ ਨੂੰ ਤਰਜ਼ੀਹ ਦਿੰਦੇ ਸਨ। ਭਾਰਤ ਦੇ ਬਹੁਤੇ ਖਾਸ ਕਰ ਬੰਗਾਲੀ ਹਿੰਦੂ ਵਿਦਿਆਰਥੀ ਇੰਗਲੈਂਡ ਜਾ ਕੇ ਪੜ੍ਹਾਈ ਕਰਨ ਨੂੰ ਤਰਜ਼ੀਹ ਦਿੰਦੇ ਸਨ। ਪਰ ਭਾਈ ਕਰਤਾਰ ਸਿੰਘ ਦੇ ਪਰਿਵਾਰ ਨੇ ਉਸ ਨੂੰ ਅਮਰੀਕਾ ਭੇਜਣ ਦਾ ਫ਼ੈਸਲਾ ਕੀਤਾ।ਭਾਈ ਕਰਤਾਰ ਸਿੰਘ ਜਨਵਰੀ 1912 ਵਿਚ ਅਮਰੀਕਾ ਦੀ ਕੈਲੀਫੋਰਨੀਆ ਸਟੇਟ ਵਿਚ ਪਹੁੰਚਿਆ ਅਤੇ ਬਰਕਲੇ ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਵਿਚ ਦਾਖਲਾ ਲੈਣ ਦੀ ਕੋਸ਼ਿਸ ਕੀਤੀ। ਉਸ ਵਕਤ ਪੰਜਾਬ ਤੋਂ ਪਹੁੰਚਣ ਵਾਲੇ ਸਿੱਖ ਕੈਲੀਫੋਰਨੀਆ ਹੀ ਪਹੁੰਚਦੇ ਸਨ। ਕਿਉਂਕਿ ਉਥੇ ਸਿੱਖ ਵੱਡੀ ਗਿਣਤੀ ਵਿਚ ਰਹਿੰਦੇ ਸਨ। ਜੋ ਖੇਤੀ ਫਾਰਮਾਂ ਵਿਚ ਕੰਮ ਕਰਦੇ ਸਨ। ਇਸ ਸਟੇਟ ਦਾ ਪੌਣ ਪਾਣੀ ਵੀ ਪੰਜਾਬ ਵਰਗਾ ਹੀ ਹੈ। ਅੰਗ੍ਰੇਜ਼ਾਂ ਦੇ ਖੁਫੀਆ ਵਿਭਾਗ ਦੀਆਂ ਰਿਪੋਰਟਾਂ ਅਨੁਸਾਰ ਭਾਈ ਕਰਤਾਰ ਸਿੰਘ ਫਰਵਰੀ 1913 ਵਿਚ ਅਮਰੀਕਾ ਪਹੁੰਚਿਆ ਸੀ।

ਜਿਸ ਵਕਤ ਭਾਈ ਕਰਤਾਰ ਸਿੰਘ ਅਮਰੀਕਾ ਪਹੁੰਚਿਆ ਉਸ ਵਕਤ ਭਾਰਤੀਆਂ ਵਿਚ ਅੰਗ੍ਰੇਜ਼ ਵਿਰੋਧੀ ਮਾਹੌਲ ਭਖਿਆ ਹੋਇਆ ਸੀ। ਬਰਕਲੇ ਯੂਨੀਵਰਸਿਟੀ ਨੇੜੇ ਹਿੰਦੂ ਵਿਦਿਆਰਥੀਆਂ ਨੇ ਨਾਲੰਦਾ ਹੋਸਟਲ ਬਣਾਇਆ ਹੋਇਆ ਸੀ। ਜਿਸ ਵਿਚ ਜਤਿੰਦਰ ਨਾਥ ਲਹਿਰੀ, ਸੁਰਿੰਦਰ ਬੋਸ ਅਤੇ ਤਾਰਕ ਨਾਥ ਵਰਗੇ ਵਿਦਿਆਰਥੀ ਰਹਿੰਦੇ ਸਨ, ਜੋ ਅੰਗ੍ਰੇਜ਼ਾਂ ਵਿਚ ਪ੍ਰਚਾਰ ਕਰਦੇ ਸਨ। ਜੋ ਵਿਦਿਆਰਥੀ ਬਾਬਾ ਜਵਾਲਾ ਸਿੰਘ (ਜੋ ਪਿੱਛੋਂ ਗ਼ਦਰ ਪਾਰਟੀ ਦੇ ਮੀਤ ਪ੍ਰਧਾਨ ਬਣੇ) ਦੇ ਵਜੀਫੀਆਂ 'ਤੇ ਪੜ੍ਹਨ ਆਏ ਸਨ, ਉਹ ਯੂਨੀਵਰਸਿਟੀ ਨੇੜੇ ਹੀ ਸ਼ੈਟੁੱਕ ਹੋਟਲ ਵਿਚ ਰਹਿੰਦੇ ਸਨ, ਜਿਨ੍ਹਾਂ ਦਾ ਇੰਚਾਰਜ ਲਾਲਾ ਹਰਦਿਆਲ ਸੀ, ਜੋ ਉਸ ਵਕਤ ਸਟੇਟ ਫੋਰਟ ਯੂਨੀਵਰਸਿਟੀ ਦੇ ਅਰਾਜਕਤਾਵਾਦੀ ਵਿਚਾਰਾਂ ਕਾਰਨ ਕੱਢ ਦਿੱਤਾ ਸੀ।

ਹਰਦਿਆਲ ਉਸ ਵਕਤ ਅੰਗ੍ਰੇਜ਼ਾਂ ਵਿਰੁੱਧ ਖੁੱਲਮ ਖੁੱਲਾ ਪ੍ਰਚਾਰ ਕਰ ਰਿਹਾ ਸੀ। 1912 ਦੌਰਾਨ ਦਿੱਲੀ 'ਚ ਜੋ ਵਾਇਸਰਾਏ ਹਾਰਡਿੰਗ ਉਪਰ ਬੰਬ ਸੁੱਟਿਆ ਗਿਆ ਸੀ, ਹਰਦਿਆਲ ਨੇ ਉਸ ਦੀ ਗੱਜ ਵੱਜ ਕੇ ਪੂਰੀ ਜੈ ਜੈ ਕਾਰ ਕੀਤੀ ਸੀ। ਪਰ ਹਿੰਦੂ ਵਿਦਿਆਰਥੀਆਂ ਦੀ ਕਿਸੇ ਲਿਖਤ ਵਿਚ ਭਾਈ ਕਰਤਾਰ ਸਿੰਘ ਦੀ ਕਿਸੇ ਸਰਗਰਮੀ ਦਾ ਜ਼ਿਕਰ ਨਹੀਂ ਕੀਤਾ ਗਿਆ। ਹਾਂ ! ਇਕ ਥਾਂ ਲਾਲਾ ਹਰਦਿਆਲ ਦੇ ਸਾਲੇ ਗੋਬਿੰਦ ਬਿਹਾਰੀ ਲਾਲ (ਜੋ ਬਾਬਾ ਜਵਾਲਾ ਸਿੰਘ ਦਾ ਵਜੀਫਾਖੋਰ ਸੀ) ਨੇ ਸ਼ੈਟੁੱਕ ਹੋਟਲ ਵਿਚ ਹੋਈ ਇਕ ਮੀਟਿੰਗ ਦਾ ਜ਼ਿਕਰ ਕੀਤਾ ਹੈ, ਜਿਸ ਦੀ ਪ੍ਰਧਾਨਗੀ ਹਰਦਿਆਲ ਨੇ ਕੀਤੀ ਸੀ, ਤੇ ਭਾਈ ਕਰਤਾਰ ਸਿੰਘ ਉਸ ਵਿਚ ਸ਼ਾਮਿਲ ਹੋਇਆ ਸੀ।

ਵੈਸੇ ਜਿਸ ਵਕਤ ਸਰਾਭਾ ਪੰਜਾਬ ਤੋਂ ਅਮਰੀਕਾ ਲਈ ਚੱਲਿਆ ਸੀ, ਉਸ ਵਕਤ ਸਿੱਖਾਂ ਵਿਚ ਅੰਗ੍ਰੇਜ਼ ਵਿਰੋਧੀ ਭਾਵਨਾਵਾਂ ਭੜਕ ਉਠੀਆਂ ਸਨ। ਅੰਗ੍ਰੇਜ਼ਾਂ ਨੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹ ਦਿੱਤੀ ਸੀ, ਤੇ ਭਾਈ ਰਣਧੀਰ ਸਿੰਘ ਇਸ ਘੋਲ ਵਿਚ ਸਰਗਰਮ ਸੀ। ਭਾਈ ਕਰਤਾਰ ਸਿੰਘ ਰਸਤੇ ਵਿਚ ਹਾਂਗਕਾਂਗ ਦੇ ਗੁਰਦੁਆਰੇ ਵਿਚ ਰੁਕਿਆ ਸੀ, ਜੋ ਅੰਗ੍ਰੇਜ਼ ਵਿਰੋਧੀ ਪ੍ਰਚਾਰ ਦਾ ਕੇਂਦਰ ਬਣ ਚੁੱਕਿਆ ਸੀ। ਉਸ ਵਕਤ ਗੁਰਦੁਆਰੇ ਦਾ ਗ੍ਰੰਥੀ ਭਾਈ ਭਗਵਾਨ ਸਿੰਘ 'ਪ੍ਰੀਤਮ' ਸੀ, ਜੋ ਪਿੱਛੋਂ ਜਾ ਕੇ ਮਸ਼ਹੂਰ ਕਵੀ ਤੇ ਗ਼ਦਰ ਪਾਰਟੀ ਦਾ ਮੀਤ ਪ੍ਰਧਾਨ ਬਣਿਆ। ਭਾਈ ਕਰਤਾਰ ਸਿੰਘ ਦੀ ਇੱਥੇ ਭਾਈ ਭਗਵਾਨ ਸਿੰਘ ਨਾਲ ਚੰਗੀ ਦੋਸਤੀ ਪੈ ਗਈ। ਜਿਸ ਨੂੰ ਭਾਈ ਜੀ ਨੇ ਬਾਅਦ ਵਿਚ ਮਾਣ ਨਾਲ ਯਾਦ ਕੀਤਾ ਸੀ : "ਥੋੜੀ ਦੇਰ ਬਾਅਦ ਸਵੇਰ ਦੇ ਦਰਸ਼ਨ ਕਰਨ 'ਤੇ ਇਕ ਹੋਰ ਨੌਜਵਾਨ ਮਿਲਿਆ। ਮੈਨੂੰ ਇਹ ਗਿਆਤ ਵੀ ਨਹੀਂ ਸੀ ਕਿ ਮੈਂ ਇਕ ਅਜਿਹੇ ਨੌਨਿਹਾਲ ਨਾਲ ਬਾਤਚੀਤ ਕਰ ਰਿਹਾ ਹਾਂ, ਜੋ ਮੇਰੇ ਬੱਚਿਆਂ ਨਾਲੋਂ ਵੀ ਪਿਆਰਾ ਤੇ ਵਤਨ ਦਾ ਬੇਸ਼ਕੀਮਤੀ ਲਾਲ ਹੋ ਚਮਕੇਗਾ। ਇਹ ਸੀ ਕਰਤਾਰ ਸਿੰਘ ਸਰਾਭਾ, ਬੱਚਾ ਸੀ ਅਜੇ, ਦਾੜ੍ਹੀ ਨਹੀਂ ਉਤਰੀ ਸੀ, ਮਿਲਣ ਸਾਰ, ਸੁੰਦਰ, ਸੰਜੀਦਾ ਤੇ ਹੋਣਹਾਰ।

ਹਰ ਹਫਤੇ ਗੁਰਦੁਆਰੇ ਵਿਚ ਲੈਕਚਰ ਹੋਣ ਤੋਂ ਇਲਾਵਾ ਖੇਲਾਂ ਵੀ ਹੁੰਦੀਆਂ ਸਨ। ਕੁਸ਼ਤੀਆਂ, ਗੋਲਾ ਸੁੱਟਣਾ, ਆਦਿਕਾ ਸ਼ਾਮ ਨੂੰ ਕਥਾ ਕੀਰਤਨ, ਬਹਿਸ ਮੁਹਾਬਸੇ ਵਗੈਰਾ ਸਧਾਰਨ ਜਿੰਦਗੀ ਸੀ। ਬਤੌਰ ਗ੍ਰੰਥੀ ਮੈਂ ਦੋ ਵਾਰੀ ਹਰ ਰੋਜ਼ ਸਾਰੇ ਮੁਸਾਫਿਰਾਂ ਨੂੰ ਮਿਲਿਆ ਕਰਦਾ ਸੀ, ਉਨ੍ਹਾਂ ਦੇ ਨਾਂਅ

ਪਤੇ ਲਿਖਿਆ ਕਰਦਾ ਸੀ, ਸ਼ਿਕਾਇਤਾਂ ਸੁਣਦਾ ਤੇ ਅਗਰ ਕੋਈ ਸੇਵਾ ਜਾਂ ਲੋੜ ਹੋਵੇ ਤਾਂ ਪੂਰੀ ਕਰਦਾ, ਹਰ ਸੂਬਾ ਤੇ ਸ਼ਾਮ ਨੂੰ। ਉਹ ਕੱਲ ਰਾਤੀਂ ਆਇਆ ਸੀ ਤੇ ਅੱਜ ਸਵੇਰੇ ਮਿਲੇ। ਇਕ ਲੈਕਚਰ ਸੁਣਿਆ ਤੇ ਇਕ ਗੋਲਾਬਾਜ਼ੀ ਦੇਖ ਕੇ ਦੋਸਤ ਬਣ ਗਏ। ਉਹ ਵਿਦੇਸ਼ੀ ਮੁਲਕਾਂ ਵਿਚ ਬੜੀ ਦਿਲਚਸਪੀ ਰੱਖਦਾ। ਚੀਨ, ਜਪਾਨ, ਕੈਨੇਡਾ ਤੇ ਅਮਰੀਕਾ ਬਾਰੇ ਖ਼ਬਰਾਂ ਪੁੱਛਦਾ ਰਹਿੰਦਾ। ਚੰਦ ਹਫਤਿਆਂ ਦੀ ਵਾਕਫੀ ਮੇਰੇ ਦਿਲ 'ਤੇ ਕਾਫੀ ਅਸਰ ਕਰ ਗਈ ਤੇ ਉਸ ਦੇ ਵੀ। 1914 ਵਿਚ ਅਸੀਂ ਅਮਰੀਕਾ ਵਿਚ ਇਕ ਵਾਰੀ ਫਿਰ ਗਲੇਬਾਂ ਆ ਹੋਏ।"

ਲਗਦਾ ਹੈ ਕਿ ਭਾਈ ਕਰਤਾਰ ਸਿੰਘ ਦਾ ਪੜ੍ਹਾਈ ਵਿਚ ਮਨ ਨਹੀਂ ਲੱਗਿਆ ਤੇ ਨਾ ਹੀ ਉਸ ਦਾ ਹਿੰਦੂ ਵਿਦਿਆਰਥੀਆਂ ਨਾਲ ਕਰੂਰਾਂ ਮਿਲਿਆ ਹੋਵੇਗਾ। ਉਹ ਜਲਦੀ ਹੀ ਯੂਲੋ ਕਾਉਂਟੀ ਵਿਚ ਆਪਣੇ ਪਿੰਡ ਦੇ ਭਾਈ ਰੁਲੀਆ ਸਿੰਘ ਕੋਲ ਚਲਿਆ ਗਿਆ। ਉਸ ਵਕਤ ਗ਼ਦਰ ਪਾਰਟੀ ਬਣਾਉਣ ਦੀਆਂ ਸਰਗਰਮੀਆਂ ਸ਼ੁਰੂ ਹੋ ਗਈਆਂ ਸਨ। ਭਾਈ ਕਰਤਾਰ ਸਿੰਘ ਨੇ ਆਪਣਾ ਜੀਵਨ ਪਾਰਟੀ ਨੂੰ ਹੀ ਸਮਰਪਿਤ ਕਰਨ ਦਾ ਫੈਸਲਾ ਕਰ ਲਿਆ ਸੀ। ਭਾਵੇਂ ਉਸ ਦਾ ਨਾਂਅ ਪਾਰਟੀ ਦੇ ਅਹੁਦੇਦਾਰਾਂ ਵਿਚ ਨਹੀਂ ਆਉਂਦਾ ਪਰ ਜਦ ਨਵੰਬਰ 1913 ਤੋਂ 'ਗ਼ਦਰ' ਦਾ ਪਹਿਲਾ ਪਰਚਾ ਨਿਕਲਿਆ ਤਾਂ ਭਾਈ ਕਰਤਾਰ ਸਿੰਘ ਪਰਚੇ ਦੇ ਬਾਨੀਆਂ ਵਿਚ ਸ਼ਾਮਿਲ ਸੀ। ਜਦ ਦਸੰਬਰ 1913 ਵਿਚ ਗੁਰਮੁਖੀ 'ਗ਼ਦਰ' ਸ਼ੁਰੂ ਹੋਇਆ ਤਾਂ ਭਾਈ ਕਰਤਾਰ ਸਿੰਘ ਉਪਰ ਹੀ ਪਰਚੇ ਦੀ ਮੁੱਖ ਜਿੰਮੇਵਾਰੀ ਸੀ। ਲਾਲਾ ਹਰਦਿਆਲ ਦੀਆਂ ਉਰਦੂ ਲਿਖਤਾਂ ਨੂੰ ਗੁਰਮੁਖੀ ਵਿਚ ਭਾਈ ਕਰਤਾਰ ਸਿੰਘ ਹੀ ਕਰਦਾ ਸੀ। ਭਾਈ ਕਰਤਾਰ ਸਿੰਘ ਦਾ ਪਰਚੇ ਵਿਚ ਕੰਮ ਕਰਨ ਦਾ ਸਮਾਂ ਸਾਲ ਤੋਂ ਵੀ ਘੱਟ ਬਣਦਾ ਹੈ, ਪਰ ਇੰਨੇ ਥੋੜੇ ਸਮੇਂ ਵਿਚ ਹੀ ਉਸ ਨੇ ਆਪਣੇ ਕੰਮ ਅਤੇ ਲਿਆਕਤ ਨਾਲ ਆਪਣੀ ਸ਼ਖ਼ਸੀਅਤ ਨੂੰ ਸਥਾਪਤ ਕਰ ਦਿੱਤਾ ਸੀ। ਉਸ ਦੇ ਸਾਥੀਆਂ ਵਿਚ ਉਸ ਦਾ ਕਾਫੀ ਸਤਿਕਾਰ ਬਣ ਗਿਆ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਈ ਕਰਤਾਰ ਸਿੰਘ ਸਰਾਭਾ ਸਮੇਤ ਸਿੱਖ ਗਦਰੀ, ਸਿੱਖ ਧਰਮ ਅਤੇ ਇਤਿਹਾਸਕ ਵਿਰਸੇ ਤੋਂ ਪ੍ਰੇਰਨਾ ਲੈਂਦੇ ਸਨ। ਇਸ ਦਾ ਪ੍ਰਤੱਖ ਸਬੂਤ 'ਗ਼ਦਰ' ਅਖ਼ਬਾਰ ਹੈ। ਉਰਦੂ ਪਰਚੇ ਉਪਰ ਬੈਨਰ ਲਾਈਨ ਸੀ 'ਅੰਗ੍ਰੇਜ਼ੀ ਰਾਜ ਕਾ ਦੁਸ਼ਮਨ' ਪਰ ਗੁਰਮੁਖੀ 'ਗ਼ਦਰ' ਉਪਰ ਗੁਰਬਾਣੀ ਦੇ ਇਹ ਸ਼ਬਦ ਬੈਨਰ ਲਾਈਨ ਵੱਜੋਂ ਲਿਖੇ ਹੋਏ ਸਨ "ਜੇ ਤਉ ਪ੍ਰੇਮ ਖੇਲਣ ਕਾ ਚਾਉ ਸਿਰ ਧਰ ਤਲੀ ਗਲੀ ਮੇਰੀ ਆਉ"।

ਜਦ ਅਗਸਤ 1914 ਵਿਚ ਪਹਿਲਾ ਸੰਸਾਰ ਯੁੱਧ ਲਗ ਜਾਣ ਦੇ ਮੱਦੇ ਨਜ਼ਰ ਗ਼ਦਰ ਪਾਰਟੀ ਨੇ ਭਾਰਤ ਚੱਲ ਕੇ ਇਨਕਲਾਬ ਕਰਨ ਦਾ ਫੈਸਲਾ ਕਰ ਲਿਆ ਸੀ ਤਾਂ ਭਾਈ ਕਰਤਾਰ ਸਿੰਘ, ਪੰਜਾਬ ਪਹੁੰਚਣ ਵਾਲੇ ਗ਼ਦਰੀਆਂ ਵਿਚ ਸ਼ਾਮਿਲ ਸਨ। ਕਲਕੱਤੇ ਦੀਆਂ ਬੰਦਰਗਾਹਾਂ 'ਤੇ ਅੰਗ੍ਰੇਜ਼ਾਂ ਨੇ ਨਾਕੇ ਲਗਾ ਰੱਖੇ ਸਨ। ਭਾਈ ਕਰਤਾਰ ਸਿੰਘ ਹੋਰੀ ਕੋਲੰਬੋ ਰਾਹੀਂ ਭਾਰਤ ਵਿਚ ਦਾਖਲ ਹੋਏ ਸਨ। ਅੰਗ੍ਰੇਜ਼ ਸਰਕਾਰ ਨੇ ਭਾਵੇਂ ਕਲਕੱਤੇ ਦੀਆਂ ਬੰਦਰਗਾਹਾਂ 'ਤੇ ਗ਼ਦਰ ਲਹਿਰ ਦੀ ਚੋਟੀ ਦੀ ਲੀਡਰਸ਼ਿਪ ਭਾਈ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ, ਬਾਬਾ ਕੇਸਰ ਸਿੰਘ ਠੱਠਗੜ੍ਹ, ਬਾਬਾ ਸ਼ੇਰ ਸਿੰਘ ਵੇਈਂ ਪੂੰਈਂ ਆਦਿ ਨੂੰ ਗ੍ਰਿਫਤਾਰ ਕਰਕੇ ਇਕ ਤਰ੍ਹਾਂ ਲਹਿਰ ਦਾ ਲੱਕ ਹੀ ਤੋੜ ਦਿੱਤਾ ਸੀ ਪਰ ਫਿਰ ਜਿਵੇਂ ਲਹਿਰ ਉਭਰ ਕੇ ਸਿਖਰ ਤੱਕ ਪਹੁੰਚੀ, ਇਹ ਇਕ ਤਰ੍ਹਾਂ ਨਾਲ ਕਰਾਮਾਤ ਹੀ ਸੀ। ਇਸ ਕਰਾਮਾਤ ਪਿੱਛੇ ਭਾਈ ਕਰਤਾਰ ਸਿੰਘ ਸਰਾਭੇ ਦੀ ਅਣਥੱਕ ਮਿਹਨਤ ਸੀ। ਇਕ ਪਾਸੇ ਉਸ ਨੇ ਮਾਲਵਾ ਖਾਲਸਾ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਤਿਆਰ ਕੀਤਾ, ਦੂਜੇ ਪਾਸੇ ਰਕਾਬ ਗੰਜ ਐਜੀਟੇਸ਼ਨ ਨਾਲ ਜੁੜੇ ਹੋਏ ਭਾਈ ਸਾਹਿਬ ਭਾਈ ਰਣਧੀਰ ਸਿੰਘ ਵਰਗੇ ਧਾਰਮਿਕ ਆਗੂਆਂ ਨਾਲ ਤਾਲ ਮੇਲ ਕੀਤਾ, ਤੀਜਾ ਬੰਗਾਲ ਦੇ ਕ੍ਰਾਂਤੀਕਾਰੀਆਂ ਨਾਲ ਤਾਲਮੇਲ ਕਰਕੇ ਉਨ੍ਹਾਂ ਕੋਲੋਂ ਹਥਿਆਰਾਂ ਦਾ ਪ੍ਰਬੰਧ ਕੀਤਾ, ਚੌਥਾ ਫਿਰੋਜ਼ਪੁਰ ਮੀਆਂਮੀਰ, ਬੰਨੂ ਕੁਹਾਟ ਰਾਵਲ ਪਿੰਡੀ, ਅੰਬਾਲਾ, ਫੈਜ਼ਾਬਾਦ, ਬਨਾਰਸ ਆਦਿ ਦੀਆਂ ਫੌਜੀ ਛਾਉਣੀਆਂ ਵਿਚ ਫੌਜੀਆਂ ਨਾਲ ਤਾਲਮੇਲ ਕਰਕੇ ਉਨ੍ਹਾਂ ਨੂੰ ਬਗਾਵਤ ਲਈ ਤਿਆਰ ਕੀਤਾ। ਉਸ ਦਾ ਕੰਮ ਦੇਖ ਕੇ ਬੰਗਾਲੀ ਇਨਕਲਾਬੀ ਸਚਿੰਦਰ ਨਾਥ ਸਨਿਆਲ ਵੀ ਹੈਰਾਨ ਰਹਿ ਗਿਆ ਸੀ, "ਉਨੀਂ ਦਿਨੀਂ ਕਰਤਾਰ ਸਿੰਘ ਬਹੁਤ ਸਖਤ ਮਿਹਨਤ ਕਰ ਰਹੇ ਸਨ। ਉਹ ਹਰ ਰੋਜ਼ ਸਾਇਕਲ 'ਤੇ ਪਿੰਡਾਂ ਵਿਚ ਲਗਭਗ 40-50 ਮੀਲ ਦਾ ਚੱਕਰ ਲਗਾਉਂਦੇ ਸਨ। ਪਿੰਡ ਪਿੰਡ ਕੰਮ ਕਰਨ ਲਈ ਜਾਂਦੇ ਸਨ। ਇਨੀਂ ਮਿਹਨਤ ਕਰਨ 'ਤੇ ਵੀ ਉਹ ਥੱਕਦੇ ਨਹੀਂ ਸਨ। ਜਿਨੀਂ ਉਹ ਮਿਹਨਤ ਕਰਦੇ ਸਨ, ਉਨੀਂ ਹੀ ਉਨ੍ਹਾਂ ਵਿਚ ਫੁਰਤੀ ਆ ਜਾਂਦੀ ਸੀ।"

## ਕਰਤਾਰ ਸਿੰਘ ਸਰਾਭੇ ਦੀ ਸਿੱਖ ਪਛਾਣ ਦਾ ਮਸਲਾ

ਜਦ ਅਸੀਂ ਗ਼ਦਰ ਲਹਿਰ ਨੂੰ ਸਿੱਖਾਂ ਦੀ ਲਹਿਰ ਆਖਦੇ ਹਾਂ ਤਾਂ ਬਹੁਤ ਸਾਰੇ ਖੱਬੇ ਪੱਖੀ ਭਾਈ ਕਰਤਾਰ ਸਿੰਘ ਸਰਾਭੇ ਦੀ ਬੋਦੀਆਂ ਵਾਲੀ ਫੋਟੋ ਨੂੰ ਉਭਾਰ ਕੇ ਗ਼ਦਰ ਲਹਿਰ ਨੂੰ 'ਭਾਰਤੀਆਂ' ਦੀ ਲਹਿਰ ਸਿੱਧ ਕਰਨ 'ਤੇ ਜ਼ੋਰ ਲਗਾਉਂਦੇ



ਹਨ। ਭਾਈ ਕਰਤਾਰ ਸਿੰਘ ਨੇ ਅਮਰੀਕਾ ਵਿਚ ਕੇਸ ਉਦੋਂ ਕਟਵਾਏ ਸਨ, ਜਦ ਗ਼ਦਰ ਪਾਰਟੀ ਨੇ ਜਰਮਨੀ ਦੀ ਸਹਾਇਤਾ ਨਾਲ ਉਸ ਨੂੰ ਨਿਊਯਾਰਕ ਦੀ ਐਵੀਏਸ਼ਨ ਅਕੈਡਮੀ ਤੋਂ ਹਵਾਈ ਜ਼ਹਾਜ਼ ਚਲਾਉਣਾ ਸਿੱਖਣ ਦੀ ਯੋਜਨਾ ਬਣਾਈ ਸੀ। ਇਹ ਫੈਸਲਾ ਪਾਰਟੀ ਨੇ ਲੰਬੀ ਤਿਆਰੀ ਦੇ ਮੱਦੇਨਜ਼ਰ ਕੀਤਾ ਸੀ। ਉਨ੍ਹਾਂ ਨੂੰ ਖਿਆਲ ਹੀ ਨਹੀਂ ਸੀ ਕਿ ਜੰਗ ਕਾਰਨ ਨੂੰ ਉਨ੍ਹਾਂ ਨੂੰ ਤੱਤ ਭੜੱਤੇ ਹੀ ਭਾਰਤ ਜਾਣਾ ਪਵੇਗਾ। ਐਵੀਏਸ਼ਨ ਅਕੈਡਮੀ ਦਾ ਨਿਯਮ ਸੀ ਕਿ ਜੇਕਰ ਵਿਦਿਆਰਥੀਆਂ ਨੇ ਆਪਣੇ ਸਰੂਪ ਮੁਤਾਬਿਕ ਸਿਖਲਾਈ ਲੈਣੀ ਹੈ ਤਾਂ ਕਲਾਸ ਵਿਚ ਘੱਟੋ ਘੱਟ 25 ਵਿਦਿਆਰਥੀ ਹੋਣੇ ਚਾਹੀਦੇ ਹਨ। ਜੇਕਰ 25 ਤੋਂ ਘੱਟ ਹਨ ਤਾਂ ਉਨ੍ਹਾਂ ਨੂੰ ਗੋਰੇ ਵਿਦਿਆਰਥੀਆਂ ਵਾਲਾ ਸਰੂਪ ਧਾਰਨ ਕਰਨਾ ਪਵੇਗਾ। ਸੋ ਉਸ ਵਕਤ ਉਥੇ 25 ਸਿੱਖ ਵਿਦਿਆਰਥੀ ਇਕੱਠੇ ਨਹੀਂ ਹੋ ਸਕਦੇ ਸਨ। ਜਿਸ ਕਰਕੇ ਕਾਹਲੀ ਵਿਚ ਭਾਈ ਕਰਤਾਰ ਸਿੰਘ ਨੂੰ ਆਪਣਾ ਸਿੱਖੀ ਸਰੂਪ ਤਿਆਗਣਾ ਪਿਆ।

ਦੂਜਾ ਭਾਰਤ ਪਰਤਣ ਸਮੇਂ ਜੇਕਰ ਭਾਈ ਕਰਤਾਰ ਸਿੰਘ ਨੇ ਸਿੱਖੀ ਸਰੂਪ ਤਜਿਆ ਹੁੰਦਾ ਤਾਂ ਉਹ ਕੋਲੰਬੋ ਦੀ ਬਜਾਏ ਬੇਖਟਕੇ ਹੀ ਕਲਕੱਤੇ ਦੇ ਰਸਤੇ ਆ ਸਕਦਾ ਸੀ, ਕਿਉਂਕਿ ਅੰਗ੍ਰੇਜ਼ ਸਰਕਾਰ ਗ਼ਦਰ ਲਹਿਰ ਨੂੰ ਸਿੱਖਾਂ ਦੀ ਲਹਿਰ ਹੀ ਸਮਝਦੀ ਸੀ। ਬਾਹਰੋਂ ਆਉਣ ਵਾਲੇ ਮੋਨਿਆਂ ਦੀ ਕੋਈ ਪੁੱਛ ਗਿੱਛ ਨਹੀਂ ਸੀ ਹੁੰਦੀ। ਪੰਡਿਤ ਪਰਮਾਨੰਦ ਝਾਂਸੀ, ਪ੍ਰਿਥਵੀ ਸਿੰਘ ਅਜ਼ਾਦ ਤੇ ਪੰਡਤ ਜਗਤ ਰਾਮ ਇਸੇ ਤਰ੍ਹਾਂ ਹੀ ਨਿਕਲ ਆਏ ਸਨ।

ਤੀਜਾ, ਜੇ ਕਰ ਭਾਈ ਕਰਤਾਰ ਸਿੰਘ ਪਤਿਤ ਹੁੰਦਾ ਤਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਵਰਗੇ ਧਾਰਮਿਕ ਪੁਰਸ਼ ਨੇ ਉਸ ਦਾ ਭਰੋਸਾ ਤਾਂ ਕੀ ਕਰਨਾ ਸੀ, ਉਸ ਨਾਲ ਗੱਲ ਵੀ ਨਹੀਂ ਕਰਨੀ ਸੀ। ਉਹਨਾਂ ਨੇ ਉਸ ਨੂੰ ਲਾਹਣਤਾਂ ਪਾਉਂਦਿਆਂ ਕਹਿਣਾ ਸੀ ਕਿ ਦੇਸ਼ ਅਜ਼ਾਦ ਕਰਵਾਉਣ ਦੀ ਗੱਲ ਬਆਦ 'ਚ ਕਰੀਂ ਪਹਿਲਾਂ ਕੇਸ਼ ਦਾਹੜੀ ਰੱਖ ਕੇ ਆ। ਉਸ ਸਮੇਂ ਦੇ ਆਮ ਸਿੱਖ ਵੀ ਪਤਿਤ ਸਿੱਖਾਂ ਨੂੰ ਬਹੁਤ ਬੁਰਾ ਸਮਝਦੇ ਸਨ।

ਚੌਥਾ, ਜਦ ਸਨਿਆਲ ਪਹਿਲੀ ਵਾਰ ਪੰਜਾਬ ਆਉਂਦਾ ਹੈ ਤਾਂ ਉਹ ਕਿਹੋ ਜਿਹੇ ਸਰਾਭੇ ਨੂੰ ਮਿਲਦਾ ਹੈ, ਇਹਨਾ ਸ਼ਬਦਾਂ ਤੋਂ ਹੀ ਪਤਾ ਲੱਗ ਜਾਂਦਾ ਹੈ "ਪਹਿਲਾਂ ਹੀ ਨਿਸ਼ਚਿਤ ਹੋ ਗਿਆ ਸੀ ਕਿ ਮੈਂ ਜਲੰਧਰ ਜਾ ਕੇ ਸਿੱਖ ਨੇਤਾਵਾਂ ਨਾਲ ਮੁਲਾਕਾਤ ਕਰਾਂਗਾ। ਉਸ ਸਮੇਂ ਨਵੰਬਰ ਦਾ ਮਹੀਨਾ ਖਤਮ ਹੋਣ ਵਾਲਾ ਸੀ, ਪੱਛਮ ਵਿਚ ਠੰਢ ਦਾ ਮੌਸਮ ਸੀ। ਸਰਦੀਆਂ ਦੀ ਸਵੇਰ ਨੂੰ ਲੁਧਿਆਣਾ ਗੱਡੀ ਪਹੁੰਚਦਿਆਂ ਹੀ ਦੇਖਿਆ ਕਿ ਮੇਰੇ ਮਿੱਤਰ ਦੇ ਇਕ ਜਾਣੂ ਸਿੱਖ ਨੌਜਵਾਨ ਸਾਡੀ ਉਡੀਕ ਕਰ ਰਹੇ ਹਨ। ਮਿੱਤਰ ਨੇ ਇਨ੍ਹਾਂ ਨਾਲ ਮੇਰੀ ਜਾਣ ਪਛਾਣ ਕਰਾ ਦਿੱਤੀ। ਇਹੀ ਕਰਤਾਰ ਸਿੰਘ ਸਨ। ਇਹ ਗੱਡੀ ਵਿਚ ਸਵਾਰ ਹੋ ਕੇ ਸਾਡੇ ਨਾਲ ਜਲੰਧਰ ਲਈ ਰਵਾਨਾ ਹੋ ਗਏ।"

ਇਨਕਲਾਬੀ ਕਵੀ ਅਮਰਜੀਤ ਚੰਦਨ ਅਨੁਸਾਰ : "ਬੜੇ ਸਾਲ ਪਹਿਲਾਂ ਕਿਰਤੀ ਪਾਰਟੀ ਦੇ ਬਾਬਿਆਂ ਨੇ ਕਰਤਾਰ ਸਿੰਘ ਸਰਾਭੇ ਦੀ ਮਿਲਦੀ ਇਕੋ ਇਕ ਬੋਦਿਆਂ ਵਾਲੀ ਤਸਵੀਰ ਨੂੰ ਅੰਮ੍ਰਿਤਸਰ ਦੇ ਗੁਰਦਿਆਲ ਸਿੰਘ ਫੋਟੋਗ੍ਰਾਫਰ ਨੂੰ ਆਖ ਕੇ ਭੱਦੀ ਜਿਹੀ ਪੱਗ ਬਣਵਾ ਦਿੱਤੀ ਸੀ।"

ਕਿਰਤੀ ਬਾਬਿਆਂ ਨੇ ਸਰਾਭੇ ਦੀ ਬੋਦਿਆਂ ਵਾਲੀ ਫੋਟੋ 'ਤੇ ਪੱਗ ਇਸ ਕਰਕੇ ਬਨਵਾਈ ਸੀ, ਕਿਉਂਕਿ ਉਨ੍ਹਾਂ ਜਿਹੋ ਜਿਹਾ ਸਰਾਭਾ ਦੇਖਿਆ ਸੀ, ਉਹ ਉਸ ਨੂੰ ਉਹੋ ਜਿਹਾ ਹੀ ਦੇਖਣਾ ਚਾਹੁੰਦੇ ਸਨ। ਉਹ ਨਹੀਂ ਸੀ ਚਾਹੁੰਦੇ ਕਿ ਉਸ ਦਾ ਗਲਤ ਪ੍ਰਭਾਵ ਪਾਉਣ ਵਾਲੀ ਮੋਨੀ ਫੋਟੋ ਲੋਕਾਂ ਵਿਚ ਜਾਵੇ। ਇਹ ਦੇਖ ਕੇ ਉਨ੍ਹਾਂ ਅੰਦਰ ਖੋਹ ਪੈਂਦੀ ਸੀ।

## ਗ਼ਦਰ ਦੀ ਅਸਫਲਤਾ ਤੋਂ ਬਾਅਦ

ਜਦ 19 ਫਰਵਰੀ 1915 ਦਾ ਗ਼ਦਰ ਫੇਲ੍ਹ ਹੋ ਗਿਆ ਤਾਂ ਲਹਿਰ ਦੀ ਇਕ ਤਰ੍ਹਾਂ ਨਾਲ ਰੀੜ੍ਹ ਹੀ ਟੁੱਟ ਗਈ ਸੀ। ਫੜੋ ਫੜੀ ਅਤੇ ਜਬਰ ਤਸ਼ੱਦਦ ਦਾ ਦੌਰ ਸ਼ੁਰੂ ਹੋ ਗਿਆ ਸੀ। ਪਾਰਟੀ ਦੇ ਲਾਹੌਰ ਵਿਚਲੇ ਚਾਰੇ ਹੈਡ ਕੁਆਟਰਾਂ 'ਤੇ ਛਾਪੇ ਪੈ ਗਏ ਸਨ ਤੇ ਦਰਜਨਾਂ ਹੀ ਗ਼ਦਰੀ ਪੁਲਿਸ ਦੇ ਹੱਥ ਆ ਗਏ ਸਨ, ਉਹ ਕਮਰਾ ਹੀ ਛਾਪੇ ਤੋਂ ਬਚਿਆ ਸੀ ਜਿੱਥੇ ਬੰਗਾਲੀ ਇਨਕਲਾਬੀ ਰਾਸ ਬਿਹਾਰੀ ਬੋਸ ਰੁਕਿਆ ਹੋਇਆ ਸੀ। ਭਾਈ ਕਰਤਾਰ ਸਿੰਘ ਸਰਾਭੇ ਹੋਰਾਂ ਨੇ ਉਸ ਨੂੰ ਦਿੱਲੀ ਵੱਲ ਦੀ ਗੱਡੀ ਚੜ੍ਹਾ ਦਿੱਤਾ। ਬੋਸ ਸਿੱਧਾ ਦੇਹਰਾਦੂਨ ਪ੍ਰੋ. ਪੂਰਨ ਸਿੰਘ ਕੋਲ ਚਲਿਆ ਗਿਆ। ਜਿਥੇ ਉਹ ਪ੍ਰੋਫੈਸਰ ਸਾਹਿਬ ਦੇ ਅਧੀਨ ਜੰਗਲਾਤ ਵਿਭਾਗ ਵਿਚ ਨੌਕਰੀ ਕਰਦਾ ਰਿਹਾ ਸੀ। ਪ੍ਰੋ. ਪੂਰਨ ਸਿੰਘ ਹੋਰਾਂ ਨੇ ਉਸ ਨੂੰ ਬੱਚ ਬਚਾ ਕੇ ਜਪਾਨ ਭੇਜ ਦਿੱਤਾ, ਜਿਥੇ ਪ੍ਰੋ. ਸਾਹਿਬ ਦੇ ਪੜ੍ਹਾਈ ਦੌਰਾਨ ਦੇ ਦੋਸਤ ਰਹਿੰਦੇ ਸਨ। ਹੁਣ ਭਾਈ ਕਰਤਾਰ ਸਿੰਘ, ਭਾਈ ਜਗਤ ਸਿੰਘ ਤੇ ਭਾਈ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਨੇ ਅਫਗਾਨਿਸਤਾਨ ਦੀ ਸਰਹੱਦ ਵੱਲ ਬੱਚ ਕੇ ਨਿਕਲ ਜਾਣ ਦਾ ਫੈਸਲਾ ਕਰ ਲਿਆ। ਉਹ ਲਾਇਲਪੁਰ ਤੋਂ ਸ. ਹਰਚੰਦ ਸਿੰਘ ਰਾਈਸ ਲਾਇਲਪੁਰ ਜੋ ਰਕਾਬ ਗੰਜ ਐਜੀਟੇਸ਼ਨ ਦੇ ਆਗੂ ਸਨ, ਕੋਲੋਂ 100 ਰੁਪਿਆ ਲੈ ਕੇ ਪਠਾਣੀ ਭੇਸ ਧਾਰ ਕੇ ਪਿਸ਼ੌਰ ਚਲੇ ਗਏ। ਪਿਸ਼ੌਰ ਉਹ ਸਿੰਘ ਸਭਾ ਦੇ ਗੁਰਦੁਆਰੇ ਵਿਚ ਠਹਿਰੇ, ਜਿਥੇ ਦਾ ਗ੍ਰੰਥੀ ਭਾਈ ਬਾਗ ਸਿੰਘ ਸੀ, ਭਾਈ ਬਾਗ ਸਿੰਘ ਦੀ ਸਿੱਖ ਪੰਥ ਵਿਚ ਚੰਗੀ ਮਾਨਤਾ ਸੀ। ਨਾਵਲਕਾਰ ਨਾਨਕ ਸਿੰਘ ਉਨ੍ਹਾਂ ਨੂੰ ਆਪਣਾ ਗੁਰੂ ਮੰਨਦੇ ਸਨ, ਜਿੰਨਾਂ ਨੇ ਉਸ ਨੂੰ ਇਕ ਹਿੰਦੂ ਤੋਂ ਸਿੱਖ ਬਣਨ ਦਾ ਕਾਇਆਂ ਕਲਪ ਕੀਤਾ ਸੀ।

ਭਾਈ ਕਰਤਾਰ ਸਿੰਘ ਸਰਾਭਾ ਸਣੇ ਸਵੇਰੇ ਤਿੰਨੇ ਜਣੇ ਉਠ 'ਤੇ ਸਮਾਨ ਲੱਦ ਕੇ ਪਿਸ਼ੌਰ ਤੋਂ ਮਿਚਨੀ ਪਹੁੰਚ ਗਏ, ਇਹ ਥਾਂ ਉਤਰ ਪੱਛਮ ਵੱਲ ਹੈ, ਇਥੇ ਜਾ ਕੇ ਉਹ ਨਦੀ ਦੇ ਕਿਨਾਰੇ ਅਰਾਮ ਕਰਨ ਬੈਠ ਗਏ। ਭਾਈ ਕਰਤਾਰ ਸਿੰਘ ਨੇ 'ਗ਼ਦਰ' ਅਖ਼ਬਾਰ ਵਿਚ ਛੱਪ ਚੁਕੀ ਕਵਿਤਾ ਪੜ੍ਹਨੀ ਸ਼ੁਰੂ ਕਰ ਦਿੱਤੀ, ਜੋ ਉਸ ਦੇ ਮੂੰਹ ਜ਼ੁਬਾਨੀ ਯਾਦ ਸੀ।

"ਹਿੰਦ ਦੇ ਬਹਾਦਰੋ ਕਿਉਂ ਬੈਠੇ ਚੁੱਪ ਜੀ,
ਅੱਗ ਲੱਗੀ ਦੇਸ਼ ਨਾ ਸਹਾਰੋ ਧੁੱਪ ਜੀ,
ਬੁਝਣੀ ਇਹ ਤਾਂ ਹੀ ਹੈ ਸਰੀਰ ਤੱਜ ਕੇ,
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ,
ਸਿਰ ਦਿੱਤੇ ਬਾਝ ਨਹੀਂ ਕੰਮ ਸਰਨਾ,
ਯੁੱਧ ਵਿਚ ਪਵੇਗਾ ਜ਼ਰੂਰ ਮਰਨਾ,
ਪਵੋ ਲਲਕਾਰ ਸ਼ੇਰਾਂ ਵਾਂਗ ਗੱਜ ਕੇ,
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ,
ਸ਼ੇਰ ਹੋ ਕੇ ਗਿੱਦੜਾਂ ਦਾ ਕਰੋ ਕੰਮ ਉਏ,
ਸੁਣ ਕੇ ਗ਼ਦਰ ਦਿਲ ਖਾਵੇ ਗਮ ਉਏ,
ਗੀਦੀ ਬਣੋਂ ਸ਼ੇਰੋ ਕਿਉਂ ਮੈਦਾਨੋਂ ਭੱਜ ਕੇ,
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ,
ਹੱਥ ਸ਼ਮਸ਼ੇਰ ਕੁਦ ਪਓ ਮੈਦਾਨ ਜੀ,
ਮਾਰ ਮਾਰ ਵੈਰੀਆਂ ਦੇ ਲਾਹੋ ਘਾਣ ਜੀ,
ਵੈਰੀਆਂ ਦਾ ਆਓ ਲਹੂ ਪੀਏ ਰੱਜ ਕੇ,
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ,
ਮਾਰ ਲਈਏ ਵੈਰੀ ਮਰ ਜਾਈਏ ਆਪ ਜਾਂ,
ਕਾਇਰਤਾ ਗਰੀਬੀ ਮਿੱਟ ਜਾਵੇ ਤਾਪ ਤਾਂ,
ਪਾ ਲਈਏ ਸ਼ਹੀਦੀ ਸਿੰਘ ਸ਼ੇਰ ਸੱਜ ਕੇ,
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ"

ਇਹ ਨਿਰੀ ਪੂਰੀ ਕਵਿਤਾ ਹੀ ਨਹੀਂ ਸੀ, ਪੂਰਾ ਸਿੱਖ ਇਤਿਹਾਸ ਤੇ ਗੁਰੂ ਸਾਹਿਬ ਉਨ੍ਹਾਂ ਦੇ ਸਾਹਮਣੇ ਆ ਖੜੇ ਸਨ। ਸਿੱਖ ਧਰਮ ਦਾ ਨੈਤਿਕ ਕਦਰ ਪ੍ਰਬੰਧ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ ਸੀ, ਕਿ ਉਹ ਮੈਦਾਨੋਂ ਨੱਸ ਜਾਣ, ਇਹ ਆਪਣੇ ਗੁਰੂ ਵੱਲੋਂ ਪਿੱਠ ਮੋੜਨਾ ਸੀ। ਇਹ ਆਪਣੇ ਧਰਮ ਨੂੰ ਕਲੰਕ ਲਾਉਣਾ ਸੀ। ਰਾਸ ਬਿਹਾਰੀ ਸਾਹਮਣੇ ਅਜਿਹੀ ਕੋਈ ਰੋਕ ਨਹੀਂ ਸੀ। ਉਹ ਭੱਜ ਕੇ ਜਾਪਾਨ ਚਲਿਆ ਗਿਆ।

ਸਿੱਖ ਵਿਰਸੇ ਨੇ ਭਾਈ ਕਰਤਾਰ ਸਿੰਘ ਸਰਾਭੇ ਹੋਰਾਂ ਦੇ ਪੈਰਾਂ ਨੂੰ ਜੂੜ ਪਾ ਲਿਆ ਸੀ। ਉਨ੍ਹਾਂ ਨੇ ਪਿੱਛੇ ਮੁੜ ਕੇ ਫਿਰ ਲੜਾਈ ਲੜਨ ਦਾ ਫੈਸਲਾ ਕਰ ਲਿਆ। ਮਿਚਨੀ ਤੋਂ ਵਾਪਿਸ ਪਿਸ਼ੌਰ ਪਰਤ ਆਏ। ਪਿਸ਼ੌਰ ਤੋਂ ਲਾਲੇਮੂਸਾ ਦਾ ਟਿਕਟ ਲਿਆ। ਉਥੋਂ ਗੱਡੀ ਬਦਲ ਕੇ ਬਲਵਾਲ ਜਾ ਪਹੁੰਚੇ, ਪਠਾਣੀ ਕੱਪੜੇ ਲਾਹ ਕੇ ਗੱਠੜੀ ਵਿਚ ਬੰਨ ਲਏ। ਸਟੇਸ਼ਨ ਦੇ ਲਾਗੇ ਹੀ ਚੱਕ ਨੰਬਰ 5 ਸੀ, ਇਥੋਂ ਦੇ ਪੈਨਸਨੀ ਸਿਪਾਹੀ ਰਾਜਿੰਦਰ ਸਿੰਘ ਨੇ ਭਾਈ ਜਗਤ ਸਿੰਘ ਨੂੰ ਹਥਿਆਰ ਦੇਣ ਦਾ ਵਾਅਦਾ ਕੀਤਾ ਸੀ। ਰਾਜਿੰਦਰ ਸਿੰਘ ਨੇ ਰਸਾਲਦਾਰ ਗੰਡਾ ਸਿੰਘ ਨੂੰ ਦੱਸ ਦਿੱਤਾ , ਉਸ ਨੇ ਪੁਲਿਸ ਕੋਲ ਮੁਖ਼ਬਰੀ ਕਰ ਦਿੱਤੀ। ਸੀ.ਆਈ.ਡੀ. ਦੇ ਡਿਪਟੀ ਐਲ.ਐਲ. ਟਾਪਕਿਨ ਅਤੇ ਦਰੋਗਾ ਲਿਆਕਤ ਖਾਨ ਨੇ ਭਾਰੀ ਫੋਰਸ ਲਿਜਾ ਕੇ ਤਿੰਨ ਮਾਰਚ 1915 ਨੂੰ ਭਾਈ ਕਰਤਾਰ ਸਿੰਘ ਸਰਾਭਾ, ਭਾਈ ਜਗਤ ਸਿੰਘ, ਸੁਰ ਸਿੰਘ, ਭਾਈ ਹਰਨਾਮ ਸਿੰਘ ਕੋਟਲਾ ਨੂੰ ਗ੍ਰਿਫਤਾਰ ਕਰ ਲਿਆ।

## ਫਾਂਸੀ ਦੇ ਤਖਤੇ ਤੋਂ

ਸਰਾਭੇ ਹੋਰਾਂ ਸਮੇਤ ਲਾਹੌਰ ਵਿਚ 82 ਗ਼ਦਰੀਆਂ 'ਤੇ ਲਾਹੌਰ ਸਾਜ਼ਿਸ਼ ਕੇਸ ਚਲਾਇਆ ਗਿਆ। ਜਿਸ ਵਿਚ 62 ਮੁਲਜ਼ਮ ਹਾਜ਼ਰ ਸਨ। ਇਸ ਕੇਸ ਵਿਚ ਬਾਬਾ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ , ਬਾਬਾ ਨਿਧਾਨ ਸਿੰਘ ਚੁੱਘਾ ਸਮੇਤ ਗ਼ਦਰ ਲਹਿਰ ਦੀ ਲਗਭਗ ਸਮੁੱਚੀ ਲੀਡਰਸ਼ਿਪ ਸ਼ਾਮਿਲ ਸੀ। ਜੇਲ੍ਹ ਵਿਚ ਵਿਆਹ ਵਰਗਾ ਮਾਹੌਲ ਸੀ। ਕਿਸੇ ਨੂੰ ਵੀ ਮੌਤ ਦਾ ਭੈਅ ਨਹੀਂ ਸੀ। ਦਿਨ ਰਾਤ ਜੇਲ੍ਹ ਵਿਚ ਗੁਰਬਾਣੀ ਦਾ ਪਾਠ ਤੇ ਕੀਰਤਨ ਚੱਲਦਾ ਰਹਿੰਦਾ ਸੀ। ਗ਼ਦਰੀ 'ਗ਼ਦਰ ਦੀਆਂ ਗੂੰਜਾਂ' ਦੀਆਂ ਕਵਿਤਾਵਾਂ ਗਾਉਂਦੇ ਰਹਿੰਦੇ ਸਨ। ਭਾਈ ਕਰਤਾਰ ਸਿੰਘ ਸਰਾਭਾ ਦੇ ਚਿਹਰੇ 'ਤੇ ਅਨੋਖਾ ਜਲਾਲ ਸੀ। ਉਹ ਦਿਨ ਰਾਤ ਹੱਸਦਾ ਖੇਡਦਾ ਰਹਿੰਦਾ ਸੀ ਤੇ ਸਭ ਦਾ ਮਨ ਪਰਚਾਈ ਰੱਖਦਾ ਸੀ। ਜੇਲ੍ਹ ਅਮਲੇ ਤੋਂ ਉਹ ਭੋਰਾ ਵੀ ਨਹੀਂ ਝਿਪਦਾ ਸੀ। ਸੁਪਰਡੈਂਟ ਨੂੰ ਹੱਸ ਕੇ ਆਖਦਾ ਸੀ, ਤੁਸੀਂ ਸਾਨੂੰ ਫਾਂਸੀ ਹੀ ਦੇ ਦਿਉਂਗੇ ? ਹੋਰ ਕੀ ਕਰ ਲਉਂਗੇ ?

ਮੁਕੱਦਮੇ ਦੌਰਾਨ ਜੱਜਾਂ ਨੇ ਲਿਖਿਆ ਸੀ ਕਿ " ਆਪਣੀ ਉਮਰ ਦੇ ਬਾਵਜੂਦ ਉਹ ਉਨ੍ਹਾਂ 61 ਮੁਲਜ਼ਮਾਂ ਵਿਚੋਂ ਸਭ ਤੋਂ ਮਹੱਤਵਪੂਰਨ ਵਿਅਕਤੀਆਂ ਵਿਚੋਂ ਇਕ ਹੈ, ਤੇ ਉਸ ਦਾ 'ਡੋਜ਼ੀਅਰ' (ਗੁਪਤ ਫਾਈਲ) ਸਭ ਤੋਂ ਭਾਰੀ ਹੈ। ਇਸ ਸਾਜ਼ਿਸ਼ ਵਿਚ ਅਮਰੀਕਾ ਸਮੇਤ ਰਸਤੇ ਦੇ ਅਤੇ ਭਾਰਤ ਵਿਚ ਅਜਿਹੀ ਕੋਈ ਕਾਰਵਾਈ ਨਹੀਂ ਜਿਸ ਵਿਚ ਮੁਲਜ਼ਮ ਨੇ ਆਪਣੀ ਭੂਮਿਕਾ ਨਾ ਨਿਭਾਈ ਹੋਵੇ।" ਮੁਕੱਦਮੇ ਦੌਰਾਨ ਜਿਸ ਦਲੇਰੀ ਨਾਲ ਭਾਈ ਕਰਤਾਰ ਸਿੰਘ ਨੇ ਬਿਆਨ ਦਿੱਤੇ ਸਨ, ਉਸ ਨੇ ਜੱਜਾਂ ਨੂੰ ਵੀ ਅਚੰਭੇ ਵਿਚ ਪਾ ਦਿੱਤਾ। ਉਸ ਨੂੰ ਮੌਤ ਦਾ ਭੋਰਾ ਭੈਅ ਨਹੀਂ ਸੀ। ਜੱਜਾਂ ਨੇ 13 ਸਤੰਬਰ 1915 ਨੂੰ ਫੈਸਲਾ ਸੁਣਾਇਆ। ਜਿਸ ਵਿਚ ਪਾਰਟੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਤੇ ਭਾਈ ਕਰਤਾਰ ਸਿੰਘ ਸਰਾਭਾ ਸਮੇਤ 24 ਗ਼ਦਰੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਵਾਇਸਰਾਏ ਨੇ ਨਜ਼ਰਸਾਨੀ ਦੌਰਾਨ 14 ਨਵੰਬਰ 1915 ਨੂੰ 17 ਗ਼ਦਰੀਆਂ ਦੀ ਫਾਂਸੀ ਤੋੜ ਕੇ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ। ਭਾਈ ਕਰਤਾਰ ਸਿੰਘ ਸਰਾਭਾ, ਭਾਈ ਜਗਤ ਸਿੰਘ ਸੁਰ ਸਿੰਘ ਵਾਲਾ, ਸ੍ਰੀ ਵਿਸ਼ਨੂ ਗਣੇਸ਼ ਪਿੰਗਲੇ, ਬਖਸ਼ੀਸ਼ ਸਿੰਘ ਗਿੱਲ ਵਾਲੀ, ਸੁਰੈਣ ਸਿੰਘ ਇਕ ਤੇ ਸੁਰੈਣ ਸਿੰਘ ਦੂਜਾ,ਹਰਨਾਮ ਸਿੰਘ ਸਿਆਲਕੋਟੀ ਸਮੇਤ 7 ਜਣਿਆਂ ਦੀ ਫਾਂਸੀ ਬਰਕਰਾਰ ਰੱਖੀ ਗਈ।

ਅਖੀਰ ਫਾਂਸੀ ਤੋਂ ਪਹਿਲਾਂ ਭਾਈ ਕਰਤਾਰ ਸਿੰਘ ਸਰਾਭੇ ਦਾ ਦਾਦਾ ਬਦਨ ਸਿੰਘ ਆਖਰੀ ਮੁਲਾਕਾਤ ਕਰਨ ਲਈ ਆਇਆ। ਉਸ ਵਕਤ ਕਰਤਾਰ ਸਿੰਘ ਦੇ ਚਿਹਰੇ 'ਤੇ ਅਨੋਖਾ ਜਲਾਲ ਸੀ। ਦਾਦਾ ਪੋਤਰੇ ਨੂੰ ਦੇਖ ਕੇ ਭਾਵਨਾਵਾਂ ਦੇ ਵਹਿਣ ਵਿਚ ਵਹਿ ਤੁਰਿਆ। ਦਾਦੇ ਨੂੰ ਡਿੱਗਿਆ ਦੇਖ ਕੇ ਭਾਈ ਕਰਤਾਰ ਸਿੰਘ ਨੇ ਉਨ੍ਹਾਂ ਨੂੰ ਹੌਸਲਾ ਦਿੰਦਿਆਂ ਕਿਹਾ, "ਬਾਬਾ ਜੀ ਗੁਰਸਿੱਖ ਹੋ ਕੇ ਕਿਹੋ ਜਿਹੀਆਂ ਗੱਲਾਂ ਕਰਦੇ ਹੋ?" ਪੋਤਰੇ ਦਾ ਹੌਸਲਾ ਦੇਖ ਕੇ ਦਾਦਾ ਵੀ ਮੁੜ ਚੜ੍ਹਦੀਆਂ ਕਲਾਂ ਵਿਚ ਹੋ ਗਿਆ ਸੀ।

15 ਨਵੰਬਰ ਦੀ ਰਾਤ ਨੂੰ ਜੇਲ੍ਹ ਵਿਚ ਕੋਈ ਨਾ ਸੁੱਤਾ, ਸਾਰਿਆਂ ਨੇ ਰਲ ਕੇ ਇਕ ਸਾਂਝੀ ਕਵਿਤਾ ਤਿਆਰ ਕੀਤੀ, ਜੋ ਰਲ ਮਿਲ ਕੇ ਪੜ੍ਹੀ ਗਈ। 16 ਨਵੰਬਰ ਨੂੰ

ਅੰਮ੍ਰਿਤ ਵੇਲੇ ਭਾਈ ਕਰਤਾਰ ਸਿੰਘ ਸਮੇਤ ਸੱਤਾਂ ਜਣਿਆਂ ਨੂੰ ਕੇਸੀ ਇਸ਼ਨਾਨ ਕਰਵਾਇਆ ਗਿਆ। ਫਾਂਸੀ ਦੇ ਤਖਤਿਆਂ ਵੱਲ ਜਾਂਦੇ ਹੋਏ ਸਰਾਭੇ ਹੋਰਾਂ ਨੇ ਗਾਉਣਾ ਸ਼ੁਰੂ ਕਰ ਦਿੱਤਾ:

"ਸੁਣਨਾ ਖਾਲਸਾ ਜੀ ਸਾਡੇ ਕੂਚ ਡੇਰੇ,
ਅਸੀਂ ਆਖਰੀ ਫਤਿਹ ਗਜਾ ਚਲੇ,
ਕੰਮ ਅਸਾਂ ਦੇ ਅੱਜ ਤੋਂ ਖਤਮ ਹੋ ਗਏ,
ਕੰਮ ਤੁਸਾਂ ਦੇ ਸ਼ੁਰੂ ਕਰਵਾ ਚੱਲੇ।"

ਕੋਠੜੀਆਂ ਵਿਚ ਬੰਦ ਕੈਦੀਆਂ ਨੇ ਵੀ ਗਾਉਣਾ ਸ਼ੁਰੂ ਕਰ ਦਿੱਤਾ 'ਸੱਚਖੰਡ ਜਾਣ ਵਾਲਿਓ ਸਾਡੇ ਜਾ ਕੇ ਸੁਨਹਿੜੇ ਤੁਸੀਂ ਦੇਣੇ' ਉਨ੍ਹਾਂ ਦੇ ਜਾਂਦਿਆਂ ਹੀ ਕੋਠੜੀਆਂ ਵਿਚੋਂ, ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਗੂੰਜ ਉਠੇ, ਜੋ ਲਗਾਤਾਰ ਗੂੰਜਦੇ ਰਹੇ। ਉਧਰ ਸੱਤੇ ਰੂਹਾਂ ਅੰਮ੍ਰਿਤ ਵੇਲੇ ਸੱਚਖੰਡ ਵੱਲ ਉਡਾਰੀ ਮਾਰ ਗਈਆਂ।

# ਕਦੇ ਇਹੋ ਜਿਹਾ ਵੀ ਸੀ ਦਰਬਾਰ ਸਾਹਿਬ ਦਾ ਚੌਗਿਰਦਾ

**ਡਾ. ਗੁਰਦੇਵ ਸਿੰਘ ਸਿੱਧੂ**
(ਸੰਪਰਕ: 94170-49417)



ਨਵੰਬਰ 1920 ਵਿੱਚ ਸ੍ਰੀ ਦਰਬਾਰ ਸਾਹਿਬ ਸਮੂਹ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥਾਂ ਵਿੱਚ ਆਉਣ ਪਿੱਛੋਂ ਸਮਾਂ ਬੀਤਣ ਨਾਲ ਪੈਦਾ ਹੋਈਆਂ ਨਵੀਆਂ ਲੋੜਾਂ ਦੀ ਪੂਰਤੀ ਲਈ ਇਮਾਰਤੀ ਅਦਲਾ ਬਦਲੀ ਹੋਣ ਕਾਰਨ ਇੱਥੋਂ ਦਾ ਭੌਂ-ਦ੍ਰਿਸ਼ ਇੰਨੀ ਤੇਜ਼ੀ ਅਤੇ ਵੱਡੀ ਪੱਧਰ ਉੱਤੇ ਬਦਲਿਆ ਕਿ ਅਜੋਕੇ ਯਾਤਰੂ ਲਈ ਕਲਪਨਾ ਕਰਨਾ ਵੀ ਮੁਸ਼ਕਲ ਹੈ। ਪਾਠਕਾਂ ਦੀ ਜਾਣਕਾਰੀ ਲਈ ਪੁਰਾਤਨ ਗ੍ਰੰਥਾਂ ਵਿੱਚ ਮਿਲਦੇ ਕੁਝ ਰੋਚਕ ਹਵਾਲੇ ਪੇਸ਼ ਹਨ:

ਸ੍ਰੀ ਦਰਬਾਰ ਸਾਹਿਬ ਸਮੂਹ ਤੋਂ ਚੜ੍ਹਦੇ ਪਾਸੇ ਜਲ੍ਹਿਆਂਵਾਲੇ ਬਾਗ਼ ਤੱਕ ਆਹਲੂਵਾਲੀਆਂ ਦਾ ਕਟੜਾ ਸੀ। ਇਸ ਥਾਂ ਦੇ ਸਾਹਮਣੇ ਸ੍ਰੀ ਦਰਬਾਰ ਸਾਹਿਬ ਦੀ ਪੂਰਬੀ ਬਾਹੀ ਵਿੱਚ ਸੱਜੇ ਹੱਥ ਇਹ ਛੇ ਬੁੰਗੇ ਸਨ: ਬੁੰਗਾ ਲਾਡਵੇ ਵਾਲਾ, ਬੁੰਗਾ ਕੰਵਰ ਨੌਨਿਹਾਲ ਸਿੰਘ, ਬੁੰਗਾ ਰਾਣੀ ਸਦਾ ਕੌਰ ਸਮੇਤ ਰਾਣੀ ਸਾਹਿਬਾ ਦੀ ਹਵੇਲੀ, ਬੁੰਗਾ ਦਾਦੂਪੁਰੀਏ ਸਰਦਾਰਾਂ ਦਾ, ਨਿਰਮਲੇ ਸੰਤਾਂ ਦਾ ਬੁੰਗਾ ਅਤੇ ਬੁੰਗਾ ਮਹਾਰਾਜਾ ਸ਼ੇਰ ਸਿੰਘ।

1845-46 ਦੀ ਜੰਗ ਵਿੱਚ ਸਿੱਖ ਸੈਨਾ ਨੂੰ ਹਰਾਉਣ ਪਿੱਛੋਂ ਪੰਜਾਬ ਵਿੱਚ ਪੈਰ ਧਰਨ ਸਾਰ ਅੰਗਰੇਜ਼ਾਂ ਨੇ ਇਨ੍ਹਾਂ ਬੁੰਗਿਆਂ ਵਿੱਚ ਮਿਸ਼ਨ ਸਕੂਲ ਸ਼ੁਰੂ ਕੀਤਾ। ਮਗਰੋਂ ਮਿਸ਼ਨ ਸਕੂਲ ਨੂੰ ਹੋਰ ਕਿਧਰੇ ਲਿਜਾ ਕੇ 1850 ਵਿੱਚ ਇੱਥੇ ਪੁਲੀਸ ਕੋਤਵਾਲੀ ਬਣਾਈ ਗਈ, ਜੋ 1863 ਵਿੱਚ ਇੱਥੋਂ ਬਦਲ ਕੇ ਹੋਰ ਥਾਂ ਲਿਜਾਈ ਗਈ ਅਤੇ ਇੱਥੇ ਪੁਲੀਸ ਚੌਕੀ ਬਣਾ ਦਿੱਤੀ ਗਈ। ਦਰਬਾਰ ਸਾਹਿਬ ਦੀ ਯਾਤਰਾ ਲਈ ਆਉਣ ਵਾਲੇ ਗ਼ੈਰ-ਪੰਜਾਬੀਆਂ, ਖ਼ਾਸ ਕਰਕੇ ਵਿਦੇਸ਼ੀਆਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਜਾਣ ਤੋਂ ਪਹਿਲਾਂ ਇਸ ਕੋਤਵਾਲੀ ਵਿੱਚ ਆਉਣਾ ਲਾਜ਼ਮੀ ਸੀ ਕਿਉਂਕਿ ਇੱਥੇ ਉਨ੍ਹਾਂ ਨੂੰ ਉਨ੍ਹਾਂ ਨਿਯਮਾਂ, ਜਿਨ੍ਹਾਂ ਦੀ ਦਰਬਾਰ ਸਾਹਿਬ ਦੇ ਅੰਦਰ ਜਾਣ ਸਮੇਂ ਪਾਲਣਾ ਕੀਤੀ ਜਾਣੀ ਹੁੰਦੀ ਸੀ, ਬਾਰੇ ਦੱਸਿਆ ਜਾਂਦਾ ਸੀ। ਇਸ ਬਾਰੇ ਲਾਹੌਰ ਵਿੱਚ ਤਾਇਨਾਤ ਅੰਗਰੇਜ਼ ਰੈਜ਼ੀਡੈਂਟ ਮਿਸਟਰ ਹੈਨਰੀ ਲਾਰੰਸ ਦੇ ਦਸਤਖ਼ਤਾਂ ਹੇਠ ਤਾਂਬੇ ਦੀ ਪੱਤਰੀ ਉੱਤੇ 24 ਮਾਰਚ 1847 ਦੀ ਲਿਖੀ ਸੂਚਨਾ ਉੱਕਰੀ ਹੋਈ ਸੀ। ਇਸ ਸੂਚਨਾ ਵਿੱਚ ਲਿਖਿਆ ਸੀ, "ਸੈਲਾਨੀਆਂ ਨੂੰ ਆਪਣੇ ਬੂਟ ਉਤਾਰ ਦੇਣੇ ਚਾਹੀਦੇ ਹਨ, ਦਰਬਾਰ ਸਾਹਿਬ ਪਰਿਸਰ ਦੇ ਅੰਦਰ ਤੰਬਾਕੂ ਦੀ ਵਰਤੋਂ ਨਹੀਂ ਕੀਤੀ ਜਾਵੇਗੀ ਤੇ ਉਨ੍ਹਾਂ ਨੂੰ ਆਪਣੇ ਨਾਲ ਇੱਕ ਪੁਲੀਸ ਕਰਮੀ ਲਿਜਾਣਾ ਹੋਵੇਗਾ। ਪਰਿਸਰ ਦੇ ਅੰਦਰ ਕੁਰਸੀਆਂ ਉੱਤੇ ਬੈਠਣ ਦੀ ਵੀ ਮਨਾਹੀ ਹੈ।"

ਪੁਲੀਸ ਕੋਤਵਾਲੀ ਦੇ ਨਾਲ ਹੀ ਇੱਕ ਨੀਵੀਂ ਇਮਾਰਤ ਵਿੱਚ ਵਿਦੇਸ਼ੀ ਸੈਲਾਨੀਆਂ ਨੂੰ ਕੱਪੜੇ ਦੀਆਂ ਜੁਰਾਬਾਂ ਮੁਹੱਈਆ ਕੀਤੀਆਂ ਜਾਂਦੀਆਂ ਸਨ, ਜਿਨ੍ਹਾਂ ਨੂੰ ਆਪਣੇ ਬੂਟਾਂ ਉੱਪਰੋਂ ਪਹਿਨ ਕੇ ਉਹ ਅੰਦਰ ਜਾ ਸਕਦੇ ਸਨ।

ਪਰ ਜਾਪਦਾ ਹੈ ਕਿ ਵਿਦੇਸ਼ੀ ਸੈਲਾਨੀ ਇਨ੍ਹਾਂ ਹਦਾਇਤਾਂ ਬਾਰੇ ਬਹੁਤੇ ਚੌਕੰਨੇ ਨਹੀਂ ਹੋਏ, ਫ਼ਲਸਰੂਪ ਕੁਝ ਮਹੀਨਿਆਂ ਦੇ ਵਕਫ਼ੇ ਪਿੱਛੋਂ 4 ਅਗਸਤ 1847 ਨੂੰ ਇਸ ਬਾਰੇ ਇੱਕ ਆਮ ਸੂਚਨਾ ਜਾਰੀ ਕੀਤੀ ਗਈ। ਇਸ ਸੂਚਨਾ ਵਿੱਚ ਸਪੱਸ਼ਟ ਲਿਖਿਆ ਗਿਆ, "ਜੇ ਕੋਈ ਭੱਦਰ ਪੁਰਸ਼ ਇਨ੍ਹਾਂ ਸਥਾਨਕ ਰਵਾਇਤਾਂ ਦੀ ਪਾਲਣਾ ਨੂੰ ਆਪਣੀ ਪਦਵੀ ਤੋਂ ਹੀਣੀ ਸਮਝਦਾ ਹੈ ਤਾਂ ਉਹ ਆਪਣੀ ਜਗਿਆਸਾ ਪੂਰਤੀ ਦੀ ਭਾਵਨਾ ਨੂੰ ਕਾਬੂ ਵਿੱਚ ਰੱਖੇ।"

1849 ਵਿੱਚ ਸਿੱਖਾਂ ਤੇ ਅੰਗਰੇਜ਼ਾਂ ਵਿਚਕਾਰ ਹੋਏ ਦੂਜੇ ਯੁੱਧ ਵਿੱਚ ਸਿੱਖ ਸੈਨਾ ਨੂੰ ਹਰਾ ਕੇ ਅੰਗਰੇਜ਼ਾਂ ਨੇ ਪੰਜਾਬ ਨੂੰ ਅੰਗਰੇਜ਼ੀ ਸਲਤਨਤ ਵਿੱਚ ਸ਼ਾਮਲ ਕਰ ਲਿਆ ਤਾਂ ਅੰਮ੍ਰਿਤਸਰ ਸ਼ਹਿਰ ਦਾ ਵਿਕਾਸ ਕਰਨ ਦੀਆਂ ਯੋਜਨਾਵਾਂ ਬਣੀਆਂ। ਇੱਕ ਯੋਜਨਾ ਸ੍ਰੀ ਦਰਬਾਰ ਸਾਹਿਬ ਵਾਲੀ ਕੋਤਵਾਲੀ ਦੇ ਸਾਹਮਣੇ, ਜਿੱਥੇ ਕਟੜਾ ਆਹਲੂਵਾਲੀਆ ਖ਼ਤਮ ਹੁੰਦਾ ਸੀ, ਟਾਊਨ ਹਾਲ ਬਣਾਉਣ ਬਾਰੇ ਸੀ। ਟਾਊਨ ਹਾਲ ਦੇ ਮੋਹਰਲੇ ਪਾਸੇ ਘੰਟਾ ਘਰ ਉਸਾਰਨ ਦੀ ਵਿਉਂਤ ਸੀ। ਟਾਊਨ ਹਾਲ ਦੀ ਉਸਾਰੀ ਲਈ ਬੁੰਗਾ ਸ਼ੁਕਰਚੱਕੀਆਂ, ਬੁੰਗਾ ਮਸਤਾਨ ਸਿੰਘ ਵਾਲਾ ਅਤੇ ਬੁੰਗਾ ਅਵਤਾਰ ਸਿੰਘ ਢਾਹ ਕੇ ਜਗ੍ਹਾ ਬਣਾਈ ਗਈ। ਪਿੱਛੋਂ ਟਾਊਨ ਹਾਲ ਦੀ ਜਗ੍ਹਾ ਤਾਂ ਬਦਲ ਦਿੱਤੀ ਗਈ ਪਰ ਘੰਟਾ ਘਰ ਬਣਾਇਆ ਗਿਆ। ਇਸ ਘੰਟਾ ਘਰ ਦਾ ਡਿਜ਼ਾਇਨ ਮਿਸਟਰ ਜਾਹਨ ਗਾਰਡਨ ਨਾਂ ਦੇ ਅੰਗਰੇਜ਼ ਨੇ ਬਣਾਇਆ ਅਤੇ ਇਸ ਦੀ ਉਸਾਰੀ ਦਾ ਕੰਮ 1862 ਵਿੱਚ ਸ਼ੁਰੂ ਕਰ ਕੇ 1874 ਵਿੱਚ ਮੁਕੰਮਲ ਹੋਇਆ। ਪਹਿਲਾਂ ਇਸ ਘੰਟਾ ਘਰ ਵਿੱਚ ਸਿਰਫ਼ ਇੱਕ ਪਾਸੇ ਕਲਾਕ ਲਾਇਆ ਗਿਆ ਸੀ ਪਰ ਛੇਤੀ ਚਾਰੇ ਪਾਸੇ ਘੜੀਆਂ ਲਾ ਦਿੱਤੀਆਂ ਗਈਆਂ। ਰਾਤ ਸਮੇਂ ਘੰਟਾ ਘਰ ਵਿੱਚ ਰੋਸ਼ਨੀ ਕੀਤੀ ਜਾਂਦੀ ਸੀ ਤਾਂ ਜੋ ਰਾਤ ਸਮੇਂ ਵੀ ਘੜੀਆਂ ਉੱਤੋਂ ਸਮਾਂ ਵੇਖਿਆ ਜਾ ਸਕੇ। ਹਰ ਘੰਟੇ ਪਿੱਛੋਂ ਵੱਜਣ ਵਾਲਾ ਟੱਲ ਵੱਡੇ ਆਕਾਰ ਦਾ ਸੀ, ਜਿਸ ਦੀ ਆਵਾਜ਼ ਦੂਰ ਦੂਰ ਤੱਕ ਸੁਣਾਈ ਦਿੰਦੀ ਸੀ। 1947 ਵਿੱਚ ਆਜ਼ਾਦੀ ਮਿਲਣ ਪਿੱਛੋਂ ਤੱਕ ਇਹ ਘੰਟਾ ਘਰ ਕਾਇਮ ਸੀ। ਇਸ ਘੰਟਾ ਘਰ ਦੇ ਆਲੀਸ਼ਾਨ ਚਬੂਤਰੇ ਉੱਤੇ ਦੀਵਾਲੀ ਦੇ ਦਿਨ ਭਾਰੀ ਜਸ਼ਨ ਮਨਾਇਆ ਜਾਂਦਾ ਸੀ।

***1849 ਵਿੱਚ ਸਿੱਖਾਂ ਤੇ ਅੰਗਰੇਜ਼ਾਂ ਵਿਚਕਾਰ ਹੋਏ ਦੂਜੇ ਯੁੱਧ ਵਿੱਚ ਸਿੱਖ ਸੈਨਾ ਨੂੰ ਹਰਾ ਕੇ ਅੰਗਰੇਜ਼ਾਂ ਨੇ ਪੰਜਾਬ ਨੂੰ ਅੰਗਰੇਜ਼ੀ ਸਲਤਨਤ ਵਿੱਚ ਸ਼ਾਮਲ ਕਰ ਲਿਆ ਤਾਂ ਅੰਮ੍ਰਿਤਸਰ ਸ਼ਹਿਰ ਦਾ ਵਿਕਾਸ ਕਰਨ ਦੀਆਂ ਯੋਜਨਾਵਾਂ ਬਣੀਆਂ। ਇੱਕ ਯੋਜਨਾ ਸ੍ਰੀ ਦਰਬਾਰ ਸਾਹਿਬ ਵਾਲੀ ਕੋਤਵਾਲੀ ਦੇ ਸਾਹਮਣੇ, ਜਿੱਥੇ ਕਟੜਾ ਆਹਲੂਵਾਲੀਆ ਖ਼ਤਮ ਹੁੰਦਾ ਸੀ, ਟਾਊਨ ਹਾਲ ਬਣਾਉਣ ਬਾਰੇ ਸੀ। ਟਾਊਨ ਹਾਲ ਦੇ ਮੋਹਰਲੇ ਪਾਸੇ ਘੰਟਾ ਘਰ ਉਸਾਰਨ ਦੀ ਵਿਉਂਤ ਸੀ। ਟਾਊਨ ਹਾਲ ਦੀ ਉਸਾਰੀ ਲਈ ਬੁੰਗਾ ਸ਼ੁਕਰਚੱਕੀਆਂ, ਬੁੰਗਾ ਮਸਤਾਨ ਸਿੰਘ ਵਾਲਾ ਅਤੇ ਬੁੰਗਾ ਅਵਤਾਰ ਸਿੰਘ ਢਾਹ ਕੇ ਜਗ੍ਹਾ ਬਣਾਈ ਗਈ। ਪਿੱਛੋਂ ਟਾਊਨ ਹਾਲ ਦੀ ਜਗ੍ਹਾ ਤਾਂ ਬਦਲ ਦਿੱਤੀ ਗਈ ਪਰ ਘੰਟਾ ਘਰ ਬਣਾਇਆ ਗਿਆ। ਇਸ ਘੰਟਾ ਘਰ ਦਾ ਡਿਜ਼ਾਇਨ ਮਿਸਟਰ ਜਾਹਨ ਗਾਰਡਨ ਨਾਂ ਦੇ ਅੰਗਰੇਜ਼ ਨੇ ਬਣਾਇਆ ਅਤੇ ਇਸ ਦੀ ਉਸਾਰੀ ਦਾ ਕੰਮ 1862 ਵਿੱਚ ਸ਼ੁਰੂ ਕਰ ਕੇ 1874 ਵਿੱਚ ਮੁਕੰਮਲ ਹੋਇਆ। ਪਹਿਲਾਂ ਇਸ ਘੰਟਾ ਘਰ ਵਿੱਚ ਸਿਰਫ਼ ਇੱਕ ਪਾਸੇ ਕਲਾਕ ਲਾਇਆ ਗਿਆ ਸੀ ਪਰ ਛੇਤੀ ਚਾਰੇ ਪਾਸੇ ਘੜੀਆਂ ਲਾ ਦਿੱਤੀਆਂ ਗਈਆਂ। ਰਾਤ ਸਮੇਂ ਘੰਟਾ ਘਰ ਵਿੱਚ ਰੋਸ਼ਨੀ ਕੀਤੀ ਜਾਂਦੀ ਸੀ ਤਾਂ ਜੋ ਰਾਤ ਸਮੇਂ ਵੀ ਘੜੀਆਂ ਉੱਤੋਂ ਸਮਾਂ ਵੇਖਿਆ ਜਾ ਸਕੇ। ਹਰ ਘੰਟੇ ਪਿੱਛੋਂ ਵੱਜਣ ਵਾਲਾ ਟੱਲ ਵੱਡੇ ਆਕਾਰ ਦਾ ਸੀ, ਜਿਸ ਦੀ ਆਵਾਜ਼ ਦੂਰ ਦੂਰ ਤੱਕ ਸੁਣਾਈ ਦਿੰਦੀ ਸੀ।***

ਦਰਸ਼ਕਾਂ ਦੇ ਬੈਠਣ ਦਾ ਇੰਤਜ਼ਾਮ ਉਨ੍ਹਾਂ ਦੀ ਪਦਵੀ ਦੇ ਲਿਹਾਜ਼ ਨਾਲ ਹੁੰਦਾ ਸੀ। ਪਹਿਲੇ ਦਰਜੇ ਵਿੱਚ ਸਿਰਫ਼ ਯੂਰਪੀਨ ਅਤੇ ਯੂਰੇਸ਼ੀਅਨ ਮਰਦ ਔਰਤਾਂ ਦੇ ਬੈਠਣ ਲਈ ਕੁਰਸੀਆਂ ਲਾਈਆਂ ਜਾਂਦੀਆਂ ਸਨ, ਦੂਜੇ ਦਰਜੇ ਵਿੱਚ ਦੇਸੀ ਅਫ਼ਸਰ ਤੇ ਹੋਰ ਰਈਸ ਬੈਠਦੇ ਸਨ ਤੇ ਤੀਜੇ ਦਰਜੇ ਵਿੱਚ ਸਫ਼ੇਦਪੋਸ਼ ਅਤੇ ਦਰਮਿਆਨੇ ਲੋਕਾਂ ਦੇ ਬੈਠਣ ਲਈ ਬੈਂਚ ਲਾਏ ਜਾਂਦੇ ਸਨ। ਇਸ ਜਸ਼ਨ ਵਿੱਚ ਦਾਖ਼ਲਾ ਸਕੱਤਰ ਮਿਉਂਸਿਪਲ ਕਮੇਟੀ ਵੱਲੋਂ ਮਿਲਦੇ ਮੁਫ਼ਤ ਆਗਿਆ ਪੱਤਰ ਨਾਲ ਹੁੰਦਾ ਸੀ।

ਦਰਬਾਰ ਸਾਹਿਬ ਅੰਦਰ ਪ੍ਰਵੇਸ਼ ਕਰਨ ਦੇ ਇੱਕ ਦਰਜਨ ਤੋਂ ਵੱਧ ਰਾਹ ਸਨ ਪਰ ਆਮ ਵਰਤੋਂ ਵਿੱਚ ਆਉਣ ਵਾਲਾ ਰਾਹ ਘੰਟਾ ਘਰ ਅਤੇ ਸੋਢੀਆਂ ਦੇ ਬੁੰਗੇ ਦੇ ਵਿਚਕਾਰ ਸੀ, ਜਿੱਥੋਂ ਪੌੜੀਆਂ ਉਤਰ ਕੇ ਬੇਰ ਬਾਬਾ ਬੁੱਢਾ ਕੋਲ ਪਹੁੰਚ ਜਾਈਦਾ ਸੀ। ਅੰਦਰ ਜਾਣ ਸਾਰ ਅਕਾਲ ਬੁੰਗੇ ਵਾਲੇ ਪਾਸੇ ਮੁੜਦਿਆਂ ਕਾਲੇ ਅਤੇ ਸਫ਼ੇਦ ਪੱਥਰ ਦੀ ਇੱਕ ਸਿਲ ਪਈ ਹੁੰਦੀ ਸੀ, ਜਿਸ ਨੂੰ 'ਅਖਵਾਕ ਚੱਕਰ' ਕਿਹਾ ਜਾਂਦਾ ਸੀ। ਇਸ ਉੱਤੇ ਭੁਲ ਭੁਲੱਈਆ ਉਕਰੀਆਂ ਹੋਈਆਂ ਸਨ।

ਅਕਾਲ ਬੁੰਗੇ ਦੇ ਪੁਜਾਰੀ ਭਾਈ ਸੁੰਦਰ ਸਿੰਘ ਅਕਾਲੀ ਨੇ ਅੰਗਰੇਜ਼ੀ ਵਿੱਚ ਲਿਖੀ ਪੁਸਤਕ 'ਹਿਸਟਰੀ ਆਫ ਦਿ ਗੋਲਡਨ ਟੈਂਪਲ ਐਂਡ ਸ਼ਰਾਈਨਜ਼ ਅਰਾਊਂਡ' ਵਿੱਚ ਲਿਖਿਆ ਹੈ ਕਿ ਪੁਰਾਤਨ ਯੁੱਗ ਵਿੱਚ ਰਾਜਾ ਅਕਸ਼ਵਾਕੂ ਨੇ ਇਸ ਥਾਂ ਇੱਕ ਸੈਂਕੜਾ ਅਸ਼ਵਮੇਧ ਜੱਗ ਕੀਤੇ, ਜਿਸ ਦੇ ਫ਼ਲ ਵਿੱਚ ਉਸ ਨੂੰ ਸਵਰਗ ਤੋਂ ਅੰਮ੍ਰਿਤ ਪ੍ਰਾਪਤ ਹੋਇਆ, ਜਿਸ ਵਿੱਚੋਂ ਲੋੜ ਅਨੁਸਾਰ ਵਰਤੋਂ ਕਰਨ ਪਿੱਛੋਂ ਉਸ ਨੇ ਬਾਕੀ ਬਚਦਾ ਅੰਮ੍ਰਿਤ ਇਸ ਥਾਂ ਉੱਤੇ ਦੱਬ ਦਿੱਤਾ। (ਪੰਨਾ 1) ਅਭਿਮੰਨਿਊ ਵੱਲੋਂ ਕੁਰੂਕਸ਼ੇਤਰ ਦੀ ਲੜਾਈ ਦੌਰਾਨ ਕੌਰਵਾਂ ਦੀਆਂ ਫ਼ੌਜਾਂ ਵਿੱਚੋਂ ਲੰਘ ਕੇ ਉਨ੍ਹਾਂ ਦੇ ਚੱਕਰਵਿਊ ਨੂੰ ਤੋੜਿਆ ਸੀ, ਇਹ ਭੁਲ ਭੁਲੱਈਆ ਅਭਿਮੰਨਿਊ ਦੇ ਰਾਹ ਨੂੰ ਦਰਸਾਉਂਦੀਆਂ ਸਨ।

ਸਰੋਵਰ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਵਾਲੇ ਪਾਸੇ ਦੇ ਵਿਚਕਾਰ ਬਣੀ ਦਰਸ਼ਨੀ ਡਿਉਢੀ ਭਾਵ ਦਰਸ਼ਨੀ ਦਰਵਾਜ਼ੇ ਦੇ ਸੱਜੇ ਪਾਸੇ ਦੇ ਕਮਰੇ ਵਿੱਚ ਰਿਕਾਰਡ ਅਤੇ ਖੱਬੇ ਪਾਸੇ ਸਟੋਰ ਹੁੰਦਾ ਸੀ। ਦਰਸ਼ਨੀ ਡਿਉਢੀ ਦੇ ਸਾਹਮਣੇ ਦੋ ਧੌਂਸੇ ਰੱਖੇ ਹੁੰਦੇ ਸਨ। ਵੱਡਾ ਧੌਂਸਾ 1900 ਈਸਵੀ ਦੇ ਨੇੜੇ ਨਾਭਾ ਦੇ ਇੱਕ ਧਰਮ ਪੁਰਸ਼ ਨੇ ਭੇਟ ਕੀਤਾ ਸੀ। ਛੋਟਾ ਧੌਂਸਾ ਦਿਨ ਵਿੱਚ ਚਾਰ ਵਾਰ, ਸਵੇਰ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹਰਿਮੰਦਰ ਸਾਹਿਬ ਵਿੱਚ ਲਿਆਂਦੇ ਜਾਣ ਸਮੇਂ ਅਤੇ ਰਾਤ ਸਮੇਂ ਸੁੱਖ ਆਸਣ ਵਾਸਤੇ ਲਿਜਾਣ ਮੌਕੇ, ਆਸਾ ਦੀ ਵਾਰ ਦਾ ਭੋਗ ਪੈਣ ਉੱਤੇ ਅਤੇ ਸ਼ਾਮ ਦੀ ਚੌਕੀ ਪਿੱਛੋਂ ਵਜਾਇਆ ਜਾਂਦਾ ਸੀ।

ਅਕਾਲ ਬੁੰਗੇ ਦਾ ਵਾਧਰਾ 1878 ਵਿੱਚ ਬਣਾਇਆ ਗਿਆ। ਅਕਾਲ ਬੁੰਗੇ ਤੋਂ ਸ੍ਰੀ ਹਰਿਮੰਦਰ ਸਾਹਿਬ ਵੱਲ ਜਾਣ ਵਾਲੇ ਪੁਲ ਦੇ ਅੱਧ ਵਿੱਚ ਉੱਤਰੀ ਪਾਸੇ ਸਰਦਾਰ ਲਹਿਣਾ ਸਿੰਘ ਮਜੀਠੀਆ ਵੱਲੋਂ ਬਣਾਈ ਸੂਰਜ ਘੜੀ ਲਗਾਈ ਗਈ ਸੀ, ਜੋ ਅੰਗਰੇਜ਼ੀ ਸਮਾਂ ਦੱਸਣ ਦੇ ਨਾਲ ਨਾਲ ਸਥਾਨਕ ਸਮਾਂ ਵੀ ਦੱਸਦੀ ਸੀ। ਇਸ ਘੜੀ ਉੱਤੇ ਗੁਰਮੁਖੀ ਅੱਖਰਾਂ ਵਿੱਚ ਲਿਖਿਆ ਹੋਇਆ ਸੀ। ਇਸ ਸੂਰ-ਘੜੀ ਦੀ ਸਰਦਾਰ ਲਹਿਣਾ ਸਿੰਘ ਮਜੀਠੀਆ ਨੇ ਬਿਕ੍ਰਮੀ 1909 ਵਿੱਚ ਕਾਢ ਕੱਢੀ ਤੇ ਇੱਥੇ ਬਣਾਈ। ਅੱਸੂ 1951 ਬਿਕ੍ਰਮੀ ਵਿੱਚ ਭਾਈ ਗੁਰਮੁਖ ਸਿੰਘ ਗਿਆਨੀ ਦੀ ਨਿਗਰਾਨੀ ਹੇਠ ਥਮਲਾ ਅਤੇ ਘੜੀ ਬਦਲੀ ਗਈ।

ਅਕਾਲ ਬੁੰਗੇ ਵੱਲ ਦੇ ਦਰਵਾਜ਼ੇ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਵਿੱਚ ਦਾਖ਼ਲ ਹੋਣ ਸਮੇਂ ਸਾਹਮਣੇ ਗ੍ਰੰਥੀ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਬੈਠਾ ਦਿਖਾਈ ਦਿੰਦਾ ਸੀ। ਉਸ ਦੇ ਖੱਬੇ ਹੱਥ ਪੁਜਾਰੀ ਬੈਠਦੇ ਸਨ ਅਤੇ ਸੱਜੇ ਪਾਸੇ ਰਾਗੀ। ਰਾਗੀਆਂ ਦੀ ਡਿਊਟੀ ਦੁਪਹਿਰ ਤੱਕ ਹੁੰਦੀ ਸੀ, ਰਬਾਬੀ ਦੁਪਹਿਰ ਪਿੱਛੋਂ ਸੇਵਾ ਕਰਦੇ ਸਨ। ਸਾਰੇ ਰਾਗੀ ਸਿੱਖ ਸਨ ਅਤੇ ਰਬਾਬੀ ਮੁਸਲਮਾਨ। ਪੁਜਾਰੀ ਦੀ ਪਦਵੀ ਜੱਦੀ ਪੁਸ਼ਤੀ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਚਾਦਰ ਉੱਤੇ ਤਿੰਨ ਚਾਂਦੀ ਦੇ ਬਰਤਨ ਰੱਖੇ ਹੁੰਦੇ ਸਨ। ਪਹਿਲਾ ਇੱਕ ਬਾਟਾ, ਜੋ ਉੱਪਰੋਂ ਢੱਕਿਆ ਹੁੰਦਾ ਸੀ, ਉਸ ਵਿੱਚ ਸ਼ਰਧਾਲੂਆਂ ਨੂੰ ਦੇਣ ਵਾਸਤੇ ਕੂਜੇ ਰੱਖੇ ਜਾਂਦੇ ਸਨ, ਦੂਜਾ ਬਾਟਾ ਜੋ ਉੱਪਰੋਂ ਖੁੱਲ੍ਹਾ ਹੁੰਦਾ ਸੀ, ਉਸ ਵਿੱਚ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਵਿੱਚ ਜੋਤ ਜਗਾਉਣ ਲਈ ਵਰਤੇ ਜਾਣ ਵਾਸਤੇ ਘਿਓ ਪਾਉਂਦੇ ਸਨ। ਤੀਜਾ ਬਰਤਨ ਜਿੰਦਰੇ ਨਾਲ ਬੰਦ ਕੀਤੀ ਗੋਲਕ ਸੀ, ਜਿਸ ਦੇ ਉੱਪਰਲੇ ਸੁਰਾਖ ਰਾਹੀਂ ਸ਼ਰਧਾਲੂ ਆਪਣੀ ਭੇਟਾ ਇਸ ਵਿੱਚ ਪਾਉਂਦੇ ਸਨ। ਸ਼ਰਧਾਲੂ ਕਿਸੇ ਗ੍ਰੰਥੀ ਨੂੰ ਜਾਂ ਕਿਸੇ ਵਿਸ਼ੇਸ਼ ਮਕਸਦ ਲਈ ਵੀ ਭੇਟਾ ਦੇ ਸਕਦੇ ਸਨ।

ਸਰਦਾਰ ਸੁੰਦਰ ਸਿੰਘ ਰਾਮਗੜ੍ਹੀਆ ਵੱਲੋਂ 1903 ਵਿੱਚ ਛਪਵਾਈ ਅੰਗਰੇਜ਼ੀ ਪੁਸਤਕ 'ਗਾਈਡ ਟੂ ਦਰਬਾਰ ਸਾਹਿਬ ਆਫ ਗੋਲਡਨ ਟੈਂਪਲ ਆਫ ਅੰਮ੍ਰਿਤਸਰ' ਵਿੱਚ ਦਰਜ ਸੂਚਨਾ ਅਨੁਸਾਰ ਦੱਖਣ-ਪੱਛਮੀ ਪਾਸੇ ਸੰਗਮਰਮਰ ਦੇ ਥੜ੍ਹੇ ਉੱਤੇ ਚਾਂਦੀ ਵਿੱਚ ਮੜ੍ਹਿਆ ਨਿਸ਼ਾਨ ਸਾਹਿਬ ਖੜ੍ਹਾ ਸੀ, ਜੋ ਉਸ ਵੇਲੇ ਤਕ ਅਧੂਰਾ ਸੀ। ਇਹ ਨਾਭੇ ਦੇ ਰਾਜੇ ਵੱਲੋਂ 1902 ਵਿੱਚ ਆਪਣੇ ਪੁੱਤਰ ਦੇ ਵਿਆਹ ਸਮੇਂ ਭੇਟ ਕੀਤਾ ਗਿਆ ਸੀ। ਇਸ ਖੰਭੇ ਤੋਂ ਉੱਤਰ ਵੱਲ ਖੁੱਲ੍ਹੇ ਚੌਗਾਨ ਦੇ ਫ਼ਰਸ਼ ਉੱਤੇ ਇੱਕ ਰੇਖਾ-ਚਿੱਤਰ ਬਣਾਇਆ ਹੋਇਆ ਸੀ। ਅਕਾਲ ਬੁੰਗੇ ਵਿੱਚੋਂ ਨਿਕਲ ਕੇ ਪਰਿਕਰਮਾ ਵਿੱਚ ਬੁੰਗਾ ਮਹਾਰਾਜਾ ਸ਼ੇਰ ਸਿੰਘ, ਬੁੰਗਾ ਮਾਨਾਂਵਾਲਾ ਅਤੇ ਸ਼ਹੀਦ ਬੁੰਗਾ ਲੰਘ ਕੇ ਨਿਰਮਲਾ ਬੁੰਗਾ ਆਉਂਦਾ ਸੀ, ਜਿਸ ਦੇ ਹੇਠੋਂ ਉਨ੍ਹੀਂ ਦਿਨੀਂ ਹੀ ਗੁਰੂ ਕਾ ਬਾਗ਼ ਜਾਣ ਵਾਸਤੇ ਰਾਹ ਬਣਾਇਆ ਗਿਆ ਸੀ।" (ਪੰਨਾ 32)

ਅਕਾਲ ਬੁੰਗੇ ਵਾਲੀ ਦਿਸ਼ਾ ਵਿੱਚ ਉੱਤਰ ਵੱਲ ਅਖ਼ੀਰਲੇ ਬੁੰਗੇ ਨੂੰ ਘੜਿਆਲ ਬੁੰਗਾ ਕਿਹਾ ਜਾਂਦਾ ਸੀ ਕਿਉਂਕਿ ਇੱਥੋਂ ਹਰ ਘੜੀ ਜਾਂ 24 ਮਿੰਟਾਂ ਪਿੱਛੋਂ ਘੜਿਆਲ ਵਜਾਇਆ ਜਾਂਦਾ ਸੀ। ਕੀਮਤੀ ਪੱਥਰਾਂ ਦਾ ਕੰਮ ਵੱਡੀ ਪੱਧਰ ਉੱਤੇ ਕਰਵਾਉਣ ਲਈ ਆਪਣਾ ਪੱਥਰ ਖਾਨਾ ਸਥਾਪਤ ਕੀਤਾ ਹੋਇਆ ਸੀ, ਜਿਸ ਦੀ ਨਿਗਰਾਨੀ ਭਾਈ ਪਰਦੁਮਨ ਸਿੰਘ ਗਿਆਨੀ ਕੋਲ ਸੀ। ਉਸ ਦੇ ਦੇਹਾਂਤ ਪਿੱਛੋਂ ਇਹ ਜੱਦੀ-ਪੁਸ਼ਤੀ ਜ਼ਿੰਮੇਵਾਰੀ ਉਸ ਦੇ ਪੁੱਤਰ ਭਾਈ ਗੁਰਬਖਸ਼ ਸਿੰਘ ਗਿਆਨੀ ਨੇ ਸੰਭਾਲੀ ਪਰ ਉਸ ਦੇ ਨਾਬਾਲਗ ਹੋਣ ਕਾਰਨ ਕਮੇਟੀ ਨੇ ਇਮਾਰਤ ਦਾ ਕੰਮ ਰਾਇ ਕਲਿਆਣ ਸਿੰਘ ਨੂੰ ਸੌਂਪਿਆ, ਜੋ ਬਾਲਗ ਹੋ ਕੇ ਗੁਰਬਖਸ਼ ਸਿੰਘ ਨੇ ਆਪਣੇ ਹੱਥ ਲਿਆ। ਕਾਰਖ਼ਾਨੇ ਦੇ ਨਾਂ ਜਾਗੀਰ ਵੀ ਸੀ ਅਤੇ ਕੁਝ ਦੁਕਾਨਾਂ ਅਤੇ ਤਬੇਲਾ ਵੀ ਕਾਰਖਾਨੇ ਦੀ ਮਾਲਕੀ ਹੇਠ ਸੀ।

ਗੁਰੂ ਕਾ ਬਾਗ਼ ਵਾਲੀ ਥਾਂ ਬਹੁਤ ਉੱਚੀ ਨੀਵੀਂ ਸੀ ਅਤੇ ਇੱਥੇ ਬੂਟੇ ਬੇਤਰਤੀਬੇ ਲੱਗੇ ਹੋਏ ਸਨ। ਸਰੋਵਰ ਦੀ ਕਾਰ ਸੇਵਾ ਕੀਤੇ ਜਾਣ ਸਮੇਂ ਨਿਕਲੀ ਗਾਰ ਪਾ ਕੇ ਇਸ ਥਾਂ ਨੂੰ ਪੱਧਰਾ ਕੀਤਾ ਗਿਆ। ਬੂਟਿਆਂ ਨੂੰ ਪਾਣੀ ਦੇਣ ਵਾਸਤੇ ਹਲਟ ਲੱਗਾ ਹੋਇਆ ਸੀ। ਰੋਜ਼ਾਨਾ ਲੰਗਰ ਸੰਨ 1900 ਦੇ ਨੇੜੇ ਤੇੜੇ ਸ਼ੁਰੂ ਹੋਇਆ।

# ਕਾਨੂੰਨ ਦੇ ਰਾਖੇ ਕਾਨੂੰਨ ਮੁਤਾਬਕ ਵੀ ਹੱਕ ਦੇਣ ਤੋਂ ਆਕੀ

**ਐਡਵੋਕੇਟ ਜਸਪਾਲ ਸਿੰਘ ਮੰਝਪੁਰ**
(ਸੰਪਰਕ: 098554-018430)

ਕਾਨੂੰਨ ਅੱਗੇ ਸਮਾਨਤਾ, ਕਾਨੂੰਨ ਦਾ ਰਾਜ, ਕਾਨੂੰਨ ਸਭ ਲਈ ਇੱਕ, ਨਿਆਂ ਸਭ ਦਾ ਹੱਕ ਆਦਿ, ਆਦਿ ਗੱਲਾਂ ਭਾਰਤੀ ਸੰਵਿਧਾਨ ਵਿਚ ਲਿਖੀਆਂ ਗਈਆਂ



ਉਹ ਗੱਲਾਂ ਹਨ ਜੋ ਸੰਵਿਧਾਨ ਦੇ ਲਾਗੂ ਹੋਣ ਦੇ ਕਰੀਬ 67 ਸਾਲਾਂ ਵਿਚ ਵੀ ਲਾਗੂ ਨਹੀਂ ਹੋ ਸਕੀਆਂ ਅਤੇ ਅੱਗੇ ਵੀ ਕੋਈ ਉਮੀਦ ਨਹੀਂ। ਬਤੌਰ ਵਕੀਲ ਅਤੇ ਬਤੌਰ ਸਿੱਖ ਸਿਆਸੀ ਕਾਰਕੁਨ ਕਾਨੂੰਨ ਦੇ ਦੋਹਰੇ ਮਾਪਦੰਡ ਅਕਸਰ ਵੇਖਣ ਨੂੰ ਮਿਲਦੇ ਹਨ ਅਤੇ ਪਤਾ ਲੱਗਦਾ ਹੈ ਕਿ ਕਿਵੇਂ ਸਿਆਸੀ ਸਮੱਸਿਆਵਾਂ ਨੂੰ ਅਮਨ-ਕਾਨੂੰਨ ਦੀ ਸਥਿਤੀ ਅਤੇ ਅਮਨ-ਕਾਨੂੰਨ ਦੀ ਸਥਿਤੀ ਨੂੰ ਸਿਆਸੀ ਸਮੱਸਿਆ ਬਣਾ ਕੇ ਪੇਸ਼ ਕਰ ਦਿੱਤਾ ਜਾਂਦਾ ਹੈ।

80ਵਿਆਂ ਵਿਚ ਜਨਮੇ ਮੇਰੇ ਵਰਗਿਆਂ ਨੇ ਕਾਨੂੰਨ ਦੇ ਦੋਹਰੇ ਮਾਪਡੰਡਾਂ ਬਾਰੇ ਸੁਣਿਆ ਜਾਂ ਪੜ੍ਹਿਆ ਹੀ ਸੀ ਪਰ ਜਿਉਂ-ਜਿਉਂ ਵੱਡੇ ਹੋਏ ਤਾਂ ਜਦੋਂ ਆਪ ਨਾਲ ਬੀਤਣ ਲੱਗੀ ਤਾਂ ਪਤਾ ਲੱਗਿਆ ਕਿ ਸਥਾਪਤ ਧਿਰਾਂ ਦੇ ਵਿਰੋਧੀ ਵਿਚਾਰ ਰੱਖਣ ਮਾਤਰ ਨਾਲ ਹੀ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਦਾ ਦਾਅਵਾ ਕਰਨ ਵਾਲਿਆਂ ਨੂੰ ਇਸ ਹੱਦ ਤੱਕ ਤਕਲੀਫ ਹੁੰਦੀ ਹੈ ਕਿ ਉਹ ਆਪਣੇ ਹੀ ਬਣਾਏ ਕਾਨੂੰਨਾਂ ਦੀ ਉਲੰਘਣਾ ਕਰਨ ਵਿਚ ਰੰਚਕ ਮਾਤਰ ਦੇਰ ਨਹੀਂ ਕਰਦੇ। 1947, 1950, 1966, 1978, 1984 ਤੋਂ ਇਲਾਵਾ ਇਸਦੀਆਂ ਬੇਅੰਤ ਉਦਾਹਰਨਾਂ ਹਨ।

ਸਾਇੰਸ ਪੜ੍ਹਦਿਆਂ ਵਿਗਆਨੀ ਨਿਊਟਨ ਦਾ ਤੀਜਾ ਲਾਅ ਪੜ੍ਹਿਆ ਸੀ ਕਿ ਹਰੇਕ ਕਿਰਆ ਦੀ ਇਕ ਪ੍ਰਤੀਕਿਰਆ ਹੁੰਦੀ ਹੈ ਅਤੇ ਇਸਦਾ ਭਾਵ ਜਾਂ ਵਿਆਖਿਆ ਇਹ ਹੈ ਕਿ ਪ੍ਰਤੀਕਿਰਆ ਪਹਿਲਾਂ ਨਹੀਂ ਹੁੰਦੀ, ਪ੍ਰਤੀਕਿਰਆ ਲਈ ਕਿਰਆ ਦਾ ਹੋਣਾ ਲਾਜ਼ਮੀ ਹੈ।ਇਹ ਕਾਨੂੰਨ ਸਮਾਜ ਵਿਗਆਨ ਵਿਚ ਵੀ ਲਾਗੂ ਹੁੰਦਾ ਨਜ਼ਰੀ ਪਿਆ। ਜੂਨ 84 ਵਿਚ ਵਾਪਰੇ ਘੱਲੂਘਾਰੇ ਤੋਂ ਬਾਅਦ ਇਸ ਲਈ ਮੁੱਖ ਦੋਸ਼ੀ ਦਾ ਕਤਲ ਹੋਇਆ ਤੇ ਕਤਲ ਤੋਂ ਬਾਅਦ ਸਿੱਖ ਕਤਲੇਆਮ ਤੇ ਲੰਬੇ ਤਸ਼ੱਦਦ ਦਾ ਦੌਰ ਤੇ ਮੁੜ ਪਸਰੀ ਸਮਸ਼ਾਨ ਵਰਗੀ ਸ਼ਾਂਤੀ।ਵਰਤਮਾਨ ਸਮੇਂ ਵਿਚ ਪੰਜਾਬ ਵਿਚ 2016 ਤੋਂ ਹੁਣ ਤੱਕ ਕਈ ਕਤਲ ਹੋਏ। ਉਸ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇ-ਅਦਬੀ ਦੀਆਂ ਘਟਨਾਵਾਂ ਵੀ ਹੋਈਆਂ।ਇਹਨਾਂ ਕਿਰਆ, ਪ੍ਰਤੀਕਿਰਆ ਦੇ ਮਾਹੌਲ ਵਿਚ ਕਾਨੂੰਨ ਦੇ ਰਾਜ ਦੀ ਗੱਲ ਕਰਨ ਵਾਲਿਆ ਲਈ ਬੜੀ ਪਰਖ ਦੀ ਘੜੀ ਹੁੰਦੀ ਹੈ। ਰਾਜ ਕਰਨ ਵਾਲਿਆਂ ਨੇ ਆਪਣੇ ਬਣਾਏ ਕਾਨੂੰਨ ਮੁਤਾਬਕ ਇਕ ਔਰਤ ਦੇ ਕਤਲ ਲਈ ਜਿੰਮੇਵਾਰ ਵਿਅਕਤੀਆਂ ਨੂੰ ਤਾਂ ਸਜਾਵਾਂ ਕੁਝ ਸਾਲਾਂ ਵਿਚ ਹੀ ਦੇ ਦਿੱਤੀਆਂ ਪਰ ਹਜਾਰਾਂ ਔਰਤਾਂ ਦੇ ਕਾਤਲ ਉਸ ਕਾਨੂੰਨ ਦੀ ਵਿਆਖਿਆ ਕਰਨ ਲਗਾ ਦਿੱਤੇ ਗਏ ਅਤੇ ਉਹਨਾਂ ਨੂੰ ਦਹਾਕਿਆਂ ਬਾਅਦ ਵੀ ਸਜਾਵਾਂ ਨਹੀਂ। ਸਾਲ ਪਹਿਲਾਂ ਹੋਏ ਕੁਝ ਕਤਲਾਂ ਲਈ ਤਾਂ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਸਰੀਰਕ-ਮਾਨਸਿਕ ਤਸ਼ੱਦਦ ਦਾ ਦੌਰ ਤਾਂ ਚਲਾ ਦਿੱਤਾ ਗਿਆ ਤੇ ਹੱਦੋਂ-ਸਰਹੱਦੋਂ ਪਾਰ, ਸੱਤ-ਸਮੁੰਦਰੋਂ ਪਾਰ ਤੱਕ ਵੀ ਜਾਂਚਾਂ-ਪੜਤਾਲਾਂ ਕਰ ਲਈਆਂ ਗਈਆਂ ਪਰ ਗੁਰੂ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਲੱਭਣ ਲਈ ਕੋਈ ਤਰੱਦਦ ਨਹੀਂ ਕੀਤਾ ਗਿਆ।ਕਾਨੂੰਨ ਦੇ ਰਾਖਿਆਂ ਨੇ ਆਪਣੇ ਅਣਪਛਾਤੇ ਕਾਤਲਾਂ ਨੂੰ ਤਾਂ ਪਛਾਣ ਲਿਆ ਪਰ ਗੁਰੂ ਕੇ ਸਿੱਖਾਂ ਨੂੰ ਗੋਲੀਆਂ ਮਾਰਨ ਵਾਲਿਆਂ ਪਛਾਤਿਆਂ ਨੂੰ ਅਣਪਛਾਤਾ ਦਰਸਾ ਦੇ ਛੱਡ ਦਿੱਤਾ ਗਿਆ। ਇਹੀ ਹਨ ਕਾਨੂੰਨ ਦੇ ਰਾਜ ਤੇ ਕਾਨੂੰਨ ਸਾਹਮਣੇ ਸਮਾਨਤਾ ਦੀ ਗੱਲ ਦਾ ਢੰਡੋਰਾ ਪਿੱਟਣ ਵਾਲਿਆਂ ਦੀ ਸੱਚਾਈ ਤੇ ਦੋਹਰੇ ਮਾਪਡੰਡਾਂ ਦੀ ਪਰਤੱਖ ਤੇ ਤਾਜ਼ੀ ਉਦਾਹਰਣ।

10 ਨਵੰਬਰ ਨੂੰ ਮੈਂ ਬਤੌਰ ਵਕੀਲ ਬਾਘਾ ਪੁਰਾਣਾ ਜਾਣਾ ਸੀ, ਯੂ.ਕੇ. ਨਾਗਰਿਕ ਸਿੱਖ ਜਗਤਾਰ ਸਿੰਘ ਜੌਹਲ ਉਰਫ ਜੱਗੀ ਦੇ ਕੇਸ ਦੀ ਪੈਰਵਾਈ ਕਰਨ। ਪਰਿਵਾਰ ਵਲੋਂ ਪਹਿਲਾਂ ਹੀ ਇਕ ਵਕੀਲ ਸਾਬ੍ਹ ਨਿਯੁਕਤ ਸਨ। ਉਹਨਾਂ ਨਾਲ ਸੰਪਰਕ ਕੀਤਾ ਤਾਂ ਪਤਾ ਲੱਗਾ ਕਿ ਬਾਘਾ ਪੁਰਾਣਾ ਵਾਲੇ ਮੈਜਿਸਟਰੇਟ ਅਚਨਚੇਤੀ ਛੁੱਟੀ ਲੈ ਗਏ ਹਨ ਅਤੇ ਜਗਤਾਰ ਸਿੰਘ ਨੂੰ ਹੁਣ ਮੋਗਾ ਵਿਖੇ ਡਿਊਟੀ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਕਰਨਗੇ। ਉੱਥੇ ਬਰਤਾਨਵੀ ਹਾਈ ਕਮਿਸਨ ਦਿੱਲੀ ਤੋਂ ਵੀ ਦੋ ਅਧਿਕਾਰੀ ਹਾਜ਼ਰ ਸਨ। ਪਰ ਹੈਰਾਨੀ ਦੀ ਗੱਲ ਹੋਈ ਜਦ ਲੋਕਲ ਵਕੀਲ ਸਾਬ੍ਹ ਨੇ ਦੱਸਿਆ ਕਿ ਜਗਤਾਰ ਸਿੰਘ ਨੂੰ ਤਾਂ ਅਦਾਲਤ ਵਿਚ ਪੇਸ਼ ਕਰਕੇ 4 ਦਿਨ ਤਾਂ ਪੁਲਸ ਰਿਮਾਂਡ ਹੋਰ ਲੈ ਕੇ ਚਲੇ ਵੀ ਗਏ ਹਨ। ਮੇਰਾ ਤਾਂ ਅਜੇ ਜਗਤਾਰ ਸਿੰਘ ਵਲੋਂ ਵਕਾਲਤਨਾਮਾ ਵੀ ਪੇਸ਼ ਨਹੀਂ ਸੀ ਹੋਇਆ ਪਰ ਡਿਊਟੀ ਮੈਜਿਸਟਰੇਟ ਨੇ ਵੀ ਆਪਣੀ ਡਿਊਟੀ ਨਹੀਂ ਨਿਭਾਈ ਤੇ ਜਗਤਾਰ ਸਿੰਘ ਦੀ ਪੇਸ਼ੀ ਬਾਰੇ ਲੋਕਲ ਵਕੀਲ ਨੂੰ ਵੀ ਨਹੀਂ ਦੱਸਿਆ ਗਿਆ ਜਦ ਕਿ ਉਹ ਸਵੇਰੇ ਇਸ ਬਾਰੇ ਆਪ ਡਿਊਟੀ ਮੈਜਿਸਟ੍ਰੇਟ ਨੂੰ ਦੱਸ ਕੇ ਆਏ ਸਨ।ਬਿਨਾਂ ਕਿਸੇ ਕਾਨੂੰਨੀ ਸੁਣਵਾਈ/ਚਾਰਾਜੋਈ ਦੇ ਜਗਤਾਰ ਸਿੰਘ ਨੂੰ ਮੁੜ ਪੁਲਿਸ ਰਿਮਾਂਡ ਵਿਚ ਭੇਜ ਦਿੱਤਾ ਗਿਆ। ਜਗਤਾਰ ਸਿੰਘ ਆਪਣੇ ਕਿਸੇ ਨੂੰ ਮਿਲ ਨਹੀਂ ਸਕਿਆ। ਉਸਦੀ ਨਵ-ਵਿਆਹੁਤਾ ਤੇ ਹੋਰ ਪਰਿਵਾਰ ਮੈਂਬਰ ਦਰ-ਬਦਰ ਭਟਕ ਰਹੇ ਹਨ, ਪੁਲਿਸ ਉਹਨਾਂ ਨੂੰ ਅਲੱਗ ਤੰਗ-ਪਰੇਸ਼ਾਨ ਕਰ ਰਹੀ ਹੈ। ਪੁਲਿਸ ਪਰਿਵਾਰਕ ਮੈਂਬਰਾਂ ਨੂੰ ਜਗਤਾਰ ਸਿੰਘ ਦਾ ਪਾਸਪੋਰਟ ਦੇਣ ਦੀ ਗੱਲ ਕਹਿ ਰਹੀ ਹੈ ਪਰ ਜਗਤਾਰ ਸਿੰਘ ਦਾ ਪਾਸਪੋਰਟ ਪਹਿਲਾਂ ਹੀ ਉਸਦੇ ਰਿਸ਼ਤੇਦਾਰ ਬਰਤਾਨਵੀ ਹਾਈ ਕਮਿਸਨ ਦਿੱਲੀ ਵਿਖੇ ਜਮ੍ਹਾਂ ਕਰਵਾ ਚੁੱਕੇ ਹਨ। ਜਗਤਾਰ ਸਿੰਘ ਦਾ ਪਰਿਵਾਰ ਉਸਦੀ ਸਰੀਰਕ ਤੇ ਮਾਨਸਿਕ ਹਾਲਤ ਨੂੰ ਲੈ ਕੇ ਬਹੁਤ ਚਿੰਤਤ ਹੈ ਅਤੇ ਜਦੋਂ ਉਸਦੇ ਵਕੀਲ ਜਾਂ ਕਿਸੇ ਹੋਰ ਨਜ਼ਦੀਕੀ ਨੂੰ ਨਹੀਂ ਮਿਲਣ ਦਿੱਤਾ ਜਾ ਰਿਹਾ ਤਾਂ ਚਿੰਤਾ ਹੋਣੀ ਸੁਭਾਵਕ ਹੈ। ਜਗਤਾਰ ਸਿੰਘ ਯੂ.ਕੇ. ਦਾ ਨਾਗਰਿਕ ਹੈ ਅਤੇ ਇੱਥੋਂ ਤੱਕ ਕਿ ਬਰਤਾਨਵੀ ਹਾਈ ਕਮਿਸਨ ਦਿੱਲੀ ਦੇ ਅਧਿਕਾਰੀਆਂ ਨੂੰ ਉਸ ਨਾਲ ਮੁਲਾਕਾਤ ਦੀ ਸਿੱਧੀ ਇਜ਼ਾਜ਼ਤ ਨਹੀਂ ਦਿੱਤੀ ਗਈ ਸਗੋਂ ਉੱਚ ਪੁਲਿਸ ਅਧਿਕਾਰੀਆਂ ਵਲੋਂ ਬਰਤਾਨਵੀ ਹਾਈ ਕਮਿਸਨ ਦਿੱਲੀ ਦੇ ਅਧਿਕਾਰੀਆਂ ਨੂੰ ਵਿਦੇਸ਼ ਮੰਤਰਾਲੇ ਤੋਂ ਇਜ਼ਾਜ਼ਤ ਲੈ ਕੇ ਆਉਣ ਦੀ ਨਸੀਹਤ ਦੇ ਕੇ ਬਰੰਗ ਮੋੜ ਦਿੱਤਾ ਗਿਆ। ਫਰਕ ਲੱਗਦਾ ਹੈ ਗੱਲ ਵਿਚ ਜਦ ਦੂਜੇ ਪਾਸੇ ਗਵਾਂਢੀ ਮੁਲਕ ਵਿਚ ਅੱਤਵਾਦ ਦੇ ਦੋਸ਼ਾਂ ਤਹਿਤ ਫਾਂਸੀ ਦੀ ਸਜ਼ਾ ਯਾਫਤਾ ਵਿਅਕਤੀ ਨੂੰ ਉਸਦੀ ਪਤਨੀ ਤੇ ਹਾਈ ਕਮਿਸ਼ਨ ਦੇ ਅਧਿਕਾਰੀਆਂ ਦੀ ਮੁਲਾਕਾਤ ਲਈ ਕੌਮਾਂਤਰੀ ਪੱਧਰ 'ਤੇ ਹਾਲ-ਦੁਹਾਈ ਪਾਈ ਜਾਂਦੀ ਹੈ।

ਕਾਨੂੰਨ ਦੇ ਰਾਜ ਵਿਚ ਕਤਲ ਕਿਸੇ ਦਾ ਵੀ ਹੋਵੇ ਜਾਂ ਜ਼ੁਲਮ ਕਿਸੇ ਉਪਰ ਹੀ ਹੋਵੇ, ਪਰਿਵਾਰ ਲਈ ਤਾਂ ਅਸਹਿ ਹੀ ਹੁੰਦਾ ਹੈ। ਕਾਨੂੰਨ ਨੂੰ ਤਾਂ ਆਪਣਾ ਕੰਮ ਕਰਨਾ ਚਾਹੀਦਾ ਹੈ ਅਤੇ ਕਾਨੂੰਨ ਉਪਰੋਂ ਆਮ ਵਿਅਕਤੀ ਦਾ ਵਿਸ਼ਵਾਸ਼ ਉੱਠਣ ਲੱਗਦਾ ਹੈ ਜਦੋਂ ਕਿਸੇ ਇਕ ਦੇ ਕਤਲ ਲਈ ਨਾਮਜ਼ਦ ਕੀਤੇ ਇਕ ਦੋਸ਼ੀ ਦੇ ਕਈ ਪਰਿਵਾਰਕ ਮੈਂਬਰਾਂ, ਦੋਸਤਾਂ, ਹਮਦਰਦਾਂ ਤੇ ਰਿਸ਼ਤੇਦਾਰਾਂ ਨੂੰ ਵੀ ਜਲਾਲਤ ਝੱਲਣੀ ਪੈਂਦੀ ਹੈ ਅਤੇ ਦੂਜੇ ਪਾਸੇ ਕਈਆਂ ਪਰਿਵਾਰਕ ਮੈਂਬਰਾਂ, ਦੋਸਤਾਂ, ਹਮਦਰਦਾਂ ਤੇ ਰਿਸ਼ਤੇਦਾਰਾਂ ਦੇ ਕਾਤਲਾਂ ਨੂੰ ਸੁਰੱਖਿਆ ਮੁਹੱਈਆ ਕਰਵਾਈ ਜਾਂਦੀ ਹੈ।

ਗੱਲਾਂ ਬਹੁਤ ਲੰਮੀਆਂ ਨੇ ਪਰ ਜਿੰਦੜੀ ਛੋਟੀ ਜਿਹੀ। ਜਾਂਦੇ-ਜਾਂਦੇ ਆਖਰੀ ਗੱਲ ਕਿ ਹਰਿਆਣੇ ਦੇ ਇਕ ਸਕੂਲ ਦੇ ਮਾਸੂਮ ਬੱਚੇ ਦੇ ਕਤਲ ਲਈ ਪਹਿਲਾਂ ਇਕ ਛੋਟਾ ਕਰਮਚਾਰੀ ਦੋਸ਼ੀ ਠਹਿਰਾਇਆ ਗਿਆ ਤੇ ਬਾਅਦ ਵਿਚ ਸੀ.ਬੀ.ਆਈ ਨੇ ਉਸਨੂੰ ਬੇਕਸੂਰ ਦੱਸਦਿਆਂ ਇਕ ਸੀਨੀਅਰ ਬੱਚੇ ਨੂੰ ਕਤਲ ਲਈ ਦੋਸ਼ੀ ਦਰਸਾ ਦਿੱਤਾ। ਦੇਖੋ! ਹੁਣ ਅਦਾਲਤ ਕੀ ਫੈਸਲਾ ਦੇਵੇਗੀ ? ਕਹਿਣ ਦਾ ਭਾਵ ਕਿ ਦੋਸ਼ੀ ਠਹਿਰਾਏ ਜਾਣ ਲਈ ਦੋਸ਼ੀ ਹੋਣਾ ਜਾਂ ਨਾ ਹੋਣਾ ਜਰੂਰੀ ਨਹੀਂ ਹੈ, ਅਸਲ ਗੱਲ ਤਾਂ ਹੈ ਕਿ ਜਾਂਚ ਕੌਣ ਕਰ ਰਿਹਾ ਹੈ ਅਤੇ ਕਿਸ ਭਾਵਨਾ ਨਾਲ ਕਰ ਰਿਹਾ ਹੈ, ਸਬੂਤ ਗਵਾਹ ਤਾਂ ਹਰ ਇੱਕ ਖਿਲਾਫ ਹੀ ਖੜ੍ਹੇ ਜਾਂ ਘੜ੍ਹੇ ਮਿਲ ਜਾਂਦੇ ਹਨ।

ਪਰਮਾਤਮਾ ਅੱਗੇ ਅਰਦਾਸ ਕਰੋ ਕਿ ਕਦੇ, ਕਾਨੂੰਨ ਅੱਗੇ ਸਮਾਨਤਾ, ਕਾਨੂੰਨ ਦਾ ਰਾਜ, ਕਾਨੂੰਨ ਸਭ ਲਈ ਇੱਕ, ਨਿਆਂ ਸਭ ਦਾ ਹੱਕ ਆਦਿ, ਆਦਿ ਗੱਲਾਂ ਸਾਡੇ ਜਿਉਂਦੇ ਜੀਅ ਲਾਗੂ ਹੋ ਜਾਣ।

***ਜ਼ਿਲ੍ਹਾ ਕਚਹਿਰੀਆਂ, ਲੁਧਿਆਣਾ।**

# ਦਿਨੋਂ ਦਿਨ ਬੁਝਾਰਤ ਬਣ ਰਹੀਆਂ ਨੇ ਪਾਕਿਸਤਾਨ ਦੀਆਂ ਆਮ ਚੋਣਾਂ

**ਸਾਇਰਿਲ ਅਲਮੇਡਾ**
(ਲੇਖਕ ਪਾਕਿਸਤਾਨ ਦੇ ਉੱਘੇ ਅਖ਼ਬਾਰ 'ਡਾਅਨ' ਦੇ ਸੰਪਾਦਕੀ ਅਮਲੇ ਦਾ ਮੈਂਬਰ ਹੈ)

ਪਾਕਿਸਤਾਨ ਵਿੱਚ ਹੁਣ ਸਿਰਫ਼ ਤਿੰਨ ਬਦਲ ਬਚੇ ਹਨ। ਪਹਿਲਾ, ਚੋਣਾਂ ਨਿਰਧਾਰਤ ਸਮੇਂ 'ਤੇ ਕਰਵਾਈਆਂ ਜਾਣ; ਦੂਜਾ, ਚੋਣਾਂ ਨਿਰਧਾਰਤ ਸਮੇਂ ਤੋਂ ਪਹਿਲਾਂ ਕਰਵਾਈਆਂ ਜਾਣ; ਅਤੇ ਤੀਜਾ, ਚੋਣਾਂ



ਨਾ ਕਰਵਾਈਆਂ ਜਾਣ। ਇਸ ਬੁਝਾਰਤ ਵਿੱਚੋਂ ਜਿਸ ਨੂੰ ਜੋ ਫਾਇਦੇਮੰਦ ਨਜ਼ਰ ਆਏਗਾ, ਉਹ ਉਸ ਤਰ੍ਹਾਂ ਦਾ ਜੁਆਬ ਹੀ ਦੇਵੇਗਾ।ਇਸ ਹਫ਼ਤੇ ਦੇ ਇਸ ਧੁੰਦੂਕਾਰੇ ਵਿੱਚੋਂ ਹੁਣ ਕੁਝ ਰਾਹਤ ਨਜ਼ਰ ਆਉਂਦੀ ਹੈ ਹਾਲਾਂਕਿ ਇਹ ਹੈ ਵਿਰੋਧਾਭਾਸੀ। ਫਿਰ ਵੀ ਇਸ ਧੁੰਦੂਕਾਰੇ ਵਿੱਚੋਂ ਜੋ ਕੁਝ ਕਰਾਚੀ ਤੋਂ ਨਿਕਲ ਕੇ ਸਾਹਮਣੇ ਆਇਆ ਹੈ, ਉਹ ਇਹ ਹੈ ਕਿ ਚੋਣਾਂ ਨਾ ਹੋਣ ਦਾ ਬਦਲ ਫਿਲਹਾਲ ਟਲ ਚੁੱਕਾ ਹੈ।

ਜੇ ਤੁਹਾਨੂੰ ਇਹ ਪਤਾ ਲੱਗ ਜਾਏ ਕਿ ਆਮ ਚੋਣਾਂ ਨਹੀਂ ਹੋਣਗੀਆਂ ਤਾਂ ਕੀ ਤੁਸੀਂ ਆਪਣੀ ਕਾਰ ਦੇ ਹੁੱਡ ਹੇਠ ਤਾਂ ਨਹੀਂ ਚਲੇ ਜਾਉਗੇ ਅਤੇ ਸਾਰੇ ਪੁਰਜ਼ਿਆਂ ਨੂੰ ਨਵੇਂ ਸਿਰਿਓਂ ਫਿੱਟ ਕਰਨਾ ਸ਼ੁਰੂ ਕਰ ਦਿਓਗੇ ? ਖ਼ੈਰ, ਇਸ ਸੋਚ ਨੂੰ ਰਾਜ ਪਲਟਾ ਹੋਣ ਦੀ ਸੂਰਤ ਵਿੱਚ ਵਿਚਾਰਨ ਲਈ ਛੱਡਿਆ ਜਾ ਸਕਦਾ ਹੈ। ਕਰਾਚੀ ਵਿੱਚ ਸਿਆਸਤ ਸਬੰਧੀ ਘੜਮੱਸ, ਲੱਚਰਤਾ ਦੀ ਹੱਦ ਤੱਕ ਫੈਲਿਆ ਹੋਇਆ ਸੀ। ਉੱਜਡਪੁਣੇ ਦੀ ਹੱਦ ਤੱਕ ਹੋ ਰਹੀ ਗੰਢਤੁਪ ਨੂੰ ਲੈ ਕੇ ਬਾਕੀ ਦੇ ਦੇਸ਼ ਵਾਸੀ ਕਰਾਚੀ ਨੂੰ ਮਿਹਣੇ ਮਾਰ ਰਹੇ ਸਨ। ਇਸ ਤਰ੍ਹਾਂ ਕਰਾਚੀ ਪੂਰੇ ਦੇਸ਼ ਨਾਲੋਂ ਵੱਖਰੇ ਟੁਕੜੇ ਦੀ ਤਰ੍ਹਾਂ ਨਜ਼ਰ ਆ ਰਿਹਾ ਸੀ। ਅਲਤਾਫ਼ ਹੁਸੈਨ ਤੋਂ ਦਹਿਸ਼ਤਜ਼ਦਾ ਅਤੇ ਫ਼ੌਜ ਤੋਂ ਵੀ ਡਰੇ ਹੋਏ ਲੋਕ, ਜੋ ਜ਼ਿਆਦਾਤਰ ਮੁਤਹਿਦਾ ਕੌਮੀ ਮੂਵਮੈਂਟ (ਐਮ.ਕਿਊ.ਐਮ.) ਨਾਲ ਸਬੰਧਤ ਸਨ, ਆਪਣੇ-ਆਪ ਨੂੰ ਉੱਥੇ ਪਾ ਰਹੇ ਸਨ ਜਿੱਥੇ ਦਰਅਸਲ ਉਹ ਨਹੀਂ ਹੋਣਾ ਚਾਹੁੰਦੇ। ਉਨ੍ਹਾਂ ਨੂੰ ਇਹ ਯਕੀਨ ਨਹੀਂ ਆ ਰਿਹਾ ਕਿ ਅਗਲੀਆਂ ਚੋਣਾਂ ਦੌਰਾਨ ਉਹ ਕਿਸ ਦਾ ਸਾਥ ਦੇਣ ਜੋ ਉਨ੍ਹਾਂ ਦੇ ਹਿੱਤਾਂ ਦੀ ਹਿਫ਼ਾਜ਼ਤ ਕਰ ਸਕੇ।

ਅਜਿਹੇ ਕਈ ਕੜਵੱਲ ਅਗਲੇ ਹਫ਼ਤਿਆਂ ਵਿੱਚ ਹੋਰ ਵੇਖਣ ਨੂੰ ਮਿਲਣਗੇ। 'ਚੋਣਾਂ ਨਹੀਂ ਹੋਣਗੀਆਂ' ਦਾ ਵਿਕਲਪ ਫਿਲਹਾਲ ਠੰਢਾ ਪੈਣ ਦੇ ਦੋ ਹੋਰ ਸੰਕੇਤ ਮਿਲ ਰਹੇ ਹਨ। ਇਹ ਸੰਕੇਤ ਹਨ ਇਸਲਾਮਾਬਾਦ ਵਿੱਚ ਵਾਪਰ ਰਿਹਾ ਸਿਆਸੀ ਤੇ ਅਦਾਲਤੀ ਘਟਨਾਕ੍ਰਮ ਅਤੇ ਮਜ਼ਾਕ ਦਾ ਕੇਂਦਰ ਬਣਿਆ ਮੁਸ਼ੱਰਫ਼ ਦਾ ਸਿਆਸੀ ਗੱਠਜੋੜ। ਇਸਲਾਮਾਬਾਦ ਦਾ ਸਿਆਸੀ ਘਟਨਾਕ੍ਰਮ ਮੁੱਖ ਤੌਰ 'ਤੇ ਇਸ ਸਮੇਂ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੇ ਸੱਜੇ-ਪੰਥੀ ਹਮਾਇਤੀਆਂ 'ਤੇ ਕੇਂਦਰਿਤ ਹੈ। ਕਾਦਰੀ ਨੂੰ ਫਾਂਸੀ ਦੇਣ ਦੇ ਮੁੱਦੇ ਉੱਤੇ ਰਾਜਸੀ ਧੜਿਆਂ ਦਾ ਇੱਕ-ਮਿੱਕ ਹੋਣਾ ਅਤੇ ਇਕ ਚੋਣ ਨਿਯਮ ਬਦਲਿਆ ਜਾਣਾ, ਜਿਹੜਾ ਤੁਰੰਤ ਹੀ ਵਾਪਸ ਲੈ ਲਿਆ ਗਿਆ, ਤੋਂ ਉਤਸ਼ਾਹਿਤ ਹੋ ਕੇ ਇਸਲਾਮਾਬਾਦ ਵਿੱਚ ਦਾਖ਼ਲ ਹੋਏ ਨਵੇਂ ਅਨਸਰ ਬੜਾ ਵਿਸ਼ੈਲਾ ਮਾਹੌਲ ਰਚਣਾ ਚਾਹੁੰਦੇ ਹਨ। ਦਿਲਚਸਪ ਗੱਲ ਇਹ ਹੈ ਕਿ ਇਹ ਅਨਸਰ ਆਪਣੇ-ਆਪ ਨੂੰ ਚੋਣਾਂ ਨਾਲ ਜੋੜਦੇ ਹਨ ਪ੍ਰੰਤੂ ਆਪਣੇ-ਆਪ ਨੂੰ ਉਨ੍ਹਾਂ ਸੱਜੇ ਪੰਥੀਆਂ ਨਾਲ ਜੋੜ ਰਹੇ ਹਨ, ਜਿਸ ਦਾ ਚੋਣਾਂ ਸਮੇਂ ਸਿਰਫ਼ ਅੜਿੱਕਾ-ਪਾਊ ਮਹੱਤਵ ਹੁੰਦਾ ਹੈ। ਇਸ ਤਰ੍ਹਾਂ ਦੇ ਗੱਠਜੋੜਾਂ ਅੰਦਰ ਅੰਦਰੂਨੀ ਸਹਿਮਤੀ ਨਹੀਂ ਹੁੰਦੀ ਅਤੇ ਇਹ ਬਹੁਤ ਚਿਰ ਨਹੀਂ ਚੱਲ ਸਕਦੇ, ਪ੍ਰੰਤੂ ਅਜਿਹੇ ਮਾਹੌਲ ਵਿੱਚੋਂ ਵੀ ਇਹ ਗੱਲ ਉਭਰ ਕੇ ਸਾਹਮਣੇ ਆ ਰਹੀ ਹੈ ਕਿ ਦੇਸ਼ ਚੋਣਾਂ ਦੀ ਦਿਸ਼ਾ ਵਿੱਚ ਅੱਗੇ ਵਧ ਰਿਹਾ ਹੈ।

ਹੁਣ ਗੱਲ ਮੁਸ਼ੱਰਫ਼ ਦੇ ਮਜ਼ਾਕ ਬਣੇ ਗੱਠਜੋੜ ਦੀ ਕਰਦੇ ਹਾਂ। ਉਹ ਹੁਣ ਸੱਚਮੁੱਚ ਹੀ ਮਜ਼ਾਕ ਦਾ ਪਾਤਰ ਬਣ ਕੇ ਰਹਿ ਗਿਆ ਹੈ। ਇਕ ਗੱਲ, ਜਿਹੜੀ ਮੁਸ਼ੱਰਫ਼ ਨੂੰ ਵੱਧ ਸਤਾਉਂਦੀ ਹੈ, ਉਹ ਹੈ ਪਾਕਿਸਤਾਨੀ ਫ਼ੌਜ ਦੀ ਉਸ ਤੋਂ ਬਿਲਕੁਲ ਕਿਨਾਰਾਕਸ਼ੀ। ਕਿਸੇ ਸਮੇਂ ਇਸੇ ਫ਼ੌਜ ਨੇ ਉਸ ਨੂੰ ਸੱਤਾ ਦੇ ਸਿਖ਼ਰ ਤੱਕ ਪਹੁੰਚਾਇਆ ਸੀ। ਮੁਸ਼ੱਰਫ਼ ਨੇ ਕੁਝ ਦਿਨ ਪਹਿਲਾਂ ਕਈ ਛੋਟੇ-ਛੋਟੇ ਗੁੱਟਾਂ ਨੂੰ ਨਾਲ ਲੈ ਕੇ ਚੋਣ ਗੱਠਜੋੜ ਬਣਾਉਣ ਅਤੇ ਢੁਕਵੇਂ ਸਮੇਂ ਵਤਨ ਪਰਤਣ ਦਾ ਐਲਾਨ ਕੀਤਾ ਸੀ। ਇਸ ਐਲਾਨ ਦੇ ਤੁਰੰਤ ਬਾਅਦ ਹੀ ਇਸੇ ਗੱਠਜੋੜ ਦੇ ਕੁਝ ਘਟਕਾਂ ਨੇ ਸਪਸ਼ਟ ਕਰ ਦਿੱਤਾ ਕਿ ਉਨ੍ਹਾਂ ਦੀ ਮੁਸ਼ੱਰਫ਼ ਨਾਲ ਕੋਈ ਗੱਲਬਾਤ ਹੀ ਨਹੀਂ ਹੋਈ, ਚੋਣ ਗੱਠਜੋੜ ਕਰਨਾ ਤਾਂ ਦੂਰ ਦੀ ਗੱਲ ਹੈ। ਇਸ ਤੋਂ ਮੁਸ਼ੱਰਫ਼ ਦਾ ਖ਼ੂਬ ਮਜ਼ਾਕ ਬਣਿਆ। ਇਸ ਕਾਗਜ਼ੀ ਚੋਣ ਗੱਠਜੋੜ ਨਾਲੋਂ ਵੱਧ ਸ਼ਰਮਿੰਦਗੀ ਉਸ ਲਈ ਇਹ ਹੋਵੇਗੀ ਜੇ ਚੋਣਾਂ ਨਾ ਹੋਣ ਸਬੰਧੀ ਐਲਾਨ ਹੋ ਜਾਏ। ਇਸ ਦਾ ਅਰਥ ਇਹ ਹੋਵੇਗਾ ਕਿ ਮੁਸ਼ੱਰਫ਼ ਨੂੰ ਇਹ ਕਿਆਸ ਹੀ ਨਹੀਂ ਕਿ ਛੇਤੀ ਕੀ ਵਾਪਰਨ ਵਾਲਾ ਹੈ। ਇਸੇ ਲਈ, ਇਸ ਹਫ਼ਤੇ ਉਸ ਵਾਸਤੇ ਪਾਕਿਸਤਾਨੀ ਸ਼ੈਲੀ ਵਿੱਚ ਖ਼ੁਸ਼ੀ ਦੀ ਗੱਲ ਇਹ ਹੈ ਕਿ 'ਚੋਣਾਂ ਨਹੀਂ ਹੋਣਗੀਆਂ' ਵਾਲਾ ਬਦਲ ਹੁਣ ਦਮ ਤੋੜ ਚੁੱਕਾ ਹੈ।

ਪਰ ਇੱਥੇ ਫਿਰ ਇਹ ਸਵਾਲ ਪੈਦਾ ਹੁੰਦਾ ਹੈ ਕਿ ਜੇ ਚੋਣਾਂ ਹੋਣੀਆਂ ਹਨ ਤਾਂ ਇਹ ਕਦੋਂ ਹੋਣਗੀਆਂ ? ਨਵਾਜ਼ ਸ਼ਰੀਫ਼ ਦੇ ਖੇਮੇ ਦੀ ਹਮੇਸ਼ਾ ਇਹ ਤਰਜੀਹ ਰਹੀ ਹੈ ਕਿ ਆਮ ਚੋਣਾਂ ਨਿਰਧਾਰਤ ਸਮੇਂ 'ਤੇ ਹੋਣ। ਤੁਸੀਂ ਸ਼ਰਤ ਲਾ ਕੇ ਕਹਿ ਸਕਦੇ ਹੋ ਕਿ ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਦਾ ਸਰਪ੍ਰਸਤ ਜ਼ਰਦਾਰੀ, ਜੋ ਪਿਛਲੀਆਂ ਚੋਣਾਂ ਦੇ ਆਖ਼ਰੀ ਰਾਊਂਡ ਵਿੱਚ ਜੇਤੂ ਹੋ ਗਿਆ ਸੀ, ਇਸ ਵਾਰ ਆਪਣੇ-ਆਪ ਨੂੰ ਮੁਸ਼ਕਲ 'ਚ ਮਹਿਸੂਸ ਕਰੇਗਾ। ਨਵਾਜ਼ ਸ਼ਰੀਫ਼ ਇਹ ਯਕੀਨੀ ਬਣਾਏਗਾ ਕਿ ਇਸ ਵਾਰ ਜ਼ਰਦਾਰੀ ਆਪਣੀ ਸੀਟ ਵੀ ਜਿੱਤ ਨਾ ਸਕੇ।

ਪਰ ਨਿਰਧਾਰਤ ਸਮੇਂ ਚੋਣਾਂ ਹੋਣ ਦੇ ਫ਼ੈਸਲੇ ਦਾ ਵੱਡਾ ਉਦੇਸ਼ ਹੈ- ਲੋਕਤੰਤਰ ਦੀ ਰਾਖੀ। 90ਵਿਆਂ ਵਿੱਚ ਇਹੀ ਸਬਕ ਮਿਲਿਆ ਸੀ ਕਿ ਪਾਕਿਸਤਾਨ ਅੰਦਰ ਲੋਕਤੰਤਰ ਦੀ ਬਰਕਰਾਰੀ ਦੇ ਬਗ਼ੈਰ ਸਥਿਰਤਾ ਕਾਇਮ ਨਹੀਂ ਰੱਖੀ ਜਾ ਸਕਦੀ। ਲੋਕਤੰਤਰ ਦੇ ਜਾਰੀ ਰਹਿਣ ਦਾ ਅਰਥ ਹੈ, ਵੱਖਰੇ ਤਰ੍ਹਾਂ ਕੰਮ ਕਰਨਾ, ਸੰਸਦ ਦੇ ਕਾਰਜਕਾਲ ਦੀ ਮਿਆਦ ਨੂੰ ਨੇਪਰੇ ਚੜ੍ਹਨ ਦੇਣਾ। ਚੋਣਾਂ ਨਿਰਧਾਰਤ ਸਮੇਂ ਹੋਣ ਦਾ ਅਰਥ ਹੈ ਗੱਦੀਓਂ ਲਾਹੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਤੇ ਉਨ੍ਹਾਂ ਦੀ ਚੌਧਰ ਵਾਲੀ ਮੁਸਲਿਮ ਲੀਗ ਵਿਚਾਲੇ ਵਾਰਸ ਲਈ ਸੰਘਰਸ਼ ਨਿਬੇੜਨ ਲਈ ਢੁਕਵਾਂ ਸਮਾਂ ਮਿਲਣਾ। ਯਕੀਨਨ ਨਿਰਧਾਰਤ ਸਮੇਂ ਚੋਣਾਂ ਹੋਣ ਦਾ ਫਾਇਦਾ ਨਵਾਜ਼ ਸ਼ਰੀਫ਼ ਤੇ ਉਸ ਦੀ ਪਾਰਟੀ ਨੂੰ ਹੋਏਗਾ।

ਪ੍ਰੰਤੂ ਚੋਣਾਂ ਨਿਰਧਾਰਤ ਸਮੇਂ ਹੋਣ ਦੀ ਵਕਾਲਤ ਕਰਨ ਵਾਲੇ ਖੇਮੇ ਨੂੰ ਇਸ ਹਫ਼ਤੇ ਆਸ ਦੇ ਉਲਟ ਵੀ ਲਾਭ ਮਿਲ ਸਕਦਾ ਹੈ- ਉਹ ਹੈ ਅਦਾਲਤ ਦੇ ਗੁੱਸੇ ਦੇ ਰੂਪ 'ਚ। ਨਵਾਜ਼ ਸ਼ਰੀਫ਼ ਦੇ ਸਿਆਸੀ ਹਮਲਿਆਂ ਨੂੰ ਖੁੰਢਾ ਕਰਨ ਲਈ ਸੁਪਰੀਮ ਕੋਰਟ, ਨਵਾਜ਼ ਦੀ ਸੱਤਾ ਵਿੱਚ ਵਾਪਸੀ ਦਾ ਰਾਹ ਖ਼ਤਮ ਕਰਨ ਦੇ ਰਾਹ ਤੁਰ ਸਕਦੀ ਹੈ। ਇਸ ਕਾਨੂੰਨੀ ਅੜਚਣ ਤੋਂ ਛੁਟਕਾਰਾ ਕੇਵਲ ਸੰਸਦ ਰਾਹੀਂ ਹੀ ਹੋ ਸਕਦਾ ਹੈ- ਅਯੋਗ ਠਹਿਰਾਉਣ ਦੀ ਧਾਰਾ ਨੂੰ ਸੰਵਿਧਾਨਕ ਸੋਧ ਰਾਹੀਂ ਰੱਦ ਕਰਕੇ ਜਾਂ ਚੋਣਾਂ ਮੁੜ ਜਿੱਤ ਕੇ, ਜਿਸ ਲਈ ਨਵਾਜ਼ ਸ਼ਰੀਫ਼ ਨੂੰ ਇਕ ਤਕੜੇ ਵਿਰੋਧੀ ਦੀ ਲੋੜ ਹੈ। ਇਕ ਅਜਿਹੇ ਦੁਸ਼ਮਣ ਦੀ, ਜਿਸ ਖ਼ਿਲਾਫ਼ ਘਟੀਆ ਤੇ ਨਾਜਾਇਜ਼ ਢੰਗ ਵਰਤ ਕੇ ਨਵਾਜ਼ ਸ਼ਰੀਫ਼ ਵੋਟਰਾਂ ਨੂੰ ਆਪਣੇ ਨਾਲ ਰੱਖ ਸਕੇ। ਇਹ ਦੁਸ਼ਮਣ ਪੀ.ਟੀ. ਆਈ. ਭਾਵ ਤਹਿਰੀਕ-ਏ-ਇਨਸਾਫ਼ ਪਾਰਟੀ (ਇਮਰਾਨ ਖ਼ਾਨ ਦੀ ਪਾਰਟੀ) ਹੋ ਸਕਦੀ ਹੈ ਕਿਉਂਕਿ ਇਹ ਵੋਟਾਂ ਲਈ ਜੱਦੋਜਹਿਦ ਕਰ ਰਹੀ ਹੈ।

ਭਾਵੇਂਕਿ ਅਦਾਲਤ ਉਪਰ ਇਸ ਦੇ ਸੰਸਥਾਗਤ ਤੌਰ 'ਤੇ ਗ਼ੈਰ-ਸਿਆਸੀ ਹੋਣ ਕਾਰਨ ਬੰਦਸ਼ਾਂ ਹਨ, ਫਿਰ ਵੀ ਇਹ ਸਿਆਸਤ ਵਿੱਚ ਦਖ਼ਲਅੰਦਾਜ਼ੀ ਕਰਦੀ ਹੈ ਅਤੇ ਇਸ ਦਾ ਲਾਹਾ ਸਿਆਸਤਦਾਨ ਹੀ ਲੈਂਦੇ ਹਨ। ਇਸ ਹਫ਼ਤੇ, ਸੁਪਰੀਮ ਕੋਰਟ ਨੇ ਨਵਾਜ਼ ਸ਼ਰੀਫ਼ ਨੂੰ ਯਾਦ ਕਰਾਇਆ ਕਿ ਉਹ ਦੋ ਵੱਖ-ਵੱਖ ਫਰੰਟਾਂ 'ਤੇ ਦਖ਼ਲਅੰਦਾਜ਼ੀ ਕਰ ਸਕਦੀ ਹੈ: ਜੁਆਬਦੇਹੀ ਮੁਕੱਦਮਿਆਂ ਅਤੇ ਚੋਣਾਂ ਵਿੱਚ। ਜੇ ਚੋਣਾਂ ਨਿਰਧਾਰਤ ਸਮੇਂ ਅਨੁਸਾਰ ਅਗਲੇ ਸਾਲ ਅਗਸਤ ਵਿੱਚ ਹੁੰਦੀਆਂ ਹਨ, ਨਵਾਜ਼ ਸ਼ਰੀਫ਼ ਮੁਕੱਦਮਿਆਂ ਨੂੰ ਉਸ ਸਮੇਂ ਤੱਕ ਖਿੱਚ ਕੇ ਸੁਪਰੀਮ ਕੋਰਟ ਨੂੰ ਉਕਸਾ ਸਕਦਾ ਹੈ। ਹਰੇਕ ਦੋ ਮਹੀਨਿਆਂ ਵਿੱਚ ਲਗਦਾ ਅਦਾਲਤੀ ਝਟਕਾ ਅਗਲੇ ਅਗਸਤ ਤਕ ਸਿਆਸੀ ਤੋਹਫ਼ੇ ਵਜੋਂ ਸਰਾਹਿਆ ਜਾਂਦਾ ਰਹੇਗਾ। ਲੋਕਾਂ ਵਾਸਤੇ ਕੰਮ ਕਰ ਰਹੇ ਸਿਆਸਤਦਾਨ ਅਤੇ ਉਸ ਦੇ ਰਾਹ ਵਿੱਚ ਗ਼ੈਰ-ਜ਼ਰੂਰੀ ਅੜਿੱਕਾ ਬਣ ਰਹੀਆਂ ਸੰਸਥਾਵਾਂ ਇਕ ਅਜਿਹੀ ਹਮਦਰਦੀ ਪੈਦਾ ਕਰਨਗੀਆਂ, ਜਿਹੜੀ ਪੀ.ਐਮ.ਐਲ.-ਐਨ. ਅੰਦਰਲੇ ਸਿਆਸ ਵਾਰਿਸ ਦੇ ਸੰਘਰਸ਼ ਨੂੰ ਨਿਪਟਾਉਣ ਵਿੱਚ ਮਦਦਗਾਰ ਸਾਬਤ ਹੋ ਸਕਦੀ ਹੈ। ਅਦਾਲਤਾਂ ਰਾਹੀਂ ਜਕੜੇ ਆਗੂ ਦੁਆਲੇ ਲੋਕਾਂ ਦਾ ਜੁੜਨਾ ਸੌਖਾ ਹੋ ਜਾਏਗਾ।

ਪ੍ਰੰਤੂ ਜੋ ਨਵਾਜ਼ ਸ਼ਰੀਫ਼ ਲਈ ਚੰਗਾ ਹੈ, ਜ਼ਰੂਰੀ ਨਹੀਂ ਬਾਕੀ ਸਾਡੇ ਸਾਰਿਆਂ ਲਈ ਵੀ ਫਾਇਦੇਮੰਦ ਹੋਵੇ। ਜਿੰਨਾ ਲੰਬਾ ਇਹ ਵਿਵਾਦ ਖਿੱਚੇਗਾ, 'ਚੋਣਾਂ ਬਿਲਕੁਲ ਨਹੀਂ' ਵਿਕਲਪ ਅਮਲ ਵਿੱਚ ਆਉਣ ਦੀਆਂ ਸੰਭਾਵਨਾਵਾਂ ਵਧਣਗੀਆਂ। ਅਗਸਤ ਭਾਵੇਂ ਬਹੁਤ ਦੂਰ ਨਹੀਂ ਪ੍ਰੰਤੂ ਇਹ ਵਿਵਾਦ ਕਿਸੇ ਦੀਆਂ ਭਾਵਨਾਵਾਂ ਦਾ ਅੰਤ ਕਰ ਸਕਦਾ ਹੈ। ਇਸ ਦਾ ਲਗਾਤਾਰ ਜਾਰੀ ਰਹਿਣਾ ਸ਼ਬਦੀ ਜੰਗ, ਤਿੱਖੇ ਬੋਲ-ਬੁਲਾਰਿਆਂ ਵਿੱਚ ਬਦਲ ਸਕਦਾ ਅਤੇ ਹਾਲਾਤ ਵੱਸੋਂ ਬਾਹਰ ਵੀ ਹੋ ਸਕਦੇ ਹਨ। ਸੰਭਵ ਹੈ ਕਿ ਅਜਿਹਾ ਮਾਹੌਲ ਤਖ਼ਤਾ ਪਲਟਣ ਦੇ ਸਮਰੱਥ ਲੋਕਾਂ ਦੇ ਸਬਰ ਦਾ ਪਿਆਲਾ ਨੱਕੋ-ਨੱਕ ਭਰ ਦੇਵੇ।

ਜਲਦੀ ਚੋਣਾਂ ਨੂੰ ਬਿਨਾਂ ਸ਼ੱਕ ਸੁਰੱਖਿਆ ਵਾਲਵ ਵਜੋਂ ਵੇਖਿਆ ਜਾ ਸਕਦਾ ਹੈ ਪ੍ਰੰਤੂ ਇਹ ਵਿਕਲਪ ਹਰ ਵਾਰ ਨਹੀਂ ਵਰਤਿਆ ਜਾ ਸਕਦਾ। ਜੇ ਜਲਦੀ ਚੋਣਾਂ ਦਾ ਬਿਗਲ ਹੁਣ ਛੇਤੀ ਨਾ ਵਜਾਇਆ ਗਿਆ ਤਾਂ ਅਗਲੇ ਸਾਲ ਦੇ ਸ਼ੁਰੂ ਵਿੱਚ ਇਹ ਵਿਕਲਪ ਵੀ ਨਹੀਂ ਬਚੇਗਾ ਕਿਉਂਕਿ ਜਲਦੀ ਚੋਣਾਂ ਆਖ਼ਰੀ ਸੰਭਵ ਸਮੇਂ ਐਲਾਨਣ ਦਾ ਚੰਗਾ ਅਸਰ ਨਹੀਂ ਪਏਗਾ। ਇਸ ਨੂੰ ਸਨਕੀਪੁਣੇ ਵਜੋਂ ਲਿਆ ਜਾਏਗਾ। ਚੋਣਾਂ ਨੂੰ ਨਿਰਧਾਰਤ ਸਮੇਂ ਤੱਕ ਖਿੱਚ ਕੇ ਲਿਜਾਣ ਦੇ ਯਤਨ, ਨਵਾਜ਼ ਸ਼ਰੀਫ਼ ਵੱਲੋਂ 'ਚੋਣਾਂ ਬਿਲਕੁਲ ਨਹੀਂ' ਦੇ ਵਿਕਲਪ ਵਿੱਚ ਬਦਲ ਸਕਦੇ ਹਨ।




ਸਿੱਖ ਸਪੋਰਟਸ ਐਸੋਸੀਏਸ਼ਨ ਵੱਲੋਂ ਫਰੀਮਾਂਟ ਕੈਲੀਫੋਰਨੀਆ 'ਚ ਕਰਵਾਈ ਗਈ 11ਵੀਂ ਗੁਰੂ ਨਾਨਕ ਹਾਫ ਮੈਰਾਥਨ ਦੇ ਜੇਤੂ।

# ਲੁਟੇਰਿਆਂ ਨੇ ਬੀਕਾਨੇਰ ਐਕਸਪ੍ਰੈੱਸ ਵਿੱਚ ਪੰਜਾਬ ਦੇ ਪੰਜ ਪਰਿਵਾਰ ਲੁੱਟੇ

**ਬਠਿੰਡਾ/ਬਿਊਰੋ ਨਿਊਜ਼**

ਐਕਸਪ੍ਰੈੱਸ ਟਰੇਨ ਵਿੱਚ ਸਵਾਰ ਬਠਿੰਡਾ ਤੇ ਅਬੋਹਰ ਦੇ ਪੰਜ ਪਰਿਵਾਰਾਂ ਤੋਂ ਲੁਟੇਰਿਆਂ ਨੇ ਹਰਿਆਣਾ ਦੇ ਜੀਂਦ ਵਿੱਚ ਸ਼ਨਿਚਰਵਾਰ ਰਾਤੀਂ ਚਾਕੂ ਦਿਖਾ ਕੇ ਲੱਖਾਂ ਰੁਪਏ ਲੁੱਟ ਲਏ। ਸਰਾਏ ਰੁਹੇਲਾ-ਬੀਕਾਨੇਰ ਐਕਸਪ੍ਰੈੱਸ ਟਰੇਨ ਵਿੱਚ ਅੱਧੀ ਰਾਤੀਂ ਜਦੋਂ ਇਹ ਵਾਰਦਾਤ ਹੋਈ, ਉਦੋਂ ਗੱਡੀ ਜੀਂਦ ਤੋਂ ਹਾਲੇ ਚੱਲੀ ਹੀ ਸੀ। ਬਠਿੰਡਾ ਦੇ ਦੋ ਪਰਿਵਾਰਾਂ ਦੇ ਤਿੰਨ ਲੱਖ ਰੁਪਏ ਅਤੇ ਅਬੋਹਰ ਦੇ ਤਿੰਨ ਪਰਿਵਾਰਾਂ ਦੇ ਕਰੀਬ ਦੋ ਲੱਖ ਰੁਪਏ ਦੀ ਨਗਦੀ ਤੇ ਗਹਿਣੇ ਲੁੱਟੇ ਗਏ।

ਜਾਣਕਾਰੀ ਅਨੁਸਾਰ ਬਠਿੰਡਾ ਸ਼ਹਿਰ ਦੇ ਪੰਜ ਪਰਿਵਾਰ 6 ਨਵੰਬਰ ਨੂੰ ਗੋਆ ਘੁੰਮਣ ਗਏ ਸਨ, ਜਿਨ੍ਹਾਂ ਵਾਪਸੀ ਸਮੇਂ ਦਿੱਲੀ ਤੋਂ ਇਹ ਐਕਸਪ੍ਰੈੱਸ ਗੱਡੀ ਲਈ, ਜੋ ਰਾਤੀਂ 10.50 ਵਜੇ ਰਵਾਨਾ ਹੋਈ। ਇਨ੍ਹਾਂ ਵਿੱਚ ਦੋ ਠੇਕੇਦਾਰ ਭਰਾ ਮਨਪ੍ਰੀਤ ਸਿੰਘ ਅਤੇ ਮਨਇੰਦਰ ਸਿੰਘ ਮੋਖਾ ਦੇ ਪਰਿਵਾਰ, ਵਾਦੀ ਹਸਪਤਾਲ ਦੇ ਡਾਕਟਰ ਟੀ.ਪੀ.ਐਸ. ਵਾਦੀ, ਸਨਅਤਕਾਰ ਮਨਜੀਤ ਸਿੰਘ ਵਾਸੀ ਅਜੀਤ ਸਿੰਘ ਰੋਡ ਅਤੇ ਠੇਕੇਦਾਰ ਅਮਰਜੀਤ ਸਿੰਘ ਵਾਸੀ ਕਮਲਾ ਨਹਿਰੂ ਕਲੋਨੀ ਦਾ ਪਰਿਵਾਰ ਸ਼ਾਮਲ ਹਨ। ਡਾ. ਵਾਦੀ ਨੇ ਦੱਸਿਆ ਕਿ ਰਾਤ ਕਰੀਬ 12:00 ਵਜੇ ਸਾਰੇ ਪਰਿਵਾਰ ਖਾਣਾ ਖਾਣ ਮਗਰੋਂ ਸੌਂ ਗਏ ਸਨ। ਵਾਰਦਾਤ ਦਾ ਪਤਾ ਉਦੋਂ ਲੱਗਿਆ, ਜਦੋਂ ਠੇਕੇਦਾਰ ਅਮਰਜੀਤ ਸਿੰਘ ਦੀ ਪਤਨੀ ਸਤਨਾਮ ਕੌਰ ਨੇ ਰੌਲਾ ਪਾਇਆ। ਇਨ੍ਹਾਂ ਪਰਿਵਾਰਾਂ ਨੇ ਦੱਸਿਆ ਕਿ ਪਹਿਲਾਂ ਚਾਰ ਲੁਟੇਰਿਆਂ ਨੇ ਸਤਨਾਮ ਕੌਰ ਦਾ ਪਰਸ ਖੋਹਿਆ ਅਤੇ ਉਸ ਮਗਰੋਂ ਹਰਜੀਤ ਕੌਰ ਪਤਨੀ ਮਨਇੰਦਰ ਸਿੰਘ ਮੋਖਾ ਤੋਂ ਪਰਸ ਖੋਹਿਆ ਗਿਆ। ਇਸ ਤੋਂ ਪਹਿਲਾਂ ਦੂਜੇ ਏਸੀ ਡੱਬੇ ਵਿੱਚੋਂ ਅਬੋਹਰ ਦੇ ਤਿੰਨ ਪਰਿਵਾਰਾਂ ਤੋਂ ਚਾਕੂ ਦਿਖਾ ਕੇ ਪਰਸ ਅਤੇ ਹੋਰ ਸਾਮਾਨ ਲੁੱਟਿਆ ਗਿਆ। ਠੇਕੇਦਾਰ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਮੌਕੇ 'ਤੇ ਪਤਾ ਲੱਗਿਆ ਕਿ ਏ.ਸੀ. ਡੱਬੇ ਦੇ ਪਖਾਨਿਆਂ ਕੋਲ ਚਾਰ ਵਿਅਕਤੀ ਖੜ੍ਹੇ ਸਨ, ਜਿਨ੍ਹਾਂ ਵਾਰਦਾਤ ਨੂੰ ਅੰਜਾਮ ਦਿੱਤਾ। ਉਸ ਮੌਕੇ ਰੇਲਵੇ ਦੀ ਕੋਈ ਸੁਰੱਖਿਆ ਨਹੀਂ ਸੀ ਅਤੇ ਡੱਬੇ ਦੇ ਦਰਵਾਜ਼ੇ ਖੁੱਲ੍ਹੇ ਸਨ। ਇਹ ਵੀ ਦੱਸਿਆ ਕਿ ਲੁਟੇਰਿਆਂ ਨੇ ਵਾਰਦਾਤ ਮਗਰੋਂ ਚੇਨ ਖਿੱਚੀ ਅਤੇ ਗੱਡੀ ਰੁਕਣ 'ਤੇ ਫਰਾਰ ਹੋ ਗਏ। ਉਸ ਮਗਰੋਂ ਸਾਰੇ ਪਰਿਵਾਰਾਂ ਨੇ ਰੇਲਵੇ ਮੁਲਾਜ਼ਮਾਂ ਨੂੰ ਜਾਣਕਾਰੀ ਦਿੱਤੀ।

ਵੇਰਵਿਆਂ ਅਨੁਸਾਰ ਸਤਨਾਮ ਕੌਰ ਦੇ ਪਰਸ ਵਿੱਚ 29 ਹਜ਼ਾਰ ਦੀ ਨਗਦੀ ਤੋਂ ਇਲਾਵਾ ਗਹਿਣੇ ਸਨ, ਜਿਨ੍ਹਾਂ ਦੀ ਕੀਮਤ ਕਰੀਬ ਦੋ ਲੱਖ ਰੁਪਏ ਬਣਦੀ ਹੈ। ਹਰਜੀਤ ਕੌਰ ਦੇ ਪਰਸ ਵਿੱਚ ਨਗਦੀ, ਗਹਿਣੇ ਤੇ ਕੈਮਰੇ ਆਦਿ ਸਨ। ਇਸ ਸਭ ਦੀ ਕੀਮਤ ਕਰੀਬ ਇਕ ਲੱਖ ਹੈ, ਜਿਸ ਨੂੰ ਲੁਟੇਰੇ ਲੈ ਗਏ ਹਨ। ਅੱਜ ਇਨ੍ਹਾਂ ਪਰਿਵਾਰਾਂ ਨੇ ਰੇਲਵੇ ਪੁਲੀਸ ਤੱਕ ਪਹੁੰਚ ਕੀਤੀ ਹੈ ਅਤੇ ਲਿਖਤੀ ਸ਼ਿਕਾਇਤ ਦਿੱਤੀ ਹੈ। ਜੀਆਰਪੀ ਦੇ ਥਾਣਾ ਬਠਿੰਡਾ ਦੇ ਐਸਐਚਓ ਹਰਜਿੰਦਰ ਸਿੰਘ ਨੇ ਕਿਹਾ ਕਿ ਪੀੜਤਾਂ ਦੀ ਸ਼ਿਕਾਇਤ ਆ ਗਈ ਹੈ ਅਤੇ ਪੁਲੀਸ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਇਸ ਬਾਰੇ ਜੀਂਦ ਪੁਲੀਸ ਨਾਲ ਗੱਲਬਾਤ ਕੀਤੀ ਹੈ। ਪਹਿਲਾਂ ਵੀ ਅਜਿਹੀਆਂ ਵਾਰਦਾਤਾਂ ਹੋਈਆਂ ਹਨ।



ਜੀਆਰਪੀ ਪੁਲੀਸ ਨੂੰ ਪੀੜਤ ਆਪਣੀ ਸ਼ਿਕਾਇਤ ਦਰਜ ਕਰਵਾ ਕੇ ਬਾਹਰ ਆਉਂਦੇ ਹੋਏ।

## ਪੰਜਾਬ ਨਵੇਂ ਵਿਧਾਇਕਾਂ ਨੂੰ ਦੋ ਰੋਜ਼ਾ ਵਰਕਸ਼ਾਪ 'ਚ ਸਿਖਾਏ ਜਾਣਗੇ ਕੰਮ ਕਾਜ ਦੇ ਗੁਰ-ਮੰਤਰ

**ਚੰਡੀਗੜ੍ਹ/ਬਿਊਰੋ ਨਿਊਜ਼**, ਪੰਦਰਵੀਂ ਪੰਜਾਬ ਵਿਧਾਨ ਸਭਾ ਦੇ 43 ਫੀਸਦੀ ਵਿਧਾਇਕ ਪਹਿਲੀ ਵਾਰ ਵਿਧਾਨ ਸਭਾ ਵਿੱਚ ਆਏ ਹਨ। ਅਗਲੇ ਇਜਲਾਸ ਤੋਂ ਪਹਿਲਾਂ ਉਨ੍ਹਾਂ ਨੂੰ ਵਿਧਾਨ ਸਭਾ ਦੇ ਨਿਯਮਾਂ ਅਤੇ ਕੰਮਕਾਜ ਦੀ ਮੁੱਢਲੀ ਜਾਣਕਾਰੀ ਦੇਣ ਲਈ ਦੋ ਦਿਨਾਂ ਵਰਕਸ਼ਾਪ ਲਾਉਣ ਦੀ ਤਿਆਰੀ ਹੈ। ਸੰਸਦੀ ਮਾਮਲਿਆਂ ਬਾਰੇ ਵਿਭਾਗ ਅਤੇ ਵਿਧਾਨ ਸਭਾ ਸਕੱਤਰੇਤ ਨੇ ਚੰਡੀਗੜ੍ਹ ਦੇ ਸੈਕਟਰ 26 ਸਥਿਤ ਮਹਾਤਮਾ ਗਾਂਧੀ ਸਟੇਟ ਇਸਟੀਚਿਊਟ ਆਫ ਐਡਮਨਿਸਟਰੇਸ਼ਨ ਵਿੱਚ 20 ਨਵੰਬਰ ਤੋਂ ਦੋ ਰੋਜ਼ਾ ਵਰਕਸ਼ਾਪ ਦਾ ਪ੍ਰਬੰਧ ਕੀਤਾ ਹੈ। ਵਰਕਸ਼ਾਪ ਦਾ ਉਦਘਾਟਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੀਤੇ ਜਾਣ ਦੀ ਉਮੀਦ ਹੈ। ਵਰਕਸ਼ਾਪ ਵਿੱਚ ਵਿਧਾਇਕਾਂ ਨੂੰ ਵਿਧਾਨ ਸਭਾ ਦੇ ਸਦਨ ਵਿੱਚ ਉਨ੍ਹਾਂ ਦੇ ਅਧਿਕਾਰ ਤੇ ਜ਼ਿੰਮੇਵਾਰੀਆਂ ਦੀ ਜਾਣਕਾਰੀ ਦਿੱਤੀ ਜਾਵੇਗੀ। ਇਸ ਦਾ ਮੁੱਖ ਮੰਤਵ ਸਦਨ ਵਿੱਚ ਵਿਹਾਰ ਅਤੇ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਬਾਰੇ ਜਾਗਰੂਕ ਕਰਨਾ ਹੈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਨੇ ਕਿਹਾ ਕਿ ਸਦਨ ਵਿੱਚ ਵੱਡੀ ਗਿਣਤੀ ਵਿਧਾਇਕ ਨਵੇਂ ਹੋਣ ਕਰਕੇ ਉਹ ਸਦਨ ਦੇ ਨਿਯਮਾਂ ਤੋਂ ਅਣਜਾਣ ਹਨ। ਉਂਜ ਇਸ ਤੋਂ ਪਹਿਲਾਂ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਰਾਜ ਨਾਲ ਸਬੰਧਤ ਵਿਧਾਇਕਾਂ ਦੀ ਦੋ ਰੋਜ਼ਾ ਵਰਕਸ਼ਾਪ ਲਾ ਚੁੱਕੇ ਹਨ। ਵਿਰੋਧੀ ਧਿਰ ਦੇ ਆਗੂ ਅਭੈ ਚੌਟਾਲਾ, ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਅਤੇ ਕੁਝ ਸੀਨੀਅਰ ਵਿਧਾਇਕਾਂ ਨੂੰ ਇਸ ਵਰਕਸ਼ਾਪ ਵਿੱਚ ਭਾਸ਼ਣ ਦੇਣ ਲਈ ਸੱਦਿਆ ਗਿਆ ਸੀ। ਯਾਦ ਰਹੇ ਕਿ ਕਾਫੀ ਵਿਧਾਇਕ ਨਵੇਂ ਹੋਣ ਕਰਕੇ ਨਿਯਮਾਂ ਤੋਂ ਜਾਣੂ ਨਹੀਂ ਹਨ ਤੇ ਇਸ ਕਰਕੇ ਉਹ ਪਿਛਲੇ ਬਜਟ ਸੈਸ਼ਨ ਵਿੱਚ ਵਾਕਆਊਟ ਕਰਦੇ ਸਮੇਂ ਸਰਕਾਰੀ ਧਿਰ ਦੇ ਬੈਂਚਾਂ ਵਲ ਨੂੰ ਵਧ ਜਾਂਦੇ ਸਨ। ਪਹਿਲੀ ਵਾਰ ਬਣੇ 50 ਵਿਧਾਇਕਾਂ ਵਿੱਚੋਂ ਕਾਂਗਰਸ ਦੇ 25, ਆਮ ਆਦਮੀ ਪਾਰਟੀ ਦੇ 19 ਤੇ ਅਕਾਲੀ-ਭਾਜਪਾ ਦੇ ਛੇ ਹਨ।

## ਮੁਹੰਮਦ ਸਦੀਕ ਕਾਰ ਹਾਦਸੇ 'ਚ ਜ਼ਖ਼ਮੀ

**ਜੈਤੋ/ਬਿਊਰੋ ਨਿਊਜ਼:** ਸਾਬਕਾ ਕਾਂਗਰਸੀ ਵਿਧਾਇਕ ਮੁਹੰਮਦ ਸਦੀਕ ਦੀ ਗੱਡੀ ਮੰਗਲਵਾਰ ਹਾਦਸੇ ਦਾ ਸ਼ਿਕਾਰ ਹੋ ਗਈ। ਉਨ੍ਹਾਂ ਨੂੰ ਲੁਧਿਆਣਾ ਦੇ ਇੱਕ ਨਿੱਜੀ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਉਨ੍ਹਾਂ ਦੇ ਡਰਾਈਵਰ ਅਤੇ ਅੰਗ ਰੱਖਿਅਕ ਵੀ ਜ਼ਖ਼ਮੀ ਹੋਏ ਹਨ, ਜਦਕਿ ਗੱਡੀ ਵੀ ਕਾਫ਼ੀ ਨੁਕਸਾਨੀ ਗਈ ਹੈ। ਸ੍ਰੀ ਸਦੀਕ ਸਵੇਰ ਤੋਂ ਹੀ ਪਿੰਡਾਂ ਦੇ ਦੌਰਿਆਂ 'ਤੇ ਸਨ। ਉਹ ਪਿੰਡ ਡੇਲਿਆਂ ਵਾਲੀ ਤੋਂ ਭਗਤੂਆਣਾ ਜਾ ਰਹੇ ਸਨ ਕਿ ਪਿੰਡ ਚੈਨਾ ਦੀ ਫਿਰਨੀ ਵਾਲੀ ਸੜਕ 'ਤੇ ਅਚਾਨਕ ਡਰਾਈਵਰ ਵਾਲੀ ਸਾਈਡ ਦਾ ਅਗਲਾ ਟਾਇਰ ਫਟ ਗਿਆ।



ਸੰਤੁਲਨ ਵਿਗੜਨ ਕਾਰਨ ਗੱਡੀ ਸੱਜੇ ਹੱਥ ਸੜਕ ਕਿਨਾਰੇ ਕੰਧ ਨਾਲ ਟਕਰਾ ਗਈ। ਇਹ ਟੱਕਰ ਇੰਨੀ ਜਬਰਦਸਤ ਸੀ ਕਿ ਗੱਡੀ ਦੇ ਏਅਰ ਬੈਗ ਖੁੱਲ੍ਹ ਗਏ ਅਤੇ ਇਸ ਦਾ ਅਗਲਾ ਹਿੱਸਾ ਚਕਨਾਚੂਰ ਹੋ ਗਿਆ। ਹਾਦਸੇ ਸਮੇਂ ਮੁਹੰਮਦ ਸਦੀਕ ਪਿਛਲੀ ਸੀਟ 'ਤੇ ਬੈਠੇ ਸਨ ਜਦਕਿ ਅਗਲੀਆਂ ਸੀਟਾਂ 'ਤੇ ਡਰਾਈਵਰ ਅਤੇ ਉਨ੍ਹਾਂ ਦਾ ਗੰਨਮੈਨ ਸੀ। ਮੁਹੰਮਦ ਸਦੀਕ ਦੇ ਜਵਾਈ ਸੂਰਜ ਭਾਰਦਵਾਜ ਨੇ ਫੋਨ 'ਤੇ ਦੱਸਿਆ ਕਿ ਡਾਕਟਰਾਂ ਵੱਲੋਂ ਮੁੱਢਲੀ ਜਾਂਚ ਵਿੱਚ ਸ੍ਰੀ ਸਦੀਕ ਦੇ ਜਬਾੜੇ ਦੀ ਹੱਡੀ ਮਾਮੂਲੀ ਟੁੱਟਣ ਦੀ ਸੂਚਨਾ ਹੈ। ਉਨ੍ਹਾਂ ਦੇ ਕੁਝ ਅੰਗਾਂ 'ਤੇ ਸੋਜ਼ ਆਉਣ ਦੀ ਵੀ ਸੂਚਨਾ ਹੈ।

# ਹਰਿਆਣਾ ਦੀ ਗੁਰਪ੍ਰੀਤ ਕੌਰ ਬਣੀ ਮਿਸ ਵਰਲਡ ਪੰਜਾਬਣ

**ਟੋਰਾਂਟੋ/ਬਿਊਰੋ ਨਿਊਜ਼**, ਕੈਨੇਡਾ 'ਚ ਪਹਿਲੀ ਵਾਰ ਹੋਏ 13ਵੇਂ ਮਿਸ ਵਰਲਡ ਪੰਜਾਬਣ ਮੁਕਾਬਲੇ ਵਿੱਚ ਹਰਿਆਣਾ ਦੀ ਗੁਰਪ੍ਰੀਤ ਕੌਰ ਨੇ ਪਹਿਲੇ ਸਥਾਨ 'ਤੇ ਰਹਿ ਕੇ ਖ਼ਿਤਾਬ ਆਪਣੇ ਨਾਂ ਕੀਤਾ। ਦਿੱਲੀ ਦੀ ਸਿਮਰਨ ਬੰਮਰਾ ਫਸਟ ਰਨਰ ਅੱਪ ਅਤੇ ਵਿਨੀਪੈੱਗ (ਕੈਨੇਡਾ) ਦੀ ਸੁਖਦੀਪ ਕੌਰ ਸੈਕਿੰਡ ਰਨਰ ਅੱਪ ਰਹੀ। ਇਸ ਮੁਕਾਬਲੇ ਵਿੱਚ ਭਾਰਤੀ ਪੰਜਾਬ, ਆਸਟਰੇਲੀਆ, ਜਰਮਨੀ, ਇੰਗਲੈਂਡ, ਅਮਰੀਕਾ ਤੋਂ ਇਲਾਵਾ ਕੈਨੇਡਾ ਦੇ ਕਈ ਸ਼ਹਿਰਾਂ ਤੋਂ ਕੁੱਲ 13 ਮੁਟਿਆਰਾਂ ਨੇ ਭਾਗ ਲਿਆ ਜਿਨ੍ਹਾਂ ਗਿੱਧਾ, ਹਾਊਸ ਹੋਲਡ, ਵਿਰਾਸਤ, ਬੋਲ-ਬਾਣੀ ਤੇ ਹੋਰਨਾਂ ਪਹਿਲੂਆਂ ਦੇ ਚਾਰ ਗੇੜਾਂ ਵਿੱਚ ਹਿੱਸਾ ਲਿਆ। 'ਸੱਭਿਆਚਾਰਕ ਸੱਥ ਪੰਜਾਬ' ਦੇ ਮੋਢੀ ਜਸਮੇਰ ਸਿੰਘ ਢੱਟ ਦੀ ਅਗਵਾਈ 'ਚ ਸਾਲ 1993 ਤੋਂ ਹੁੰਦੇ ਆ ਰਹੇ ਇਨ੍ਹਾਂ ਮੁਕਾਬਲਿਆਂ ਨੂੰ ਲੋਕਾਂ ਵੱਲੋਂ ਚੰਗਾ ਹੁੰਗਾਰਾ ਮਿਲਿਆ ਹੈ। ਐਤਕੀ ਪਹਿਲੀ ਵਾਰ ਇਹ ਮੁਕਾਬਲਾ ਪੰਜਾਬ ਤੋਂ ਬਾਹਰ 'ਵਤਨੋਂ ਦੂਰ ਟੀਵੀ ਨੈੱਟਵਰਕ' ਦੇ ਸੰਚਾਲਕ ਸੁੱਖੀ ਨਿੱਜਰ ਦੇ ਸਹਿਯੋਗ ਨਾਲ ਟੋਰਾਂਟੋ 'ਚ ਕਰਾਇਆ ਗਿਆ। ਸਮਾਗਮ ਦੇ ਬੁਲਾਰੇ ਗੁਰਮਿੰਦਰ ਆਹਲੂਵਾਲੀਆ ਨੇ ਦੱਸਿਆ ਕਿ ਲੁਧਿਆਣਾ ਦੇ ਪ੍ਰਸਿੱਧ ਵਪਾਰੀ ਸੋਨੂੰ ਨੀਲੀਬਾਰ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਮੁਟਿਆਰਾਂ ਦੀਆਂ ਪੁਸ਼ਾਕਾਂ ਤਿਆਰ ਕੀਤੀਆਂ ਸਨ। ਸਟੇਜ ਸੰਚਾਲਨ ਨਿਰਮਲ ਜੌੜਾ ਅਤੇ ਰਮਨਜੀਤ ਭੱਟੀ ਨੇ ਕੀਤਾ। ਗਾਇਕਾ ਅਮਰ ਨੂਰੀ, ਫਿਲਮ ਨਿਰਦੇਸ਼ਕ ਗੁਰਬੀਰ ਗਰੇਵਾਲ ਅਤੇ ਪਾਕਿਸਤਾਨੀ ਗਾਇਕਾ ਫਰਵਾ ਖਾਨ ਨੇ ਜੱਜਾਂ ਦੀ ਭੂਮਿਕਾ ਨਿਭਾਈ। ਇਸ ਮੌਕੇ ਗਾਇਕ ਦਿਲਜਾਨ ਅਤੇ ਮੰਡੇਰ ਭਰਾਵਾਂ ਨੇ ਮਨੋਰੰਜਨ ਕੀਤਾ।



# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਲੋਂ ਯੂਬਾ ਸਿਟੀ ਦੇ ਨਗਰ ਕੀਰਤਨ ਮੌਕੇ ਕੀਤੀ ਕਾਨਫਰੰਸ ਦੀ ਕਾਮਯਾਬੀ 'ਚ ਬੀਬੀ ਗੁਰਦੀਪ ਕੌਰ ਆਲੋਅਰਖ ਦਾ ਵਿਸ਼ੇਸ਼ ਯੋਗਦਾਨ

**ਸ਼ਿਕਾਗੋ/ਬਿਊਰੋ ਨਿਊਜ਼** : ਕੈਲੇਫੋਰਨੀਆ ਸਟੇਟ ਵਿੱਚ ਮਿੰਨੀ ਪੰਜਾਬ ਵਜੋਂ ਜਾਣੇ ਜਾਂਦੇ ਯੂਬਾ ਸਿਟੀ ਸ਼ਹਿਰ ਵਿੱਚ ਹਰ ਸਾਲ ਦੀ ਤਰਾਂ ਇਸ ਵਾਰ ਵੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁੱਰਤਾ ਗੁਰਗੱਦੀ ਨੂੰ ਸਮਰਪਤ ਨਗਰ ਕੀਰਤਨ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਲੋਂ 4 ਨਵੰਬਰ ਨੂੰ ਖਾਲਿਸਤਾਨੀ ਕਾਨਫਰੰਸ ਕੀਤੀ ਗਈ। ਉਸ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ ਨੂੰ ਯਕੀਨੀ ਬੁਨਾਉਣ ਲਈ ਬੀਬੀ ਗੁਰਦੀਪ ਕੌਰ ਆਲੋਅਰਖ ਨੇ ਬਹੁਤ ਮਿਹਨਤ ਕੀਤੀ ਤੇ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਿਆ ਹੈ । ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਉਨਾਂ ਦੀ ਕਾਰਗੁਜਾਰੀ ਤੇ ਖੁਸ਼ੀ ਦਾ ਇਜਹਾਰ ਕੀਤਾ। ਪਾਰਟੀ ਦੇ ਕਨਵੀਨਰ ਬੂਟਾ ਸਿੰਘ ਖੜੌਦ,ਪਰਧਾਨ ਸੁਰਜੀਤ ਸਿੰਘ ਕੁਲਾਰ, ਰੁਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ, ਸਰਬਜੀਤ ਸਿੰਘ , ਲਖਵੀਰ ਸਿੰਘ ਕੰਗ, ਜੋਗਾ ਸਿੰਘ,ਦਲਬੀਰ ਸਿੰਘ,ਤਰਸੇਮ ਸਿੰਘ,ਅਮਨਦੀਪ ਸਿੰਘ ਅਮਰਜੀਤ ਸਿੰਘ ਨੇ ਬੀਬੀ ਗੁਰਦੀਪ ਕੌਰ ਆਲੋਅਰਖ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਵਰਨਣਯੋਗ ਹੈ ਕਿ ਬੀਬੀ ਆਲੋਅਰਖ ਨੇ ਆਪਣੇ ਪੂਰੇ ਪਰਿਵਾਰ ਨੂੰ ਨਾਲ ਲੈ ਕੇ ਇਸ ਕਾਨਫਰੰਸ ਨੂੰ ਕਾਮਯਾਬ ਕੀਤਾ ਬੀਬੀ ਆਲੋਅਰਖ ਹਮੇਸ਼ਾਂ ਪੰਥਕ ਗਤੀਵਿਧੀਆਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹਿੰਦੇ ਹਨ ।



# ਅਪਣੇ ਸਮਿਆਂ ਦੇ ਸ਼ਾਨਦਾਰ ਕ੍ਰਿਕਟਰ ਮਿਲਖਾ ਸਿੰਘ ਦਾ ਸਦੀਵੀ ਵਿਛੋੜਾ

**ਚੇਨਈ/ਬਿਊਰੋ ਨਿਊਜ਼:** ਭਾਰਤ ਦੇ ਸਾਬਕਾ ਟੈਸਟ ਕ੍ਰਿਕਟਰ ਏ.ਜੀ. ਮਿਲਖਾ ਸਿੰਘ ਦਾ ਇੱਥੇ ਹਸਪਤਾਲ 'ਚ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਪਰਿਵਾਰਕ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਉਹ 75 ਸਾਲਾਂ ਦੇ ਸਨ ਤੇ ਉਨ੍ਹਾਂ ਦੇ ਪਰਿਵਾਰ 'ਚ ਪਤਨੀ, ਇਕ ਪੁੱਤ ਤੇ ਧੀ ਹਨ।

ਮਿਲਖਾ ਸਿੰਘ ਨੇ ਸੱਠ ਦੇ ਦਹਾਕੇ ਦੀ ਸ਼ੁਰੂਆਤ 'ਚ ਭਾਰਤ ਵੱਲੋਂ ਚਾਰ ਟੈਸਟ ਮੈਚ ਖੇਡੇ ਸਨ। ਉਨ੍ਹਾਂ ਦੇ ਵੱਡੇ ਭਰਾ ਏ.ਜੀ. ਕ੍ਰਿਪਾਲ ਸਿੰਘ ਨੇ ਦੇਸ਼ ਵੱਲੋਂ 14 ਟੈਸਟ ਮੈਚ ਖੇਡੇ ਸਨ। ਇੰਗਲੈਂਡ ਖ਼ਿਲਾਫ਼ 1961-62 'ਚ ਹੋਏ ਇੱਕ ਟੈਸਟ ਮੈਚ 'ਚ ਇਹ ਦੋਵੇਂ ਭਰਾ ਇਕੱਠੇ ਖੇਡੇ ਸਨ। ਖੱਬੇ ਹੱਥ ਦੇ ਹਮਲਾਵਰ ਬੱਲੇਬਾਜ਼ ਤੇ ਸ਼ਾਨਦਾਰ ਫੀਲਡਰ ਮਿਲਖਾ ਸਿੰਘ ਨੇ 17 ਸਾਲ



ਦੀ ਉਮਰ 'ਚ ਰਣਜੀ ਟਰਾਫੀ ਖੇਡਣੀ ਸ਼ੁਰੂ ਕੀਤੀ ਸੀ ਤੇ ਉਨ੍ਹਾਂ ਆਪਣੇ 18ਵੇਂ ਜਨਮਦਿਨ ਤੋਂ ਤੁਰੰਤ ਬਾਅਦ ਆਪਣਾ ਪਹਿਲਾ ਟੈਸਟ ਮੈਚ ਖੇਡਿਆ ਸੀ। ਮਦਰਾਸ (ਹੁਣ ਤਾਮਿਲ ਨਾਡੂ) ਵੱਲੋਂ ਰਣਜੀ ਟਰਾਫੀ 'ਚ ਉਸ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ। ਉਨ੍ਹਾਂ ਪਹਿਲੀ ਸ਼੍ਰੇਣੀ ਕ੍ਰਿਕਟ ਮੈਚਾਂ 'ਚ 4324 ਦੌੜਾਂ ਬਣਾਈਆਂ ਜਿਸ 'ਚ ਅੱਠ ਸੈਂਕੜੇ ਸ਼ਾਮਲ ਹਨ। ਉਹ ਭਾਰਤੀ ਸਟੇਟ ਬੈਂਕ 'ਚ ਨੌਕਰੀ ਕਰਦੇ ਸਨ। ਉਨ੍ਹਾਂ ਦੇ ਦੇਹਾਂਤ 'ਤੇ ਸਾਬਕਾ ਭਾਰਤੀ ਕਪਤਾਨ ਬਿਸ਼ਨ ਸਿੰਘ ਬੇਦੀ ਨੇ ਦੁਖ ਜ਼ਾਹਰ ਕੀਤਾ ਹੈ। ਉਨ੍ਹਾਂ ਟਵੀਟ ਕੀਤਾ, 'ਆਪਣੇ ਜ਼ਮਾਨੇ ਦੇ ਸਭ ਤੋਂ ਹਮਲਾਵਰ ਖੱਬੇ ਹੱਥ ਦੇ ਬੱਲੇਬਾਜ਼ ਏਜੀ ਮਿਲਖਾ ਸਿੰਘ ਨਹੀਂ ਰਹੇ। ਸ਼ਰਧਾਂਜਲੀ'।

# Sir Speedy Tustin
Printers to the Community

**Outdoor 3'x11' Promo Flag**
Only $29/-
Pole & Spike $55/-

**Outdoor 3'x6' Durable Banner**
All weather, durable to sunlight, rain and wear & tear. Text only.
Only $69/-

**Receipt Books**
Customized with your information and design. 2 part carbonless with numbering and perforation.
Call for Price

**Retractable 33"x 80" Banner**
Includes stand and carry bag. Hi-res imaging, durable and Brilliant colors!
Only $225/-

**All Weather 18"x24" Yard Signs**
Includes H-stakes. Single sided, durable to sunlight and rain. Reusable!
$49/- for 4

**11" Printed Balloons**
Printed with your logo and info. One color, one location. Min. qty 1000
19¢ each

**Your Printed T-Shirts**
White T-Shirts, 1 color screen printing in 1 position. Min Qty. 100
Only $4.99

**Your Printed Caps**
1 color in 1 position. Min Qty. 100
Only $4.99

**Trip Envelopes** Qty 1000
Only $199/-

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।**



**ਰਜਿੰਦਰ ਕੌਰ**
ਫ਼ੋਨ: 98889-02339, 84271-12339

(ਭਾਗ- 26)

### ਚਾਹ ਬਣਾਵਾਂ

ਚੰਡੀਗੜ੍ਹ ਆ ਮੈਸ ਰਖ ਲੈਂਦੇ ਹਾਂ ਅਸੀਂ - ਦੁੱਧ - ਬਾਧ ਲਈ - ਇੱਥੇ ਕੋਲ ਹੀ ਪੈਂਦੇ 'ਬਜਵਾੜੇ' ਪਿੰਡ ਵਿਚ - ਇਕ ਕੋਠਾ ਕਿਰਾਏ ਤੇ ਲੈ ਕੇ ਤੇ ਨਾਲ ਹੀ ਇਕ ਖੇਤ 'ਬਰਸੀਣ' ਦਾ ਵੀ ਪਿੰਡ ਦੇ ਨਾਲ ਲਗਦੇ ਖੇਤਾਂ 'ਚ - ਖੇਤਾਂ ਵਿਚੋਂ ਤਾਂ (ਸ਼ੁਰੂ ਸ਼ੁਰੂ ਵਿਚ ਸ਼ਿਮਲੇ ਤੋਂ ਆ) ਅਸੀਂ ਸਾਗ ਵੀ ਤੋੜ ਲਿਆਉਂਦੀਆਂ ਹਾਂ, ਬੀਜੀ ਤੇ ਮੈਂ - ਨਿੱਕੀਆਂ ਨਿੱਕੀਆਂ ਕਣਕਾਂ 'ਚੋਂ ਨਿੱਕਾ ਨਿੱਕਾ ਪੱਤਾ - ਸ਼ਰ੍ਹੋਂ ਦਾ ਤੋੜ ਕੇ - ਦੋ ਆਨੇ ਸੇਰ ਦੇ ਹਿਸਾਬ ਨਾਲ - ਕਹਿਣ ਨੂੰ ਸੇਰ - ਉਹ ਕਿਹੜਾ ਤੋਲ ਕੇ ਦਿੰਦੇ ਹਨ, ਸਾਨੂੰ - ਜਿੰਨਾ ਮਰਜ਼ੀ ਤੋੜ ਲਓ ਅੰਦਾਜ਼ੇ ਨਾਲ ਤੇ ਨਾਲ ਬਾਥੂ ਪਿਆਜ਼ੀ ਵਾਧੂ ਦਾ...

ਬਜਵਾੜੇ ਪਿੰਡ ਵਿਚ ਸਾਡੇ ਪਿੰਡ ਦੇ ਬੁੱਧੂ ਤਖਾਣ ਦੀ ਧੀ 'ਕਰਤਾਰੀ' ਵੀ ਰਹਿੰਦੀ ਹੈ - ਜਿਨ੍ਹਾਂ ਸਾਨੂੰ ਇੱਥੇ ਇਹ ਮੈਸ ਜੋਗਾ ਓਹੜ-ਪੋਹੜ ਕਰਵਾ ਕੇ ਦਿੱਤਾ ਹੈ -

ਇਕ ਦਿਨ ਭਾਪਾ ਜੀ ਪਿੰਡ ਤੋਂ ਹੋ ਕੇ ਆਉਂਦੇ ਹਨ ਤੇ ਚਲੇ ਜਾਂਦੇ ਹਨ - ਕਰਤਾਰੀ ਦੇ ਘਰ - 'ਪਿਓਕਿਆਂ' ਦੀ ਸੁੱਖ-ਸਾਂਦ ਦੇਣ ਲਈ - ਨਾਲ ਮੋਹਣ ਵੀ ਹੈ-

ਚਾਈਂ ਚਾਈਂ ਕਰਤਾਰੀ ਸੁਖ -ਸਾਂਦ ਪੁੱਛ, ਚਾਹ ਪਾਣੀ ਪਿਆਉਂਦੀ ਹੈ - ਮੋਹਣ ਨੂੰ ਤਾਂ ਇਹ ਉਚੇਚ ਕਰਕੇ ਪਿਲਾਈ ਚਾਹ - ਖਾਤਰ ਸੇਵਾ ਬਹੁਤ ਹੀ ਚੰਗੀ ਲਗਦੀ ਹੈ -

ਹੁਣ ਇਕ ਦਿਨ ਮੋਹਣ ਸੋਹਣ ਦੋਵੇਂ ਜਾਂਦੇ ਹਨ ਬਜਵਾੜੇ ਮੈਸ ਨੂੰ -ਕੱਖ ਕੰਡਾ ਪਾਉਣ। "ਚਲ ਅੱਜ ਤੈਨੂੰ ਚਾਹ ਪਿਲਾ ਕੇ ਲਿਆਵਾਂ।" ਮੋਹਣ, ਸੋਹਣ ਨੂੰ ਸੁਲਾਹ ਮਾਰਦਾ ਹੈ - ਜਾ ਧਮਕਦੇ ਹਨ, ਕਰਤਾਰੀ ਦੇ ਘਰ।

"ਆਓ - ਭਾਈ 'ਬੂਜੇ' ਕਿਵੇਂ ਆਏ ?" ਕਰਤਾਰੀ। "ਅਸੀਂ ਤਾਂ ਬਸ ਉਈਂ ਆ ਗਏ ਕਿ ਮਿਲ ਆਈਏ।"

"ਬਾਈ ਨੀ ਆਇਆ ਅੱਜ।"

"ਨਹੀਂ - ਬਸ ਅਸੀਂ ਹੀ ਆਏ ਸੀ ਐਧਰ ਕੱਖ ਕੰਡਾ ਪਾਉਣ" - ਦੋਵੇਂ ਮੰਜੀ ਤੇ ਬੈਠ ਜਾਂਦੇ ਹਨ - ਆਪ ਹੀ - ਸ਼ਰਮੋ-ਸ਼ਰਮੀ।

ਹੁਣ ਕੀ ਤਾਂ ਪੁੱਛੇ ਕਰਤਾਰੀ ਇਨ੍ਹਾਂ ਨੂੰ ਤੇ ਕੀ ਜੁਆਬ ਦੇਣ ਇਹ ?

"ਭਾਈ ਬੂਜੇ ! ਚਾਹ ਬਣਾਵਾਂ....." -ਕਰਤਾਰੀ।

"ਨਹੀਂ, ਨਹੀਂ - ਚਾਹ ਤਾਂ ਅਸੀਂ ਪੀਕੇ ਆਏ ਹਾਂ।" ਸੰਗੋ-ਸੰਗੀ ਨਾਲੇ ਇਕ ਦੂਜੇ ਦਾ ਮੂੰਹ ਦੇਖਦੇ ਹਨ, ਨਾਲੇ ਨਾਂਹ ਨਾਂਹ ਕਰੀ ਜਾਂਦੇ ਹਨ-

ਥੋੜੀ ਦੇਰ ਬਾਅਦ ਕਰਤਾਰੀ ਚੁਲ੍ਹੇ 'ਚ ਅੱਗ ਮਚਾ ਕੇ ਪਾਣੀ ਧਰ ਦਿੰਦੀ ਹੈ। ਪਤੀਲੇ ਵਿਚ -

ਪੰਜ ਮਿੰਟ - ਦਸ ਮਿੰਟ, ਸਮਾਂ ਤਾਂ ਦੈਂਤ ਵਾਂਗ ਵਧੀ ਜਾ ਰਿਹਾ ਹੈ ਪਰ ਚਾਹ- ਹੁਣ ਦੋਵੇਂ ਅੰਦਰੋਂ ਅੰਦਰੀ ਕਾਹਲੇ ਪੈ ਰਹੇ ਹਨ - ਚਾਹ ਬਣੇ ਤਾਂ ਪੀ ਕੇ ਜਾਣ-

ਕਰਤਾਰੀ ਅੰਦਰ ਬਾਹਰ ਨਿੱਕੇ ਨਿੱਕੇ ਕੰਮ ਕਰਦੀ ਫਿਰਦੀ ਹੈ ਤੇ ਇਹ ਦਾਅ ਲਾ ਲਾ, ਉੱਠ ਉੱਠ, ਪਤੀਲੇ ਵੱਲ ਦੇਖੀ ਜਾਂਦੇ ਹਨ - ਲਲਚਾਈਆਂ ਅੱਖਾਂ ਨਾਲ -

"ਤੁਸੀਂ ਉਂਈਂ ਖੇਚਲ ਕੀਤੀ ਚਾਹ ਦੀ - ਅਸੀਂ ਤਾਂ ਪੀ ਕੇ ਆਏ ਸੀ।" -ਮੋਹਣ।

"ਚਾਹ - ਚਾਹ ਤਾਂ ਭਾਈ ਮੈਂ ਧਰੀ ਈ ਨੀ - ਇਹ ਤਾਂ ਮੈਂ ਸਿਰ ਨਹਾਉਣ ਨੂੰ ਪਾਣੀ ਧਰਿਆ ਹੈ।" ਮੋਹਣ ਹੋਰਾਂ ਨੂੰ ਪਤੀਲੇ ਵੱਲ ਝਾਕਦਿਆਂ ਨੂੰ ਉਹ ਭਾਫ਼ ਲੈਂਦੀ ਹੈ - "ਨਾਲੇ ਤੁਸੀਂ ਮਨ੍ਹਾ ਕਰ ਤਾਂ ਤੀ"-

"ਤਾਂ ਈ ਤਾਂ ਕਹੀਦੇ - ਬਈ ਪਤਾ ਨਹੀਂ ਤੁਸੀਂ ਚਾਹ ਕਿਉਂ ਧਰ ਤੀ, ਅਸੀਂ ਤਾਂ ਪੀ ਕੇ ਆਏ ਸੀ।" - ਮੋਹਣ। ਦੋਵੇਂ ਉੱਠਦੇ ਹਨ।

"ਬਹਿਜੋ ਬਹਿਜੋ, ਮੈਂ ਬਣਾ ਦਿੰਦੀ ਆਂ - ਚਾਹ ਦਾ ਕੀ ਐ ਬਿੰਦ ਕੁ ਲੱਗੂਗਾ।"

"ਨਹੀਂ, ਨਹੀਂ ਹੁਣ ਅਸੀਂ ਚਲਦੇ ਹਾਂ - ਬਰਸੀਣ ਵੀ ਲਿਆਉਣੀ ਹੈ।" ਅਣਮਨੇ ਜੇਹੇ ਨਾਲ, ਦੋਵੇਂ ਸ਼ਰਮਿੰਦਾ ਹੋਏ, ਉੱਠ ਆਉਂਦੇ ਹਨ-

ਛਿੱਥੇ ਛਿੱਥੇ ਦੋਵੇਂ ਇਕ ਦੂਜੇ ਨੂੰ ਦੇਖਦੇ ਹਨ, "ਘਰ ਜਾ ਕੇ ਨਾ ਦਸੀਂ ਬਈ ਅਸੀਂ ਇਨ੍ਹਾਂ ਦੇ ਘਰ ਗਏ ਸਾਂ।" -ਮੋਹਣ, ਸੋਹਣ ਨੂੰ -

"ਨਾ ਚਾਹ ਪਲਾਈ - ਨਾਲੇ ਬੂਜੇ...ਬੂਜੇ, ਪਤਾ ਨਹੀਂ ਕੀ "ਖਰਬੂਜੇ-ਖਰਬੂਜੇ' ਕਹੀ ਜਾਏ ਸਾਨੂੰ।" ਹਰਖਦਾ ਮਾਰਿਆ ਸੋਹਣ ਕਹਿੰਦਾ ਹੈ। ਇਹ 'ਬੂਜੇ' ਕੀ ਹੁੰਦੇ ਹੈ -

"ਪਤਾ ਨਹੀਂ।" - ਮੋਹਣ।

ਫੇਰ ਇਕ ਦਿਨ ਮੋਹਣ ਪੁੱਛ ਹੀ ਲੈਂਦਾ ਹੈ - "ਇਹ 'ਬੂਜੇ' ਕੀ ਹੁੰਦਾ ਹੈ ?"

ਪਿੰਡਾਂ ਵਿਚ ਨਿੱਕੇ ਨਿੱਕੇ ਨਿਆਣਿਆਂ (ਮੁੰਡਿਆਂ) ਨੂੰ ਬੁੜੀਆਂ ਕਹਿ ਦਿੰਦੀਆਂ ਹਨ ਚਾਓ ਚਾਓ ਵਿਚ ਪਰ ਤੈਨੂੰ ਕੀਹਨੇ ਕਿਹਾ ਮੈਂ ਮੋਹਣ ਨੂੰ ਪੁੱਛਦੀ ਹਾਂ -

ਪਤਾ ਨਹੀਂ ਕਿਵੇਂ ਫੇਰ ਉਹ ਨਾ ਕਹਿਣ ਵਾਲੀ ਸਾਰੀ ਗੱਲ ਸੁਣਾ ਦਿੰਦਾ ਹੈ ਮੋਹਣ -

ਹੱਸ ਹੱਸ ਕੇ ਪਾਗਲ ਹੋ ਜਾਂਦੇ ਹਾਂ ਅਸੀਂ - ਬੁੱਧੂਓ, ਤੁਸੀਂ ਸੱਚਮੁੱਚ ਹੀ 'ਬੂਜੇ' ਹੋ - ਤੁਹਾਨੂੰ ਕਿਹਾ ਕੀਹਨੇ ਸੀ ਉਨ੍ਹਾਂ ਦੇ ਘਰ ਜਾਣ ਨੂੰ ਬਿਨਾ ਮਤਲਬ ਦੇ - ਬਿਨਾ ਬੁਲਾਏ - ਤੇ ਫਿਰ ਇਹ ਨਾ ਪੀਤੀ ਜਾਣ ਵਾਲੀ ਚਾਹ ਦੀ ਕਹਾਣੀ ਖ਼ਬਰਨੀ ਕਿੰਨੀ ਕੁ ਵਾਰੀ ਕਹੀ-ਸੁਣੀ ਅਸਾਂ ਸਾਰਿਆਂ ਨੇ ਇਨ੍ਹਾਂ ਬੂਜਿਆਂ ਦੀ ਜ਼ੁਬਾਨੀ-ਤੇ ਅੱਜ ਵੀ-





ਭਾੜੀ (ਪਹਾੜੀ) ਤੋਂ ਰਿੜ੍ਹ ਵੱਟਿਆ

ਚੰਡੀਗੜ੍ਹ ਆ ਕੇ ਵੀ ਅਸੀਂ - ਸਾਰੇ ਵੱਡੇ ਛੋਟੇ, ਆਂਢ-ਗੁਆਂਢ ਸੈਰ ਤੇ ਜਾਂਦੇ ਹਾਂ ਸ਼ਾਮ ਨੂੰ - ਐਨ ਸ਼ਿਮਲੇ ਵਾਂਗ ਹੀ - ਪਰ ਮੈਨੂੰ - ਅਕਸਰ ਘਰ ਹੀ ਰਹਿਣਾ ਪੈਂਦਾ ਹੈ - ਖ਼ਾਸਕਰ ਤਾਇਆ ਜੀ ਕੋਲੋਂ ਅੰਗਰੇਜ਼ੀ ਸਿੱਖਣ ਲਈ -

ਅੱਜ ਤਾਂ ਕੁਝ ਖ਼ਾਸ ਹੀ ਹੋ ਜਾਂਦਾ ਹੈ - ਸਿੰਦਰ ਮੋਹਣ ਜੋ ਆ ਕੇ ਵੱਡੀਆਂ ਵੱਡੀਆਂ ਗੱਲਾਂ ਕਰਦੇ ਹਨ - ਮੇਰੀ ਸਮਝ ਤੋਂ ਬਾਹਰ ਦੀਆਂ-

"ਬੱਲੇ ਬੱਲੇ, 'ਚਾਦਰ' ਤੇ ਕਿਵੇਂ ਬੰਦਾ ਭੱਜਿਆ ਜਾਂਦਾ ਸੀ।"

"ਪਿੱਸੂ ਕਿਵੇਂ ਸੱਚ ਦਾ ਲਗਦਾ ਸੀ ਉਹ ਉਹਦੇ ਪੈਰਾਂ ਤੋਂ ਚੜ੍ਹਦਾ ਚੜ੍ਹਦਾ ਕਪੜਿਆਂ ਵਿਚ ਜਾ ਵੜਿਆ।"

"ਹਲਟ ਕਿਵੇਂ ਸਚ-ਮੁੱਚ ਦਾ ਲਗਦਾ - ਟਿੰਡਾਂ ਚੋਂ ਪਾਣੀ ਗਿਰਦਾ - ਸੱਚੀਓਂ ਲਗਦਾ ਸੀ।"

"ਮੈਨੂੰ ਤਾਂ ਉਹ ਖੂਹ ਕੋਲ ਬੈਠੀ ਗਾਣਾ ਗਾਉਂਦੀ ਸਭ ਤੋਂ ਵੱਧ ਚੰਗੀ ਲਗ ਰਹੀ ਸੀ-"

ਭਾੜੀ (ਪਹਾੜ) ਤੋਂ ਰਿੜ੍ਹ ਵੱਟਿਆ...
ਜੀਹਨੇ ਯਾਰੀ ਨਹੀਂ ਲਾਈ,
ਉਹਨੇ ਦੁਨੀਆਂ 'ਚੋਂ ਕੀ ਖੱਟਿਆ...

ਸਿੰਦਰ ਪਿੱਛੋਂ ਮੋਹਣ, ਮੋਹਣ ਪਿੱਛੋਂ ਸਿੰਦਰ ਹੱਸ ਹੱਸ ਕੇ ਗੱਲਾਂ ਸੁਣਾ ਰਹੇ ਹਨ ਮੈਨੂੰ-

ਮੈਂ ਹੈਰਾਨ, ਭਬੰਤਰੀ ਜਿਹੀ - ਕੁਝ ਵੀ ਤਾਂ ਪੱਲੇ ਨਹੀਂ ਪੈ ਰਿਹਾ ਮੇਰੇ - ਹੁਣ ਤਾਂ ਇਹ ਘਰੋਂ ਗਏ ਹਨ ਤੇ ਹੁਣ ਇਹ ਐਡੀਆਂ ਵੱਡੀਆਂ ਵੱਡੀਆਂ, ਅਜੀਬ ਗੱਲਾਂ ਜਾਦੂਗਿਰੀ ਵਰਗੀਆਂ - ਮੈਂ ਸੋਚੀ ਜਾ ਰਹੀ ਹਾਂ-

"ਨਾ ਚਾਦਰ ਤੇ ਬੰਦਾ ਕਿਉਂ ਭੱਜ ਰਿਹਾ ਸੀ ?"

"ਕੀ ਚਾਦਰ ਸੜਕ ਤੇ ਵਿਛਾਈ ਹੋਈ ਸੀ ?

"ਨਹੀਂ, ਚਾਦਰ ਤਾ ਖੜ੍ਹੇ ਰੁੱਖ ਦੀ ਸੀ।"

"ਖੜ੍ਹੇ ਰੁੱਖ ਦੀ ਚਾਦਰ ਤੋਂ ਬੰਦਾ ਭੱਜ ਹੀ ਨਹੀਂ ਸਕਦਾ - ਤੁਸੀਂ ਝੂਠ ਬੋਲ ਰਹੇ ਹੋ।"

"ਇਹ ਸਭ ਕੁਝ ਚਾਦਰ ਤੇ ਹੀ ਹੋ ਰਿਹਾ ਸੀ - ਤੂੰ ਮੋਹਣ ਨੂੰ ਪੁੱਛ ਲੈ।"- ਸੁਰਿੰਦਰ। "ਮੈਂ ਸੱਚ ਕਹਿ ਰਹੀ ਹਾਂ।"

ਪਹਿਲਾਂ ਤੇ ਲੱਗੇ ਉਹ ਮੇਰਾ ਮੌਜੂ ਬਣਾ ਰਹੇ ਹਨ - ਪਰ ਸੁਰਿੰਦਰ ਤਾਂ ਝੂਠ ਨਹੀਂ ਬੋਲ ਸਕਦੀ - ਸ਼ਾਇਦ ਹੋਰ ਭੰਬਲ-ਭੂਸੇ ਵਿਚ ਪਾਈ ਰਹਿੰਦੇ ਜੇ ਉਹ ਨਾ ਦਸਦੇ ਕਿ ਉਨ੍ਹਾਂ ਨੇ ਚਲਦਾ ਫਿਰਦਾ ਸਿਨੇਮਾ ਦੇਖਿਆ ਹੈ - ਬਜ਼ਾਰ ਵਿਚ ਮਾਰਕਿਟ ਤੇ ਮੂਹਰੇ-

ਪਰ ਮੈਨੂੰ ਅਜੇ ਤੱਕ ਕੁਝ ਸਮਝ ਨਹੀਂ ਆਉਂਦੀ ਹ 'ਸਿਨਮਾ' ਕੀ ਹੁੰਦਾ ਹੈ ਸਾਨੂੰ ਤਾਂ ਰਤਾ ਵੀ ਜਾਣਕਾਰੀ ਨਹੀਂ ਹੈ ਪਰ ਮੈਂ ਆਪਣੇ ਸੈਰ ਨਾ ਕਰਨ ਜਾਣ 'ਤੇ ਅੰਤਾਂ ਦੀ ਪਛਤਾ ਰਹੀ ਹਾਂ - ਜਿਵੇਂ ਅੱਜ ਮੇਰਾ ਬਹੁਤ ਕੁਝ ਗੁਆਚ ਗਿਆ ਹੋਵੇ- ਕੋਈ ਅਮੁੱਲ ਖਜ਼ਾਨਾ-

ਦਿਨ ਲੰਘਦੇ ਜਾਂਦੇ ਹਨ - ਇਕ ਦਿਨ ਫੇਰ, ਸਾਡੇ ਘਰਾਂ ਵਿਚਕਾਰ ਬਣੀ ਗਰਾਉਂਡ ਵਿਚ ਪਬਲਿਕ-ਰੀਲੇਸ਼ਨ ਵਾਲੇ ਆਉਂਦੇ ਹਨ - ਇਸੇ ਤਰ੍ਹਾਂ ਚਲਦਾ ਫਿਰਦਾ ਸਿਨਮਾ ਦਿਖਾਉਂਦੇ ਹਨ - ਨਿੱਕਾ ਜਿਹਾ ਪ੍ਰੋਜੈਕਟਰ ਲਾਕੇ। ਰੀਲਾਂ ਘੁੰਮਦੀਆਂ ਦੇਖਦੇ ਹਾਂ ਅਸੀਂ - ਹੱਥ ਹਿਲਾ ਹਿਲਾ ਆਪਣੇ ਪਰਛਾਵੇਂ ਪਾਉਂਦੇ ਹਾਂ ਉਸ ਖੜੀ ਚਾਦਰ 'ਤੇ - ਜੋ ਮੁਲੋਂ ਹੀ ਅੱਜ ਤੋਂ ਪਹਿਲਾਂ ਇਕ ਭੇਤ ਭਰੀ ਕਹਾਣੀ ਬਣੀ ਹੋਈ ਸੀ - ਮੇਰੇ ਜ਼ਿਹਨ ਵਿਚ-

ਨਵੇਂ ਅਨੁਭਵ, ਰੁਮਾਂਚਿਕ ਨਿਰੇ - ਖੀਵੇ ਖੀਵੇ ਹੁੰਦੇ ਹਾਂ ਅਸੀਂ - ਦੇਖ ਦੇਖ - ਖ਼ਬਰਾਂ - ਬੀਮਾਰੀਆਂ ਤੋਂ ਬਚਣ ਦੇ ਉਪਾਅ - ਸਫ਼ਾਈ ਤੇ ਹੋਰ ਗਾਉਣ ਬਜਾਉਣ ਤੇ ਨੱਚਣ ਟੱਪਣ ਦੀਆਂ ਰੀਲਾਂ - ਨਕਲ ਨੂੰ ਅਸਲ ਬਣਾਉਂਦੀਆਂ - ਕੁਝ ਵੀ ਤਾਂ ਅੰਤਰ ਨਹੀਂ ਹੈ ਇਨ੍ਹਾਂ ਤੇ ਜੀਉਂਦੇ ਜਾਗਦਿਆਂ ਬੰਦਿਆਂ ਵਿਚ - ਅੱਖਾਂ ਖੁਲ੍ਹੀਆਂ ਦੀਆਂ ਖੁਲ੍ਹੀਆਂ ਹੀ ਰਹਿ ਜਾਂਦੀਆਂ ਹਨ - ਤੇ ਇਕ ਜਗਿਆਸਾ ਜਿਹੀ ਜਾਗ ਜਾਂਦੀ ਹੈ ਸਾਡੇ ਬਾਲ-ਮਨਾਂ ਵਿਚ - ਇਸ 'ਚਲ-ਚਿੱਤਰ' ਬਾਰੇ।

ਸਾਨੂੰ ਤਾਂ ਐਨਾ ਪਤਾ ਹੈ ਇਸ ਤੋਂ ਪਹਿਲਾਂ ਕਦੀ ਸ਼ਿਮਲੇ ਜਦ ਬੀਜੀ ਭਾਪਾ ਜੀ ਵਰ੍ਹੇ ਛਿਮਾਹੀ ਵੱਡੇ ਸ਼ਿਮਲੇ ਸਿਨਮਾ ਦੇਖਣ ਜਾਂਦੇ - ਸਾਨੂੰ ਘਰ ਹੀ ਛੱਡ ਜਾਂਦੇ, ਸਾਰੇ ਨਿਆਣਿਆਂ ਨੂੰ - ਨਾ ਉਨ੍ਹਾਂ ਕਦੇ ਸਾਨੂੰ ਕਿਹਾ ਨਾ ਅਸੀਂ ਕਦੀ ਜ਼ਿੱਦ ਕੀਤੀ - ਕਰਨੀ ਵੀ ਕੀ ਜਦ ਪਤਾ ਹੀ ਨਹੀਂ ਕਿ ਇਹ ਕੀ ਬਲਾ ਹੈ - ਬਸ ਇਸ ਪੱਖੋਂ ਨਿਰੇ ਅਣਜਾਣ ਹੀ ਤਾਂ ਹੁੰਦੇ ਸਾਂ ਅਸੀਂ।

ਹੁਣ ਚੰਡੀਗੜ੍ਹ ਆ ਗਏ ਹਾਂ - ਇੱਥੇ ਤਾਂ ਕੋਈ ਸਿਨਮਾ - ਘਰ ਹੀ ਨਹੀਂ ਹੈ - ਬੱਸ ਇਹੋ ਇਕ ਸਿਨਮਾ ਹੈ ਚਲਦਾ ਫਿਰਦਾ - ਕਦੇ ਐਥੇ, ਕਦੇ ਓਥੇ - ਜਿੱਥੇ ਪਤਾ ਲਗਦਾ ਜਾ ਪੁੱਜਦੇ ਹਾਂ - ਹੁਣ ਅਸੀਂ - ਇਹ ਮੁਫ਼ਤ ਦਾ ਮੇਲਾ ਦੇਖਣ - ਇਸ ਲਈ ਤਾਂ ਘਰਦਿਆਂ ਦੀ ਵੀ ਕੋਈ ਰੋਕ ਟੋਕ ਨਹੀਂ ਹੁੰਦੀ ਹੈ - ਸਾਨੂੰ।

ਫੇਰ ਬਹੁਤ ਬਾਅਦ ਵਿਚ ਜਾ ਕੇ ਇਕ ਸਿਨਮਾ ਬਣਦਾ ਹੈ ਸੈਕਟਰ ਬਾਈ ਦੀ ਮਾਰਕੀਟ ਪਿੱਛੇ 'ਕਿਰਨ' ਸਿਨਮਾ ਜਿਸ ਥਾਂ 'ਤੇ ਪਹਿਲੇ ਸਾਲ ਆ ਕੇ ਅਸੀਂ 'ਰਾਮ-ਲੀਲਾ' ਦੇਖਦੇ ਹਾਂ।

'ਕਿਰਨ' ਵਿਚ ਪਹਿਲੀ ਫਿਲਮ ਲਗਦੀ ਹੈ 'ਬੈਜੂ ਬਾਵਰਾ' - ਭਾਪਾ ਜੀ ਤਾਂ ਮਨਿਸਟਰਾਂ ਨਾਲ ਪਹਿਲੇ ਦਿਨ ਪਹਿਲਾ 'ਸ਼ੋਅ' ਸ਼ਾਇਦ 'ਪ੍ਰੀਮੀਅਰ' ਦੇਖ ਕੇ ਆਉਂਦੇ ਹਨ - ਅਸੀਂ ਨਹੀਂ - ਕੋਈ ਵੀ ਨਹੀਂ ਘਰ ਦਾ ਹੋਰ - ਉਨ੍ਹਾਂ ਤੋਂ ਬਿਨ੍ਹਾਂ। ਹਾਂ ਪਹਿਲੀ ਫਿਲਮ 'ਕਿਰਨ' ਵਿਚ ਜੋ ਮੈਂ ਦੇਖਦੀ ਹਾਂ, ਜੋ ਸਕੂਲ ਵਲੋਂ ਸਾਨੂੰ ਦਿਖਾਈ ਜਾਂਦੀ ਹੈ (ਹੁਣ ਮੈਂ ਅਠਵੀਂ ਵਿਚ ਪੜ੍ਹਦੀ ਹਾਂ) 'ਨਿਊ ਦੇਹਲੀ' ਤੇ ਦੂਜੀ ਫਿਲਮ 'ਜਾਗ੍ਰਤੀ' ਹੈ।

'ਨਿਊ ਦੇਹਲੀ' ਮੁੱਖ ਭੂਮਕਾਵਾਂ - ਕਿਸ਼ੋਰ ਕੁਮਾਰ ਵੈਜੰਤੀ ਮਾਲਾ - ਰਾਸ਼ਟਰੀ ਏਕਤਾ 'ਤੇ ਅਧਾਰਿਤ ਫਿਲਮ - ਸਾਲੋ ਸਾਲ ਇਕ ਇਕ ਸੀਨ ਇਕ ਇਕ ਗੀਤ ਇੰਜ ਯਾਦ ਰਹਿੰਦਾ ਹੈ ਜਿਵੇਂ ਹੁਣੇ ਹੀ ਕੁਝ ਵਾਪਰ ਰਿਹਾ ਹੋਵੇ ਅੱਖਾਂ ਸਾਹਵੇਂ - ਜਮਾਤ ਵਿਚ ਬਹੁਤ ਅਮੀਰ ਘਰਾਂ ਦੀਆਂ ਕੁੜੀਆਂ ਹਨ - ਮਨਿਸਟਰਾਂ ਤੱਕ ਦੀਆਂ ਆਮ ਫਿਲਮਾਂ ਦੇਖਦੀਆਂ ਰਹਿੰਦੀਆਂ ਹੋਣਗੀਆਂ।

"ਵੈਜੰਤੀ ਮਾਲਾ ਦੇ ਗੀਤ, ਲਤਾ ਮੰਗੇਸ਼ਕਰ ਨੇ ਗਾਏ ਹਨ ਤੇ ਕਿਸ਼ੋਰ ਕੁਮਾਰ ਨੇ ਆਪਣੇ ਗੀਤ ਆਪ ਗਾਏ ਹਨ।" ਅਸੀਂ ਉਨ੍ਹਾਂ ਨੂੰ ਆਮ ਗੱਲਾਂ ਕਰਦੇ ਸੁਣਦੀਆਂ ਹਾਂ।

"ਪਾਗਲ - ਵੈਜੰਤੀ ਮਾਲਾ ਵੀ ਤਾਂ ਆਪ ਹੀ ਗਾ ਰਹੀ ਸੀ।- ਅਸੀਂ ਕਿਹੜਾ ਨਹੀਂ ਦੇਖਿਆ - ਝੂਠ ਬੋਲਦੀਆਂ ਹਨ - ਬਸ ਸ਼ੇਖੀ ਮਾਰਦੀਆਂ ਹਨ, ਹੋਰ ਕੀ ?" ਅਸੀਂ ਆਪਸ ਵਿਚ ਗੱਲਾਂ ਕਰ ਕਰ ਉਨ੍ਹਾਂ ਨੂੰ ਨਿੰਦਦੀਆਂ ਤੇ ਹੋਰ ਤਰ੍ਹਾਂ ਹੀ ਦੇਖਦੀਆਂ - ਕੈਰੀ ਅੱਖ ਨਾਲ।

ਫੇਰ ਉਨ੍ਹਾਂ ਦੇ ਹੱਥਾਂ ਵਿਚ ਗੀਤਾਂ ਦੀਆਂ ਜੋ (ਆਨੇ ਆਨੇ ਦੀਆਂ) ਕਾਪੀਆਂ ਹੁੰਦੀਆਂ - ਅਸੀਂ ਵੀ ਮੰਗ ਕੇ ਪੜ੍ਹਦੀਆਂ ਹਾਂ - ਉਨ੍ਹਾਂ ਤੇ-ਸਚਮੁੱਚ ਹੀ ਵੈਜੰਤੀ ਮਾਲਾ ਦੇ ਗੀਤਾਂ ਮੂਹਰੇ 'ਲਤਾ ਮੰਗੇਸ਼ਕਰ' ਲਿਖਿਆ ਹੋਇਆ ਹੈ। ਕਿਉਂ ਲਿਖਿਆ ਹੋਇਆ ਹੈ ਕਿਸ਼ੋਰ ਕੁਮਾਰ ਵਾਂਗ ਵੈਜੰਤੀ ਮਾਲਾ ਜਦ ਆਪ ਗਾ ਰਹੀ ਹੈ ਫੇਰ ਲਤਾ ਮੰਗੇਸ਼ਕਰ ਕਿਉਂ ? ਇਹ ਫਿਲਮੀ ਦੁਨੀਆਂ - ਫਿਲਮੀ ਦੁਨੀਆਂ ਦੀ ਜਾਦੂਗਰੀ - ਗਾਉਣਾ, ਬੋਲਣਾ, ਮੂੰਹ ਹਿਲਾਉਣਾ ਤੇ ਹੋਰ ਬਾਰੀਕੀਆਂ, ਕਦੋਂ ਕਦੋਂ ਸਮਝ ਆਈਆਂ ਇਹ ਤਾਂ ਮੈਂ ਆਪ ਵੀ ਨਹੀਂ ਜਾਣਦੀ ਹਾਂ - ਆਈਆਂ ਵੀ ਕੁਝ ਜਾਂ ਨਹੀਂ - ਰੱਬ ਹੀ ਜਾਣੇ।

ਪਰ ਉਮਰ ਤੇ ਵਕਤ ਦੇ ਨਾਲ ਨਾਲ ਹੁਣ ਸਾਨੂੰ ਵੀ ਫਿਲਮਾਂ ਦਾ ਸ਼ੌਕ ਜਾਗਣ ਲੱਗ ਪਿਆ ਹੈ - ਹੁਣ ਕਦੀ ਕਦੀ ਭਾਪਾ ਜੀ 'ਪਾਸ' ਲੈ ਆਉਂਦੇ ਹਨ ਤਾਂ ਕਦੀ ਕਦਾਈਂ ਸਾਨੂੰ ਮੌਕਾ ਮਿਲ ਜਾਂਦਾ ਹੈ - ਉਹ ਵੀ ਬਹੁਤ ਘੱਟ - ਪਰ ਪੈਸੇ ਖਰਚ ਕੇ ਤਾਂ ਕਦੀ ਵੀ ਨਹੀਂ-

ਉਂਜ ਕਦੀ ਕਦੀ ਪਿੰਡ ਤੋਂ ਮਾਸੀ ਜੀ ਹੋਰੀ ਜਾਂ ਹੋਰ ਕੋਈ ਰਿਸ਼ਤੇਦਾਰ ਆਉਂਦਾ ਹੈ ਤਾਂ 'ਸਿਆਣੇ' ਸਭ ਪਿਦੇਖਣ ਚਲੇ ਜਾਂਦੇ ਹਨ ਤੇ ਅਸੀਂ ਨਿਆਣੇ ਸਭ ਘਰ - ਜੋ ਹੁਣ ਸਾਨੂੰ ਚੰਗਾ ਨਹੀਂ ਲੱਗਦਾ - ਖ਼ਾਸ ਕਰ ਉਦੋਂ ਜਦੋਂ ਉਨ੍ਹਾਂ ਦੇ ਨਿਆਣਿਆਂ ਨੂੰ ਵੀ ਮੈਨੂੰ ਹੀ ਘਰ ਸੰਭਾਲਣਾ ਪੈਂਦਾ ਹੈ - ਪਰ ਮਰਦਾ ਕੀ ਨਾ ਕਰਦਾ -ਸਾਡੀ ਕੀ ਮਜਾਲ ਹੁੰਦੀ ਕਿ ਅਸੀਂ ਮੂਹਰੇ 'ਚੂੰ' ਵੀ ਕਰ ਜਾਈਏ।

ਹੁਣ ਇਕ ਦਿਨ ਭਾਪਾ ਜੀ 'ਪਾਸ' ਲਿਆ ਸਾਨੂੰ ਤਿੰਨਾਂ ਭੈਣਾ-ਭਰਾਵਾਂ ਨੂੰ ਟਿਕਟਾਂ ਲੈ ਸਿਨਮੇ ਘਰ (ਕਿਰਨ) ਵਿਚ ਬਿਠਾ ਆਉਂਦੇ ਹਨ। ਇੱਥੇ 'ਰਾਜ਼' ਫਿਲਮ ਲੱਗੀ ਹੋਈ ਹੈ ਜੋ ਸਾਨੂੰ ਬਹੁਤੀ ਪਸੰਦ ਨਹੀਂ - ਅਸੀਂ ਸੁਣਿਆ ਹੋਇਆ ਹੈ, "ਤੇਰੇ ਘਰ ਕੇ ਸਾਹਮਣੇ" ਫਿਲਮ ਬਹੁਤ ਵਧੀਆ ਹੈ ਜੋ 'ਨੀਲਮ' ਵਿਚ ਲੱਗੀ ਹੋਈ ਹੈ। (ਸੱਚ ਮੈਂ ਦਸਣਾ ਤਾਂ ਭੁੱਲ ਹੀ ਗਈ ਹਾਂ, ਹੁਣ ਤੱਕ ਸ: ਪ੍ਰਤਾਪ ਸਿੰ ਕੈਰੋਂ ਜੋ ਚੀਫ਼ ਮਜਿਸਟਰ ਹਨ ਉਨ੍ਹਾਂ ਦਾ ਸਿਨਮਾ ਵੀ ਬਣ ਜਾਂਦਾ ਹੈ ਸੈਕਟਰ ਸਤਾਰ੍ਹਾਂ ਵਿਚ - ਇਹ ਹੈ ਨੀਲਮ ਸਿਨਮਾ।)

ਅਸੀਂ ਤਿੰਨੇ ਜੁਗਤ ਬਣਾਉਂਦੇ ਹਾਂ -ਇਸ ਫਿਲਮ ਦੀਆਂ ਟਿਕਟਾਂ ਕਿਸੇ ਨੂੰ ਵੇਚ -ਪੈਸੇ ਲੈ - ਭੱਜਦੇ ਹਾਂ ਸਾਹੋ ਸਾਹ -'ਨੀਲਮ'।

ਨਵੀਆਂ ਟਿਕਟਾਂ ਖਰੀਦ, ਬੈਠ ਜਾਂਦੇ ਹਾਂ, ਫਿਲਮ ਦੇਖਣ - ਬਹੁਤ ਖੁਸ਼ ਹਾਂ ਅਸੀਂ ਆਪਣੀ 'ਜਿੱਤ ਤੇ ਜੁਗਤ' 'ਤੇ ਵੀ - ਭਾਵੇਂ ਫਿਲਮ ਤਾਂ ਕਾਫੀ ਚਲ ਚੁੱਕੀ ਹੈ - ਪਰ ਉਧਰ ਮੰਨ ਦੀ ਮੁਰਾਦ ਪੂਰੀ ਹੋਣ ਦਾ ਅਹਿਸਾਸ ਵੀ ਤਾਂ ਹੈ ਸਾਨੂੰ ਤਿੰਨਾਂ ਨੂੰ ਕਿਤੇ -ਰੱਬ ਨੂੰ ਪਾਉਣ ਵਰਗਾ-

ਤੇ ਇਹ 'ਰਾਜ਼' ਵਾਲੀ ਗੱਲ ਜੋ ਸਦਾ ਰਾਜ਼ ਹੀ ਬਣੀ ਰਹੀ ਸਾਡੇ ਤਿੰਨਾਂ ਵਿਚ - ਅੱਜ ਤੁਹਾਨੂੰ ਦੱਸ ਰਹੀ ਹਾਂ - ਇਸ ਲਈ ਕੀ ਤੁਸੀਂ ਪੜ੍ਹ ਕੇ ਵੀ ਇਸ 'ਰਾਜ਼' ਨੂੰ 'ਰਾਜ਼ ਹੀ ਰੱਖੋਗੇ।

ਬਾਕੀ ਸਫ਼ਾ 33 'ਤੇ

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.
Khalsa Insurance Agency is among TOP 50 agencies of Blue Cross in USA.


Anthem BlueCross
2014 ACE INDIVIDUAL
CHAMPION LEVEL
In recognition and appreciation of your outstanding sales performance in 2013
KHALSA INSURANCE AGENCY

» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਵਿਛੜੇ ਤੇ ਵਿਸਰੇ ਪੰਜਾਬੀ

**ਸ਼ਬਦ ਸੰਚਾਰ**

**ਸੁਰਿੰਦਰ ਸਿੰਘ ਤੇਜ**

ਏ.ਜੀ. ਮਿਲਖਾ ਸਿੰਘ ਦੇ ਚਲਾਣੇ ਦੀ ਖ਼ਬਰ ਨੇ ਭਾਰਤੀ ਕ੍ਰਿਕਟ ਦੇ ਸਿੰਘ ਬ੍ਰਦਰਜ਼ ਦੀ ਯਾਦ ਦਿਵਾ ਦਿੱਤੀ। 1968 ਵਿੱਚ ਜਦੋਂ ਬਿਸ਼ਨ ਸਿੰਘ ਬੇਦੀ ਦਾ ਸਿਤਾਰਾ ਚਮਕ ਰਿਹਾ ਸੀ ਤਾਂ ਉਸ ਸਮੇਂ ਇੱਕ ਸਕੂਲ ਅਧਿਆਪਕ ਨੇ ਦੱਸਿਆ ਸੀ ਕਿ ਉਹ ਪਹਿਲਾ ਸਿੱਖ ਕੌਮਾਂਤਰੀ ਕ੍ਰਿਕਟਰ ਨਹੀਂ; ਉਸ ਤੋਂ ਪਹਿਲਾਂ ਵੀ ਕੁਝ ਸਿੱਖ ਕ੍ਰਿਕਟਰ ਕੌਮੀ ਟੀਮ ਦੇ ਮੈਂਬਰ ਰਹਿ ਚੁੱਕੇ ਸਨ। ਇੰਟਰਨੈੱਟ ਤੇ ਗੂਗਲ ਦੇ ਦਿਨ ਨਹੀਂ ਸਨ ਉਹ। ਜਾਣਕਾਰੀ ਹਾਸਲ ਕਰਨ ਲਈ ਅਖ਼ਬਾਰਾਂ-ਰਸਾਲਿਆਂ ਦੇ ਪੁਰਾਣੇ ਅੰਕ ਲੱਭਣੇ ਪੈਂਦੇ ਸਨ। ਅਧਿਆਪਕ ਨੇ ਸਾਨੂੰ ਬੇਦੀ ਤੋਂ ਪਹਿਲਾਂ ਦੇ ਇੱਕ ਸਿੱਖ ਕ੍ਰਿਕਟਰ ਦੀ ਤਸਵੀਰ ਦਿਖਾਉਣ ਦਾ ਵਾਅਦਾ ਕੀਤਾ, ਪਰ ਇਹ ਵਾਅਦਾ ਵਫ਼ਾ ਨਾ ਹੋਇਆ। ਹਾਂ, ਉਸ ਵੱਲੋਂ ਦੱਸੇ ਏ.ਜੀ. ਕ੍ਰਿਪਾਲ ਸਿੰਘ ਤੇ ਏ.ਜੀ. ਮਿਲਖਾ ਸਿੰਘ ਦੇ ਨਾਮ ਜ਼ਰੂਰ ਯਾਦਦਾਸ਼ਤ ਦਾ ਹਿੱਸਾ ਬਣ ਗਏ। 1987 ਵਿੱਚ ਏ.ਜੀ. ਕ੍ਰਿਪਾਲ ਸਿੰਘ ਦੇ ਚਲਾਣੇ ਦੀ ਖ਼ਬਰ ਨੇ ਉਹ ਪੁਰਾਣੀ ਯਾਦ ਤਾਜ਼ਾ ਕਰਵਾ ਦਿੱਤੀ। ਉਸੇ ਖ਼ਬਰ ਤੋਂ ਇਹ ਪਤਾ ਲੱਗਾ ਕਿ ਕ੍ਰਿਪਾਲ ਸਿੰਘ ਭਾਰਤੀ ਕ੍ਰਿਕਟ ਦੇ 'ਸਿੰਘ ਬ੍ਰਦਰਜ਼' ਵਿੱਚੋਂ ਸਭ ਤੋਂ ਵੱਡਾ ਸੀ। ਉਸ ਦਾ ਪਿਤਾ ਏ.ਜੀ. ਰਾਮ ਸਿੰਘ ਖ਼ੁਦ ਵੀ ਕ੍ਰਿਕਟਰ ਸੀ। ਰਾਮ ਸਿੰਘ ਤੇ ਉਸ ਦੇ ਬੇਟੇ ਆਪੋ-ਆਪਣੇ ਖੇਡ ਜੀਵਨ ਦੌਰਾਨ ਮਦਰਾਸ ਸਟੇਟ ਦੀ ਨੁਮਾਇੰਦਗੀ ਕਰਦੇ ਰਹੇ ਸਨ। ਇਸ ਤੋਂ ਬਾਅਦ ਪਹਿਲੀ ਵਾਰ ਤਿੰਨ ਦਸਤਾਰਧਾਰੀ ਕ੍ਰਿਕਟਰਾਂ ਦੀ ਸਾਂਝੀ ਤਸਵੀਰ 1989 ਵਿੱਚ 'ਦਿ ਹਿੰਦੂ' ਵਿੱਚ ਛਪੇ ਇਕ ਲੇਖ ਵਿੱਚ ਦੇਖੀ। ਇਹ ਲੇਖ ਅਸਲ ਵਿੱਚ ਏ.ਜੀ. ਜਵਾਲਾ ਸਿੰਘ ਤੇ ਉਸ ਦੇ ਪੜਪੋਤੇ ਅਰਜਨ ਕ੍ਰਿਪਾਲ ਸਿੰਘ ਬਾਰੇ ਸੀ। ਇਸੇ ਲੇਖ ਤੋਂ ਇਜ਼ਹਾਰ ਹੋਇਆ ਕਿ ਏ.ਜੀ. ਪਰਿਵਾਰ ਅੰਬਰਸਰੀ ਹੁੰਦਿਆਂ ਹੋਇਆਂ ਵੀ ਮਦਰਾਸੀ ਕਿਵੇਂ ਬਣਿਆ।

ਜਵਾਲਾ ਸਿੰਘ ਨੂੰ 1903 ਵਿੱਚ ਬ੍ਰਿਟਿਸ਼ ਫ਼ੌਜ ਦੀ ਇੱਕ ਬਿਜਲਈ ਮੋਟਰ ਦੀ ਰੀਵਾਈਂਡਿੰਗ ਦੇ ਸਿਲਸਿਲੇ ਵਿੱਚ ਅੰਮ੍ਰਿਤਸਰ ਤੋਂ ਮਦਰਾਸ ਜਾਣਾ ਪਿਆ। ਉੱਥੇ ਜਾ ਕੇ ਉਸ ਨੂੰ ਜਾਪਿਆ ਕਿ ਮਦਰਾਸ ਵਿੱਚ ਬਿਜਲਈ ਫਿਟਿੰਗਜ਼ ਦਾ ਕੰਮ ਬਹੁਤ ਜ਼ਿਆਦਾ ਹੈ ਅਤੇ ਕਮਾਈ ਵੀ ਚੋਖੀ ਹੋ ਸਕਦੀ ਹੈ। 1904 ਵਿੱਚ ਉਹ ਬਿਸਤਰਾ ਤੇ ਕੁਝ ਭਾਂਡੇ-ਟੀਂਡੇ ਲੈ ਕੇ ਮਦਰਾਸ ਪਹੁੰਚ ਗਿਆ। ਤਾਮਿਲਾਂ ਨੇ ਪਹਿਲਾਂ ਕਦੇ ਕਿਸੇ ਸਰਦਾਰ ਨੂੰ ਸ਼ਹਿਰ ਵਿੱਚ ਦੁਕਾਨ ਚਲਾਉਂਦਿਆਂ ਨਹੀਂ ਸੀ ਦੇਖਿਆ। ਉਹ ਸਰਦਾਰ ਬਾਰੇ ਜਾਣਨ ਦੇ ਇਛੁੱਕ ਸਨ। ਜਵਾਲਾ ਸਿੰਘ ਤੋਂ ਉਸ ਦੀ ਜ਼ੱਦ ਤੇ ਰੱਬ ਬਾਰੇ ਅਕਸਰ ਪੁੱਛਿਆ ਜਾਂਦਾ ਸੀ। ਉਸ ਨੇ ਦੱਖਣ ਭਾਰਤੀ ਪ੍ਰਚਲਣ ਅਨੁਸਾਰ ਆਪਣੇ ਨਾਮ ਤੋਂ ਪਹਿਲਾਂ ਅੰਮ੍ਰਿਤਸਰ ਤੇ ਰੱਬ (ਭਾਵ ਗੁਰੂ) ਦਾ ਨਾਂ ਗੋਬਿੰਦ ਸਿੰਘ ਲਾ ਲਿਆ। ਇਸ ਤਰ੍ਹਾਂ ਉਹ ਸਿਰਫ਼ ਜਵਾਲਾ ਸਿੰਘ ਤੋਂ ਏ.ਜੀ. ਜਵਾਲਾ ਸਿੰਘ ਬਣ ਗਿਆ। ਇਸ ਤੋਂ ਤਾਮਿਲ ਲੋਕ ਉਸ ਨੂੰ ਆਪਣੇ ਵਰਗਾ ਭਾਵ ਦੱਖਣ ਭਾਰਤੀ ਮੂਲ ਦਾ ਸਮਝਣ ਲੱਗੇ। ਉਸ ਦਾ ਕਾਰੋਬਾਰ ਵੀ ਵਧਣ-ਫੁਲਣ ਲੱਗਾ।

ਜਵਾਲਾ ਸਿੰਘ ਦੇ ਚਾਰ ਪੁੱਤਰਾਂ ਵਿੱਚੋਂ ਰਾਮ ਸਿੰਘ ਨੂੰ ਕ੍ਰਿਕਟ ਦਾ ਸ਼ੌਕ ਇੰਗਲਿਸਤਾਨੀ ਕ੍ਰਿਕਟਰ ਏ.ਐੱਫ. ਵੈਨਜ਼ਲੇ ਨੂੰ ਦੇਖ ਕੇ ਲੱਗਿਆ। ਭਾਰਤੀ ਕ੍ਰਿਕਟ ਦੇ ਇਤਿਹਾਸਕਾਰ ਰਾਮਚੰਦਰ ਗੁਹਾ ਮੁਤਾਬਿਕ ਏ.ਜੀ. ਰਾਮ ਸਿੰਘ ਮਦਰਾਸ ਰਾਜ ਦੇ ਬਿਹਤਰੀਨ ਹਰਫ਼ਨਮੌਲਾਵਾਂ ਵਿੱਚੋਂ ਇੱਕ ਸੀ। ਉਹ ਮੱਧਕ੍ਰਮ ਵਿੱਚ ਬੱਲੇਬਾਜ਼ੀ ਕਰਦਾ ਸੀ ਅਤੇ ਨਾਲ ਹੀ ਉਪਯੋਗੀ ਖੱਬੂ ਸਪਿੰਨਰ ਵੀ ਸੀ। ਉਸ ਨੇ 14 ਸਾਲਾਂ ਤਕ ਰਣਜੀ ਟਰਾਫੀ ਕ੍ਰਿਕਟ ਵਿੱਚ ਮਦਰਾਸ (ਹੁਣ ਤਾਮਿਲ ਨਾਡੂ) ਦੀ ਨੁਮਾਇੰਦਗੀ ਕੀਤੀ। ਰਾਮ ਸਿੰਘ ਦੇ ਤਿੰਨ ਬੇਟੇ - ਕ੍ਰਿਪਾਲ, ਮਿਲਖਾ ਤੇ ਸਤਵਿੰਦਰ ਵੀ ਮਦਰਾਸ ਸਟੇਟ ਵੱਲੋਂ ਕੌਮੀ ਕ੍ਰਿਕਟ ਖੇਡਦੇ ਰਹੇ। ਕ੍ਰਿਪਾਲ, ਆਪਣੇ ਪਿਤਾ ਵਾਂਗ ਹਰਫ਼ਨਮੌਲਾ (ਆਲ ਰਾਊਂਡਰ) ਸੀ। ਉਹ ਚੰਗਾ ਬੱਲੇਬਾਜ਼ ਅਤੇ ਚੰਗਾ ਮੀਡੀਅਮ ਪੇਸਰ ਸੀ। ਉਸ ਨੇ ਆਪਣੇ ਪਹਿਲੇ ਹੀ ਟੈਸਟ ਮੈਚ ਵਿੱਚ ਸੈਂਕੜਾ ਬਣਾਇਆ ਸੀ। ਉਸ ਨੇ 1955 ਤੋਂ 1964 ਦਰਮਿਆਨ 14 ਟੈਸਟ ਮੈਚ ਖੇਡੇ। ਮਿਲਖਾ ਸਿੰਘ 17 ਸਾਲਾਂ ਦੀ ਉਮਰ ਵਿੱਚ ਰਣਜੀ ਟਰਾਫੀ ਖੇਡਣ ਲੱਗਾ ਤੇ 18ਵੇਂ ਸਾਲ ਵਿੱਚ ਟੈਸਟ ਟੀਮ ਵਾਸਤੇ ਵੀ ਚੁਣਿਆ ਗਿਆ। ਟੈਸਟ ਮੈਚਾਂ ਵਿੱਚ ਉਹ ਖ਼ਾਸ ਚੱਲਿਆ ਨਹੀਂ। ਸਿਰਫ਼ ਚਾਰ ਟੈਸਟ ਹੀ ਖੇਡੇ। ਮਿਲਖਾ ਤੇ ਸਤਵਿੰਦਰ ਪੂਰੇ ਜੀਵਨ ਦੌਰਾਨ ਸਾਬਤ ਸੂਰਤ ਸਿੱਖ ਰਹੇ - ਕ੍ਰਿਪਾਲ ਨੇ ਕੇਸ ਕਟਾ ਦਿੱਤੇ। ਇੱਕ ਇਸਾਈ ਔਰਤ ਨਾਲ ਵਿਆਹ ਖਾਤਿਰ ਉਸ ਨੇ ਧਰਮ ਪਰਿਵਰਤਨ ਕਰ ਲਿਆ ਤੇ ਅੰਮ੍ਰਿਤਸਰ ਗੋਬਿੰਦ ਤੋਂ ਆਰਨਲਡ ਜੌਰਜ ਕ੍ਰਿਪਾਲ ਬਣ ਗਿਆ। ਫਿਰ ਕੁਝ ਸਾਲਾਂ ਬਾਅਦ ਉਹ ਸਿੱਖੀ ਵੱਲ ਪਰਤ ਆਇਆ ਪਰ ਕੇਸਾਧਾਰੀ ਨਹੀਂ ਬਣਿਆ। 1960ਵਿਆਂ ਦੇ ਸ਼ੁਰੂ ਵਿੱਚ ਤਿੰਨ ਦਸਤਾਰਧਾਰੀ ਭਰਾਵਾਂ ਨੂੰ ਮਦਰਾਸ ਦੀ ਟੀਮ ਵਿੱਚ ਖੇਡਦਿਆਂ ਦੇਖਣਾ ਇੱਕ ਖ਼ਾਸ ਨਜ਼ਾਰਾ ਸੀ ਜਿਸ ਦਾ ਜ਼ਿਕਰ ਫਿਲਮ ਸੰਗੀਤ ਤੇ ਕ੍ਰਿਕਟ ਦੇ ਨਾਮਵਰ ਵਿਸ਼ਲੇਸ਼ਕ ਰਾਜੂ ਭਾਰਤਨ ਨੇ 1964 ਵਿੱਚ 'ਇਲਸਟ੍ਰੇਟਿਡ ਵੀਕਲੀ' ਦੇ ਇੱਕ ਅੰਕ ਵਿੱਚ ਕੀਤਾ।

ਸਿਗਫ੍ਰਾਈਡ ਸੈਜ਼ੂਨ ਦੇ 1936 ਵਿੱਚ ਛਪੇ ਕ੍ਰਿਕਟ ਨਾਲ ਜੁੜੇ ਉੱਘੇ ਨਾਵਲ 'ਸਨ ਆਫ ਗ੍ਰੀਫ਼' (ਮਾਤਮ ਦਾ ਬੇਟਾ) ਵਿੱਚ ਕ੍ਰਿਕਟ ਨਾਲ ਜੁੜੇ ਇੱਕੋ ਪਰਿਵਾਰ ਦੀਆਂ ਨਾਕਾਮੀਆਂ-ਕਾਮਯਾਬੀਆਂ ਦੀ ਕਹਾਣੀ ਬਿਆਨ ਕੀਤੀ ਗਈ ਹੈ। ਏ.ਜੀ. ਰਾਮ ਸਿੰਘ ਦੇ ਪਰਿਵਾਰ ਦੀ ਕਹਾਣੀ ਵੀ ਇਸ ਦੇ ਨਾਲ ਮੇਲ ਖਾਂਦੀ ਹੈ। ਉਸ ਨਾਵਲ ਵਿੱਚ ਕ੍ਰਿਕਟ ਦੀਆਂ ਚਾਰ ਪੀੜ੍ਹੀਆਂ ਦਾ ਜ਼ਿਕਰ ਹੈ। ਰਾਮ ਸਿੰਘ ਦੇ ਪਰਿਵਾਰ 'ਚ ਇਹ ਖੇਡ ਤੀਜੀ ਪੀੜ੍ਹੀ ਤੋਂ ਅੱਗੇ ਨਹੀਂ ਗਈ। ਕ੍ਰਿਪਾਲ ਸਿੰਘ ਦੇ ਬੇਟੇ ਸਵਰਨ ਤੇ ਅਰਜਨ ਕ੍ਰਿਕਟਰ ਰਹੇ। ਅਰਜਨ ਕ੍ਰਿਪਾਲ ਸਿੰਘ ਭਾਰਤੀ ਅੰਡਰ-19 ਟੀਮ ਵਿੱਚ ਵੀ ਖੇਡਿਆ ਅਤੇ ਦਲੀਪ ਟਰਾਫੀ ਵਿੱਚ ਦੱਖਣੀ ਜ਼ੋਨ ਦਾ ਕਪਤਾਨ ਵੀ ਰਿਹਾ, ਪਰ ਹੁਣ ਇਸ ਪਰਿਵਾਰ ਦੇ ਨਵੇਂ ਜੀਆਂ ਦਾ ਜ਼ਿਕਰ ਕਿਤੇ ਨਹੀਂ ਮਿਲਦਾ। ਹਾਂ, ਸਤਵਿੰਦਰ ਦਾ ਬੇਟਾ ਹਰਜਿੰਦਰ ਤਾਮਿਲ ਨਾਡੂ ਤੇ ਰੇਲਵੇ ਵੱਲੋਂ ਰਣਜੀ ਕ੍ਰਿਕਟ ਖੇਡਦਾ ਰਿਹਾ ਹੈ। ਪੰਜਾਬ ਵਿੱਚ ਇਨ੍ਹਾਂ ਦੇ ਕਿਸੇ ਨਾਤੇਦਾਰ ਦਾ ਹਵਾਲਾ ਕਦੇ ਸਾਹਮਣੇ ਨਹੀਂ ਆਇਆ। ਦਰਅਸਲ, ਪੰਜਾਬ ਨੇ ਇਸ ਪਰਿਵਾਰ ਨਾਲ ਆਪਣਿਆਂ ਵਰਗਾ ਮੋਹ ਕਦੇ ਜਤਾਇਆ ਹੀ ਨਹੀਂ। ਹਾਂ, ਏ.ਜੀ. ਕ੍ਰਿਪਾਲ ਸਿੰਘ ਨੂੰ 1963 ਵਿੱਚ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਚੰਡੀਗੜ੍ਹ ਵਿੱਚ ਇੱਕ ਵਾਰ ਸਨਮਾਨਿਆ ਜ਼ਰੂਰ ਸੀ। ਉਸ ਤੋਂ ਬਾਅਦ ਤਾਂ ਇਹ ਪਰਿਵਾਰ ਪੂਰੀ ਤਰ੍ਹਾਂ ਵਿਸਾਰ ਦਿੱਤਾ ਗਿਆ।

ਨਾ ਸਿਰਫ਼ ਏ.ਜੀ. ਪਰਿਵਾਰ ਸਗੋਂ ਨਰੇਸ਼ ਕੁਮਾਰ ਵਰਗੇ ਸਰਤਾਜ ਟੈਨਿਸ ਖਿਡਾਰੀ ਉੱਤੇ ਵੀ ਪੰਜਾਬ ਨੇ ਕਦੇ ਆਪਣਿਆਂ ਵਾਂਗ ਉਂਗਲ ਨਹੀਂ ਧਰੀ। 1928 ਵਿੱਚ ਲਾਹੌਰ ਵਿੱਚ ਜਨਮੇ ਨਰੇਸ਼ ਕੁਮਾਰ ਨੇ ਦੇਸ਼ ਵੰਡ ਤੋਂ ਬਾਅਦ ਕਲਕੱਤਾ ਵਿੱਚ ਠਿਕਾਣਾ ਕੀਤਾ। ਉਹ 1952 ਤੋਂ ਅਗਲੇ ਅੱਠ ਸਾਲਾਂ ਤਕ ਭਾਰਤੀ ਡੇਵਿਸ ਕੱਪ ਟੈਨਿਸ ਟੀਮ ਦਾ ਮੈਂਬਰ ਰਿਹਾ, 1949 ਤੋਂ 1964 ਤਕ ਵਿੰਬਲਡਨ ਖੇਡਦਾ ਰਿਹਾ, 1955 ਵਿੱਚ ਵਿੰਬਲਡਨ ਸਿੰਗਲਜ਼ ਦੇ ਚੌਥੇ ਦੌਰ ਤਕ ਪਹੁੰਚਿਆ। ਪ੍ਰਤੀਯੋਗੀ ਟੈਨਿਸ ਤੋਂ ਰੁਖ਼ਸਤਗੀ ਤੋਂ ਬਾਅਦ ਉਹ ਭਾਰਤੀ ਡੇਵਿਸ ਕੱਪ ਟੀਮਾਂ ਦਾ ਨਾਨ-ਪਲੇਇੰਗ ਕਪਤਾਨ ਵੀ ਰਿਹਾ ਤੇ ਟੈਨਿਸ ਕਮੈਂਟੇਟਰ ਦੇ ਤੌਰ 'ਤੇ ਚੰਗਾ ਨਾਮ ਕਮਾਇਆ। ਦਰਅਸਲ, ਲਿਏਂਡਰ ਪੇਸ ਤੇ ਮਹੇਸ਼ ਭੂਪਤੀ ਦੇ ਆਲਮੀ ਪੱਧਰ 'ਤੇ ਉਭਾਰ ਵਿੱਚ ਉਸ ਦਾ ਯੋਗਦਾਨ ਰਿਹਾ। 1996 ਵਿੱਚ ਚੰਡੀਗੜ੍ਹ ਵਿੱਚ ਆਸਟਰੇਲੀਆ ਖ਼ਿਲਾਫ਼ ਡੇਵਿਸ ਕੱਪ ਸੈਮੀ ਫਾਈਨਲ ਸਮੇਂ ਨਰੇਸ਼ ਕੁਮਾਰ ਦਾ ਇਹ ਸ਼ਿਕਵਾ ਸੀ ਕਿ ਅਸੀਂ ਹੋਰਨਾਂ ਸੂਬਿਆਂ ਵਿੱਚ ਪੰਜਾਬੀਆਂ ਦੀਆਂ ਸੰਸਥਾਵਾਂ ਲਈ ਜਾਨ ਹੂਲਦੇ ਫਿਰਦੇ ਹਾਂ, ਪਰ ਪੰਜਾਬ ਵਿੱਚ ਸਾਨੂੰ ਕੋਈ ਪਛਾਣਦਾ ਤਕ ਨਹੀਂ। ਜਾਇਜ਼ ਹੈ ਇਹ ਸ਼ਿਕਵਾ। ਅਸੀਂ ਗੋਰੀਆਂ ਕੌਮਾਂ ਦੀ ਧਰਤੀ 'ਤੇ ਨਾਮਣਾ ਖੱਟਣ ਵਾਲੇ ਪੰਜਾਬੀਆਂ 'ਤੇ ਹੱਥੀਂ ਛਾਵਾਂ ਕਰਦੇ ਹਾਂ, ਪਰ ਦੇਸ਼ ਦੇ ਹੋਰਨਾਂ ਸੂਬਿਆਂ ਵਿੱਚ ਪੰਜਾਬੀ ਪਛਾਣ ਨੂੰ ਬੁਲੰਦਗੀ ਬਖ਼ਸ਼ਣ ਵਾਲਿਆਂ ਦੀ ਲਗਾਤਾਰ ਅਣਦੇਖੀ ਕਰਦੇ ਆਏ ਹਾਂ। ਉਰਦੂ ਦੇ ਮੁਮਤਾਜ਼ ਅਫ਼ਸਾਨਾਨਿਗਾਰ ਕ੍ਰਿਸ਼ਨ ਚੰਦਰ ਨੇ ਇਸ ਨੂੰ 'ਜ਼ਿੰਦਾ ਦਫਨਾਉਣ ਵਾਲੀ ਫਿਤਰਤ' ਦੱਸਿਆ ਸੀ। ਇਹ ਅਜੇ ਵੀ ਬਰਕਰਾਰ ਹੈ।

**(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)**

# ਸ਼ਕਤੀਸ਼ਾਲੀ ਚੀਨ ਦੇ ਟਾਕਰੇ ਲਈ ਭਾਰਤ, ਅਮਰੀਕਾ, ਜਾਪਾਨ ਤੇ ਆਸਟਰੇਲੀਆ ਸਹਿਯੋਗ ਵਾਸਤੇ ਸਹਿਮਤ

**ਮਨੀਲਾ/ਬਿਊਰੋ ਨਿਊਜ਼:**

ਤਜਵੀਜ਼ਤ ਚਹੁੰ-ਪੱਖੀ ਗਠਜੋੜ ਤਹਿਤ ਸੁਰੱਖਿਆ ਸਹਿਯੋਗ ਦਾ ਘੇਰਾ ਮੋਕਲਾ ਕਰਨ ਦਾ ਸੰਕੇਤ ਦਿੰਦਿਆਂ ਭਾਰਤ, ਅਮਰੀਕਾ, ਜਾਪਾਨ ਤੇ ਆਸਟਰੇਲੀਆ ਦੇ ਅਧਿਕਾਰੀਆਂ ਨੇ ਰਣਨੀਤਕ ਪੱਖੋਂ ਅਹਿਮ ਭਾਰਤ-ਪ੍ਰਸ਼ਾਂਤ ਖਿੱਤੇ ਵਿੱਚ ਸਾਂਝੇ ਹਿੱਤਾਂ 'ਤੇ ਪਹਿਰਾ ਦੇਣ ਲਈ ਵਿਸਤਾਰ ਨਾਲ ਗੱਲਬਾਤ ਕੀਤੀ। ਇਸ ਖਿੱਤੇ ਵਿੱਚ ਚੀਨ ਹਮਲਾਵਰ ਰੁਖ਼ ਅਪਣਾਉਂਦਿਆਂ ਆਪਣੀ ਫੌਜੀ ਮੌਜੂਦਗੀ ਵਧਾ ਰਿਹਾ ਹੈ।

ਚਹੁੰ-ਪੱਖੀ ਸੁਰੱਖਿਆ ਸੰਵਾਦ ਦਾ ਸਰੂਪ ਤੈਅ ਕਰਨ ਦੀ ਦਿਸ਼ਾ ਵਿੱਚ ਵੱਡੇ ਕਦਮ ਵਜੋਂ ਦੇਖੀ ਜਾ ਰਹੀ ਇਸ ਮੀਟਿੰਗ ਵਿੱਚ ਅਧਿਕਾਰੀਆਂ ਨੇ ਅਤਿਵਾਦ ਤੇ ਹੋਰ ਸੁਰੱਖਿਆ ਚੁਣੌਤੀਆਂ ਦੇ ਪ੍ਰਭਾਵਸ਼ਾਲੀ ਤਰੀਕੇ ਨਾਲ ਟਾਕਰੇ ਦਾ ਰਾਹ ਲੱਭਣ ਤੋਂ ਇਲਾਵਾ ਭਾਰਤ-ਪ੍ਰਸ਼ਾਂਤ ਖਿੱਤੇ ਵਿੱਚ ਬਣੇ ਸੁਰੱਖਿਆ ਪਰਿਪੇਖ ਬਾਰੇ ਵਿਚਾਰ-ਵਟਾਂਦਰਾ ਕੀਤਾ। ਭਾਰਤੀ ਵਿਦੇਸ਼ ਮੰਤਰਾਲੇ ਨੇ ਇਕ ਬਿਆਨ ਵਿੱਚ ਕਿਹਾ ਕਿ ਇਸ ਇਲਾਕੇ ਵਿੱਚ ਸ਼ਾਂਤੀ, ਸਥਿਰਤਾ ਤੇ ਖ਼ੁਸ਼ਹਾਲੀ ਨੂੰ ਹੁਲਾਰਾ ਦੇਣ ਉਤੇ ਧਿਆਨ ਕੇਂਦਰਤ ਕਰਨ ਦੇ ਨਾਲ ਭਾਰਤ-ਪ੍ਰਸ਼ਾਂਤ ਖਿੱਤੇ ਵਿੱਚ ਸਾਂਝੇ ਹਿੱਤਾਂ ਦੇ ਮੁੱਦੇ ਵਿਚਾਰੇ ਗਏ।

ਇਹ ਮੀਟਿੰਗ ਇੱਥੇ ਹੋ ਰਹੇ ਆਸੀਆਨ ਅਤੇ ਪੂਰਬੀ ਏਸ਼ੀਆ ਸੰਮੇਲਨਾਂ ਤੋਂ ਪਹਿਲਾਂ ਹੋਈ। ਇਨ੍ਹਾਂ ਸੰਮੇਲਨਾਂ ਵਿੱਚ ਭਾਗ ਲੈਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ, ਜਾਪਾਨੀ ਪ੍ਰਧਾਨ ਮੰਤਰੀ ਸ਼ਿੰਜ਼ੋ ਐਬੇ ਅਤੇ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਮੈਲਕਮ ਟਰਨਬੁੱਲ ਪਹਿਲਾਂ ਹੀ ਇੱਥੇ ਪੁੱਜ ਚੁੱਕੇ ਹਨ।



**ਮੋਦੀ ਦੀ ਟਰੰਪ ਤੇ ਕੇਕਿਆਂਗ ਨਾਲ ਗ਼ੈਰ-ਰਸਮੀ ਮੀਟਿੰਗ**

ਮਨੀਲਾ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਸੀਆਨ ਦੀ 50 ਵੀਂ ਵਰ੍ਹੇਗੰਢ ਸਬੰਧੀ ਰਾਤਰੀ ਭੋਜ ਤੋਂ ਇਕ ਪਾਸੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਚੀਨੀ ਪ੍ਰਧਾਨ ਮੰਤਰੀ ਲੀ ਕੇਕਿਆਂਗ ਨਾਲ ਗ਼ੈਰ ਰਸਮੀ ਮੀਟਿੰਗਾਂ ਕੀਤੀਆਂ। ਸ੍ਰੀ ਮੋਦੀ ਨੂੰ ਆਗੂਆਂ ਦੇ ਸਵਾਗਤ ਵਿੱਚ ਹੋਏ ਇਸ ਸਮਾਰੋਹ ਦੌਰਾਨ ਜਾਪਾਨੀ ਪ੍ਰਧਾਨ ਮੰਤਰੀ ਸ਼ਿੰਜ਼ੋ ਐਬੇ, ਰੂਸ ਦੇ ਪ੍ਰਧਾਨ ਮੰਤਰੀ ਦਮਿੱਤਰੀ ਮੈਦਵਦੇਵ ਅਤੇ ਮਲੇਸ਼ੀਆ ਦੇ ਪ੍ਰਧਾਨ ਮੰਤਰੀ ਨਜੀਬ ਰਜ਼ਾਕ ਨਾਲ ਵੀ ਗੁਫ਼ਤਗੂ ਕਰਦੇ ਦੇਖਿਆ ਗਿਆ। ਫਿਲਪੀਨ ਦੇ ਰਾਸ਼ਟਰਪਤੀ ਰੋਡਰੀਗੋ ਡੁਟੇਰਟ ਦੀ ਮੇਜ਼ਬਾਨੀ ਵਿੱਚ ਇੱਥੇ ਪਾਸੇ ਸ਼ਹਿਰ ਦੇ ਐਸਐਮਐਕਸ ਕਨਵੈਨਸ਼ਨ ਸੈਂਟਰ ਵਿੱਚ ਹੋਏ ਇਸ ਸਮਾਰੋਹ ਵਿੱਚ ਸ੍ਰੀ ਮੋਦੀ ਨੇ ਕਈ ਹੋਰ ਆਗੂਆਂ ਨਾਲ ਸੰਖੇਪ ਗੱਲਬਾਤ ਕੀਤੀ।

# ਹਿੰਦ ਪ੍ਰਸ਼ਾਂਤ ਖਿੱਤੇ ਦੀ ਸੁਰੱਖਿਆ ਲਈ ਢੁਕਵਾਂ ਢਾਂਚਾ ਉਸਾਰਿਆ ਜਾਵੇ : ਨਰਿੰਦਰ ਮੋਦੀ

## *ਭਾਰਤ ਨੇ ਅਤਿਵਾਦ ਦੇ ਖਾਤਮੇ ਲਈ ਸਾਂਝੇ ਯਤਨਾਂ 'ਤੇ ਦਿੱਤਾ ਜ਼ੋਰ*

**ਮਨੀਲਾ/ਬਿਊਰੋ ਨਿਊਜ਼:** ਭਾਰਤ ਅਤੇ ਮੁੱਖ ਸ਼ਕਤੀਆਂ ਦੇ ਰਣਨੀਤਕ ਹਿਤਾਂ ਦਾ ਹਵਾਲਾ ਦਿੰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਿੰਦ ਪ੍ਰਸ਼ਾਂਤ ਖਿੱਤੇ ਦੀ ਸੁਰੱਖਿਆ ਲਈ ਨੇਮ ਆਧਾਰਤ ਢਾਂਚਾ ਉਸਾਰਨ ਦਾ ਸੱਦਾ ਦਿੰਦਿਆਂ ਚੀਨ ਨੂੰ ਇਲਾਕੇ ਵਿੱਚ ਫੌਜੀ ਤਾਕਤ ਵਧਾਉਣ ਖ਼ਿਲਾਫ਼ ਸਖ਼ਤ ਸੰਦੇਸ਼ ਦਿੱਤਾ ਹੈ। ਆਸੀਆਨ ਸੰਮੇਲਨ ਵਿੱਚ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਅਤਿਵਾਦ ਦੇ ਨਾਲ ਨਾਲ ਸਰਹੱਦ ਪਾਰੋਂ ਅਤਿਵਾਦ ਨੂੰ ਮੁੱਖ ਚੁਣੌਤੀ ਕਰਾਰ ਦਿੰਦਿਆਂ ਕਿਹਾ ਕਿ ਅੱਜ ਖਿੱਤੇ ਦੀ ਇਹੀ ਮੁੱਖ ਸਮੱਸਿਆ ਹੈ। ਉਨ੍ਹਾਂ ਨੇ ਅਤਿਵਾਦ ਦੇ ਖਾਤਮੇ ਲਈ ਸਾਂਝੇ ਯਤਨਾਂ ਦਾ ਸੱਦਾ ਦਿੰਦਿਆਂ ਕਿਹਾ ਕਿ ਭਾਰਤ ਨੂੰ ਇਸ ਕਾਰਨ ਭਾਰੀ ਨੁਕਸਾਨ ਝੱਲਣਾ ਪਿਆ ਹੈ। ਆਸੀਆਨ ਮੈਂਬਰ ਮੁਲਕਾਂ ਦੇ ਆਗੂਆਂ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਭਾਰਤ ਖੇਤਰ ਲਈ ਨਿਯਮ ਅਧਾਰਿਤ ਸੁਰੱਖਿਆ ਢਾਂਚਾ ਉਸਾਰਨ ਲਈ ਆਸੀਆਨ ਨੂੰ ਆਪਣਾ ਸਮਰਥਨ ਜਾਰੀ ਰੱਖੇਗਾ। ਉਨ੍ਹਾਂ ਕਿਹਾ ਕਿ ਹੁਣ ਅਤਿਵਾਦ ਦੇ ਖਾਤਮੇ ਬਾਰੇ ਸੋਚਣ ਦਾ ਸਮਾਂ ਆ ਗਿਆ ਹੈ। ਆਸੀਆਨ ਨਾਲ ਭਾਰਤ ਦੇ ਸਬੰਧ ਪੁਰਾਣੇ ਹਨ ਅਤੇ ਉਹ ਇਸ ਨੂੰ ਮਜ਼ਬੂਤ ਕਰਨਾ ਚਾਹੁੰਦਾ ਹੈ।




ਫਿਲਪੀਨਜ਼ ਦੇ ਤਿੰਨ ਦਿਨਾਂ ਦੌਰੇ ਤੋਂ ਬਾਅਦ ਪ੍ਰਧਾਨ ਮੰਤਰੀ ਭਾਰਤ ਲਈ ਰਵਾਨਾ ਹੋਏ। ਆਸੀਆਨ ਵਿੱਚ ਹਿੱਸਾ ਲੈਣ ਤੋਂ ਇਲਾਵਾ ਉਨ੍ਹਾਂ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਸਮੇਤ ਕਈ ਨੇਤਾਵਾਂ ਨਾਲ ਮੀਟਿੰਗਾਂ ਕੀਤੀਆਂ। ਮੋਦੀ ਨੇ ਫਿਲਪੀਨਜ਼ ਦੇ ਰਾਸ਼ਟਰਪਤੀ ਰੋਡਰੀਗੋ ਦੁਤਰਤੇ ਨਾਲ ਦੁਪਾਸੜ ਸਬੰਧਾਂ ਨੂੰ ਮਜ਼ਬੂਤ ਕਰਨ ਬਾਰੇ ਗੱਲਬਾਤ ਕੀਤੀ। ਇਸ ਤੋਂ ਬਾਅਦ ਦੋਵਾਂ ਮੁਲਕਾਂ ਨੇ ਸੁਰੱਖਿਆ ਸਮੇਤ ਕਈ ਖੇਤਰਾਂ ਵਿੱਚ ਸਹਿਯੋਗ ਬਾਰੇ ਚਾਰ ਸਮਝੌਤੇ ਕੀਤੇ। ਇਸ ਦੇ ਨਾਲ ਹੀ ਉਨ੍ਹਾਂ ਜਪਾਨ ਦੇ ਹਮਰੁਤਬਾ ਸ਼ਿੰਜ਼ੋ ਅਬੇ ਨਾਲ ਦੋਵਾਂ ਮੁਲਕਾਂ ਵਿਚਾਲੇ ਰਣਨੀਤਕ ਸਾਂਝ ਵਧਾਉਣ ਲਈ ਗੱਲਬਾਤ ਕੀਤੀ। ਉਨ੍ਹਾਂ ਨੇ ਆਸਟਰੇਲੀਆ ਦੇ ਹਮਰੁਤਬਾ ਮੈਲਕਮ ਟਰਨਬੁਲ, ਵੀਅਤਨਾਮ ਦੇ ਪ੍ਰਧਾਨ ਮੰਤਰੀ ਨਗੁਇਨ ਜ਼ੁਆਨ ਫੁਕ, ਬਰੁਨਈ ਦੇ ਸੁਲਤਾਨ ਹਸਨਲ ਬੋਲਖੀ ਅਤੇ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਨਾਲ ਵਪਾਰ ਅਤੇ ਨਿਵੇਸ਼ ਵਿੱਚ ਸਹਿਯੋਗ ਵਧਾਉਣ ਦੇ ਮੁੱਦੇ 'ਤੇ ਚਰਚਾ ਕੀਤੀ।

# ਅਮਰੀਕਾ-ਚੀਨ ਇਕੱਠਿਆਂ ਸੁਲਝਾ ਸਕਦੇ ਨੇ ਆਲਮੀ ਮੁਸ਼ਕਲਾਂ: ਟਰੰਪ

**ਸਫ਼ਾ ਇਕ ਦਾ ਬਾਕੀ**

ਨਿਕਲੇ ਟਰੰਪ ਜਦੋਂ ਚੀਨ ਪਹੁੰਚੇ ਤਾਂ ਉਨ੍ਹਾਂ ਨੂੰ ਗ੍ਰੇਟ ਹਾਲ ਆਫ਼ ਪੀਪਲ 'ਚ 21 ਬੰਦੂਕਾਂ ਦੀ ਸਲਾਮੀ ਦਿੱਤੀ ਗਈ। ਟਰੰਪ ਨੇ ਕਿਹਾ ਕਿ ਚੀਨ ਅਤੇ ਅਮਰੀਕਾ ਦੇ ਨੁਮਾਇੰਦਿਆਂ ਦੀ ਬੈਠਕ ਸ਼ਾਨਦਾਰ ਰਹੀ ਅਤੇ ਉੱਤਰੀ ਕੋਰੀਆ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। 'ਸਾਨੂੰ ਤੇਜ਼ੀ ਨਾਲ ਕਾਰਵਾਈ ਕਰਨੀ ਪਏਗੀ ਅਤੇ ਚੀਨ ਹੋਰਾਂ ਨਾਲੋਂ ਤੇਜ਼ੀ ਨਾਲ ਇਸ ਮੁਸ਼ਕਲ ਦਾ ਨਿਪਟਾਰਾ ਕਰੇਗਾ।' ਦੁਵੱਲੇ ਵਪਾਰ ਦੇ ਮਾਮਲੇ 'ਚ 370 ਅਰਬ ਡਾਲਰ ਤੋਂ ਵੱਧ ਦੇ ਅਸੰਤੁਲਨ ਦਾ ਹਵਾਲਾ ਦਿੰਦਿਆਂ ਟਰੰਪ ਨੇ ਅਮਰੀਕਾ ਦੀਆਂ ਪਿਛਲੀਆਂ ਸਰਕਾਰਾਂ ਨੂੰ ਇਸ ਲਈ ਦੋਸ਼ੀ ਠਹਿਰਾਇਆ। ਇਸ ਤੋਂ ਪਹਿਲਾਂ ਟਰੰਪ ਦਾ ਸਵਾਗਤ ਕਰਦਿਆਂ ਸ਼ੀ ਨੇ ਕਿਹਾ ਕਿ ਦੋਹਾਂ ਵਿਚਕਾਰ ਕੱਲ ਤੋਂ ਚੀਨ-ਅਮਰੀਕਾ ਸਬੰਧਾਂ ਅਤੇ ਸਾਂਝੇ ਹਿੱਤਾਂ ਵਾਲੇ ਅਹਿਮ ਮੁੱਦਿਆਂ 'ਤੇ ਡੂੰਘੀਆਂ ਵਿਚਾਰਾਂ ਹੋਈਆਂ ਹਨ। ਉਨ੍ਹਾਂ ਉੱਤਰੀ ਕੋਰੀਆ ਪਰਮਾਣੂ ਪ੍ਰੋਗਰਾਮ ਅਤੇ ਅਫ਼ਗਾਨਿਸਤਾਨ ਦੇ ਮੁੱਦਿਆਂ ਨੂੰ ਸੁਲਝਾਉਣ 'ਚ ਸਹਿਯੋਗ ਵਧਾਉਣ ਦੀ ਵਕਾਲਤ ਕੀਤੀ। ਟਰੰਪ ਨੇ ਸ਼ੀ ਨੂੰ 'ਚੀਨ ਦਾ ਬਾਦਸ਼ਾਹ' ਕਰਾਰ ਦਿੱਤਾ ਜਦਕਿ ਸ਼ੀ ਨੇ ਕਿਹਾ ਕ ਟਰੰਪ ਦੇ ਚੀਨ ਦੌਰੇ ਨਾਲ ਹਾਂ-ਪੱਖੀ ਅਤੇ ਅਹਿਮ ਨਤੀਜੇ ਨਿਕਲਣਗੇ।

**ਦੱਖਣੀ ਏਸ਼ੀਆ 'ਚੋਂ ਅਤਿਵਾਦ ਦੇ ਖ਼ਾਤਮੇ ਲਈ ਸਹਿਮਤੀ**

ਪੇਈਚਿੰਗ: ਚੀਨ ਨੇ ਕਿਹਾ ਹੈ ਕਿ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਅਮਰੀਕੀ ਹਮਰੁਤਬਾ ਡੋਨਲਡ ਟਰੰਪ ਦੱਖਣੀ ਏਸ਼ੀਆ 'ਚ ਸ਼ਾਂਤੀ ਅਤੇ ਸਥਿਰਤਾ ਬਹਾਲੀ ਤੇ ਅਤਿਵਾਦ ਦੇ ਟਾਕਰੇ ਲਈ ਰਜ਼ਾਮੰਦ ਹੋ ਗਏ ਹਨ। ਇਹ ਫ਼ੈਸਲਾ ਉਸ ਸਮੇਂ ਹੋਇਆ ਹੈ ਜਦੋਂ ਅਮਰੀਕਾ ਵੱਲੋਂ ਪਾਕਿਸਤਾਨ 'ਤੇ ਅਤਿਵਾਦੀਆਂ ਦੇ ਸੁਰੱਖਿਅਤ ਟਿਕਾਣਿਆਂ ਨੂੰ ਖ਼ਤਮ ਕਰਨ ਲਈ ਦਬਾਅ ਬਣਾਇਆ ਜਾ ਰਿਹਾ ਹੈ। ਗੱਲਬਾਤ ਦੌਰਾਨ ਸ਼ੀ ਅਤੇ ਟਰੰਪ ਨੇ ਅਫ਼ਗਾਨਿਸਤਾਨ ਬਾਰੇ ਵਿਚਾਰ ਵਟਾਂਦਰਾ ਕੀਤਾ ਅਤੇ ਉਥੇ ਸ਼ਾਂਤੀ ਲਿਆਉਣ ਪ੍ਰਤੀ ਮਿਲ ਕੇ ਕੰਮ ਕਰਨ ਦੀ ਵਚਨਬੱਧਤਾ ਦੁਹਰਾਈ। ਵਟਾਂਦਰਾ ਕੀਤਾ। ਦੋਹਾਂ ਆਗੂਆਂ ਦਰਮਿਆਨ ਬੈਠਕ ਤੋਂ ਬਾਅਦ ਟਰੰਪ ਨੇ ਕਿਹਾ ਕਿ ਅਤਿਵਾਦੀ ਮਨੁੱਖਤਾ ਲਈ ਖ਼ਤਰਾ ਹਨ।

**ਚੀਨ ਨਾਲ 250 ਅਰਬ ਡਾਲਰ ਦੇ ਕਾਰੋਬਾਰੀ ਸੌਦੇ**

ਪੇਈਚਿੰਗ: ਚੀਨ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਪਲੇਠੇ ਦੌਰੇ ਮੌਕੇ ਅਮਰੀਕਾ ਨਾਲ 250 ਅਰਬ ਡਾਲਰ ਤੋਂ ਵੱਧ ਦੇ ਸੌਦਿਆਂ 'ਤੇ ਦਸਤਖ਼ਤ ਕੀਤੇ। ਇਸ ਮੌਕੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੀ ਹਾਜ਼ਰ ਸਨ। ਟਰੰਪ ਨੇ ਦੁਵੱਲੇ ਕਾਰੋਬਾਰੀ ਸਬੰਧਾਂ ਦੀ ਵਕਾਲਤ ਕਰਦਿਆਂ ਕਿਹਾ ਕਿ ਦੋਵੇਂ ਮੁਲਕਾਂ ਨੂੰ ਇਕੋ ਜਿਹਾ ਸਹਿਯੋਗ ਕਰਨਾ ਪਏਗਾ। ਆਪਣੀ ਟਿੱਪਣੀ 'ਚ ਸ਼ੀ ਨੇ ਦੋਹਾਂ ਮੁਲਕਾਂ ਦਰਮਿਆਨ ਸੁਲ੍ਹਾ ਸਫ਼ਾਈ ਦੀ ਪੇਸ਼ਕਸ਼ ਵੀ ਕੀਤੀ।

# ਇੰਝ ਰੱਖੋ ਖੁਦ ਨੂੰ ਤਣਾਅ ਮੁਕਤ



ਬੇਫਿਕਰ ਅਤੇ ਸ਼ਾਂਤੀਪੂਰਨ ਜ਼ਿੰਦਗੀ ਦੀ ਚਾਹਤ ਭਲਾ ਕਿਸਨੂੰ ਨਹੀਂ ਹੁੰਦੀ ਪਰ ਕਈ ਤਰ੍ਹਾਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਕੁਝ ਵਿਰਲੇ ਲੋਕ ਹੀ ਅਜਿਹੇ ਹੁੰਦੇ ਹਨ, ਜੋ ਇਸ ਨੂੰ ਪ੍ਰਾਪਤ ਕਰਦੇ ਹਨ। ਜ਼ਿਆਦਾਤਰ ਦੇ ਪੱਲੇ ਤਾਂ ਚਿੰਤਾ ਅਤੇ ਤਣਾਅ ਭਰੀਆਂ ਉਲਝਣਾਂ ਹੀ ਪੈਂਦੀਆਂ ਹਨ। ਉਨਾਂ ਨੂੰ ਨਿਰਾਸ਼ਾ ਅਤੇ ਤਣਾਅ ਵਿਚਾਲੇ ਉਲਝਦਿਆਂ, ਫਸਦਿਆਂ ਜ਼ਿੰਦਗੀ ਬਿਤਾਉਣੀ ਪੈਂਦੀ ਹੈ। ਤਣਾਅ ਤੋਂ ਮੁਕਤੀ ਲਈ ਪੂਰੀ ਦੁਨੀਆ ਦੇ ਕਈ ਵਿਗਿਆਨੀਆਂ ਨੇ ਵੱਖ-ਵੱਖ ਕਿਸਮ ਦੀਆਂ ਖੋਜਾਂ ਕੀਤੀਆਂ ਹਨ ਅਤੇ ਇਸ ਤੋਂ ਮੁਕਤੀ ਦੇ ਕੁਝ ਸੌਖੇ ਉਪਾਅ ਵੀ ਲੱਭੇ ਹਨ। ਪੇਸ਼ ਹਨ, ਇਨਾਂ ’ਚੋਂ ਹੀ ਅਸਾਨੀ ਨਾਲ ਵਰਤੋਂ ‘ਚ ਲਿਆਂਦੇ ਜਾ ਸਕਣ ਵਾਲੇ ਕੁਝ ਉਪਾਅ-

**ਖੁਸ਼ ਰਹਿਣ ਦੀ ਆਦਤ ਪਾਓ**

ਮਾਹਿਰਾਂ ਦਾ ਕਹਿਣੈ ਕਿ ਹੱਸਣ ਵੇਲੇ ਦਿਮਾਗ ’ਚੋਂ ਐਂਡੋਫ੍ਰਿਨ ਨਾਮੀ ਰਸਾਇਣ ਰਿਸਦਾ ਹੈ, ਜੋ ਮਾਨਸਿਕ ਤਣਾਅ ਹੈਰਾਨੀਜਨਕ ਢੰਗ ਨਾਲ ਘੱਟ ਕਰਦਾ ਹੈ। ਇਹ ਰਸਾਇਣ ਸਰੀਰ ਦੀ ਪ੍ਰਤੀਰੋਧਕ ਸਮਰੱਥਾ ਵੀ ਵਧਾਉਂਦਾ ਹੈ। ਤੁਸੀਂ ਕਿੰਨੇ ਵੀ ਬਿਜ਼ੀ ਕਿਉਂ ਨਾ ਹੋਵੋ, ਆਪਣੇ ਜੀਵਨ ਸਾਥੀ ਅਤੇ ਬੱਚਿਆਂ ਨਾਲ ਹੱਸਣਾ-ਖਿੜਖਿੜਾਉਣਾ ਨਾ ਭੁੱਲੋ।

**ਸੁਖਾਵੀਆਂ ਘੜੀਆਂ ਨੂੰ ਯਾਦ ਕਰੋ**

ਇਕ ਯਾਦ ਸਾਨੂੰ ਦੁਖੀ ਕਰਦੀ ਹੈ ਤਾਂ ਦੂਜੀ ਕਾਰਨ ਸਾਡੇ ਬੁੱਲਾਂ ’ਤੇ ਮੁਸਕਰਾਹਟ ਫੈਲਣ ਲਗਦੀ ਹੈ, ਇਸ ਲਈ ਜ਼ਿੰਦਗੀ ਦੀਆਂ ਨਿਰਾਸ਼ਾਜਨਕ ਘਟਨਾਵਾਂ ਦੀ ਬਜਾਏ ਅਜਿਹੀਆਂ ਸੁਖਾਵੀਆਂ ਘੜੀਆਂ ਨੂੰ ਵਾਰ-ਵਾਰ ਯਾਦ ਕਰੋ ਅਤੇ ਸੁਣਾਓ, ਜਿਨਾਂ ਨਾਲ ਖੁਸ਼ੀ ਮਿਲੇ।

**ਭੋਜਨ ’ਚ ਅਸੰਜਮ ਅਤੇ ਲਾਪ੍ਰਵਾਹੀ ਨਾ ਵਰਤੋ**

ਭੋਜਨ ਸੰਬੰਧੀ ਅਸੰਜਮ ਅਤੇ ਲਾਪ੍ਰਵਾਹੀ ਵੀ ਤਣਾਅ ਦਾ ਇਕ ਮੁਖ ਕਾਰਨ ਹੈ। ਬੇਹੱਦ ਭੋਜਨ ਕਾਰਨ ਪੇਟ ‘ਚ ਬਦਹਜ਼ਮੀ, ਕਬਜ਼, ਸਰੀਰ ‘ਚ ਆਲਸ ਅਤੇ ਦਿਮਾਗ ‘ਚ ਭਾਰੇਪਣ ਦੀ ਸ਼ਿਕਾਇਤ ਬਣੀ ਰਹਿੰਦੀ ਹੈ। ਪੇਟ ਹਲਕਾ ਰਹੇ ਤਾਂ ਸਰੀਰ ਅਤੇ ਦਿਲ-ਦਿਮਾਗ ਸਾਰੇ ਹਲਕੇ, ਚੁਸਤੀ ਭਰਪੂਰ ਅਤੇ ਸ਼ਾਂਤ ਰਹਿੰਦੇ ਹਨ।

**ਕਲਾਤਮਕ ਰੁਚੀਆਂ ਉਭਾਰੋ**

ਲਿਖਣ, ਪੇਂਟਿੰਗ, ਡਰਾਇੰਗ, ਨ੍ਰਿਤ, ਡਰਾਮਾ ਆਦਿ ਕਲਾਤਮਕ ਰੁਚੀਆਂ ਦੀ ਪੇਸ਼ਕਾਰੀ ਨਾਲ ਤਣਾਅ ਨੂੰ ਸ਼ਾਨਦਾਰ ਢੰਗ ਨਾਲ ਘਟਾਇਆ ਜਾ ਸਕਦਾ ਹੈ। ਵਿਗਿਆਨੀਆਂ ਮੁਤਾਬਿਕ ਕਲਾਤਮਕ ਪੇਸ਼ਕਾਰੀ ਰਾਹੀਂ ਦਿਮਾਗ ਦੇ ਦੋਹਾਂ ਗੋਲਾਰਧਾਂ ਵਿਚਾਲੇ ਸੰਬੰਧਾਂ ‘ਚ ਮਜ਼ਬੂਤੀ ਵਧਦੀ ਹੈ, ਜੋ ਸਮੱਸਿਆਵਾਂ ਦੇ ਹੱਲ ਨੂੰ ਸੌਖਾ ਬਣਾਉਂਦੀ ਹੈ ਅਤੇ ਮੁਸ਼ਕਿਲਾਂ ਨਾਲ ਜੂਝਣ ਦੀ ਸ਼ਕਤੀ ਵਧਾ ਲੈਂਦੀ ਹੈ।

**ਮਨਪਸੰਦ ਸੰਗੀਤ ਨੂੰ ਬਣਾਓ ਮਨ ਦਾ ਮੀਤ**

ਮਨਪਸੰਦ ਸੰਗੀਤ ਤਣਾਅ ਤੋਂ ਰਾਹਤ ਦਾ ਪ੍ਰਭਾਵਸ਼ਾਲੀ ਉਪਾਅ ਹੈ। ਵਿਗਿਆਨੀਆਂ ਨੇ ਦੇਖਿਆ ਹੈ ਕਿ ਸੂਰਜ ਡੁੱਬਣ ਵੇਲੇ ਸੰਗੀਤ ਸੁਣਨ ਨਾਲ ਦਿਮਾਗ ’ਚੋਂ ਐਂਡੋਫ੍ਰਿਨ ਨਾਮੀ ਰਸਾਇਣ ਨਿਕਲਦਾ ਹੈ, ਜੋ ਰੋਗ ਪ੍ਰਤੀਰੋਧਕ ਸਮਰੱਥਾ ਨੂੰ ਮਜ਼ਬੂਤ ਬਣਾਉਂਦਾ ਹੈ ਅਤੇ ਤਣਾਅ ਤੋਂ ਰਾਹਤ ਦਿੰਦਾ ਹੈ।

**ਕੁਦਰਤ ਪ੍ਰੇਮੀ ਬਣੋ**

ਹਫਤੇ ‘ਚ ਕਿਸੇ ਵੀ ਦਿਨ ਕਿਸੇ ਸੁਰਮਈ ਸਥਾਨ ’ਤੇ ਜਾਂ ਰੋਜ਼ਾਨਾ ਆਲੇ-ਦੁਆਲੇ ਕੁਦਰਤ ਦੀ ਗੋਦ ‘ਚ ਘੁੰਮ-ਫਿਰ ਕੇ ਮਨ ਨੂੰ ਹਲਕਾ ਅਤੇ ਤਰੋਤਾਜ਼ਾ ਕੀਤਾ ਜਾ ਸਕਦਾ ਹੈ।

**ਸੁਭਾਅ ਸੰਬੰਧੀ ਖਾਮੀਆਂ ਸੁਧਾਰੋ**

ਇਸ ਸੰਦਰਭ ’ਚ ਦੂਜਿਆਂ ਦਾ ਬਣਦਾ ਸਤਿਕਾਰ ਕਰੋ। ਦੂਜਿਆਂ ਦੇ ਕੰਮਾਂ ’ਚ ਬੇਲੋੜੀ ਦਖਲਅੰਦਾਜ਼ੀ ਨਾ ਕਰੋ। ਘੱਟ ਬੋਲੋ ਅਤੇ ਬਹੁਤਾ ਸੁਣੋ। ਅਪਣੇ ਕੰਮ ਨੂੰ ਈਮਾਨਦਾਰੀ ਨਾਲ ਕਰੋ। ਜ਼ਿੱਦੀਪਣ ਨੂੰ ਤਿਆਗ ਦਿਓ। ਸਭ ਨਾਲ ਤਾਲਮੇਲ ਕਾਇਮ ਕਰਕੇ ਸੁਹਿਰਦਤਾ ਭਰਪੂਰ ਵਾਤਾਵਰਣ ਬਣਾਈ ਰੱਖੋ।

**ਅਧਿਆਤਮਕ ਜੀਵਨ ਜੀਓ**

ਅਧਿਆਤਮਕ ਇਲਾਜ ਧਿਆਨ-ਸਾਧਨਾ ਆਦਿ ਰਾਹੀਂ ਅਪਣੇ ਅੰਤਰਮਨ ਨੂੰ ਮਜ਼ਬੂਤ ਬਣਾਇਆ ਜਾ ਸਕਦਾ ਹੈ। ਅਧਿਆਤਮ ਦਰਸ਼ਨ ਰਾਹੀਂ ਜੀਵਨ ਦੇ ਦ੍ਰਿਸ਼ਟੀਕੋਣ ਅਤੇ ਕੰਮ ਕਰਨ ਦੇ ਢੰਗ ’ਚ ਲੋੜੀਂਦਾ ਫੇਰਬਦਲ ਕਰਕੇ ਜੀਵਨ ਨੂੰ ਵਧੇਰੇ ਰੋਮਾਂਚਕਾਰੀ ਅਤੇ ਤਣਾਅ ਰਹਿਤ ਬਣਾਇਆ ਜਾ ਸਕਦਾ ਹੈ।

## ਇਨ੍ਹਾਂ ਨੂੰ ਵੀ ਅਜ਼ਮਾ ਕੇ ਦੇਖੋ

- ਦਿਮਾਗੀ ਤਣਾਅ ਤੋਂ ਪ੍ਰੇਸ਼ਾਨ ਰਹਿੰਦੇ ਹੋ ਤਾਂ ਅਮਰੂਦ ਨੂੰ ਰਾਤ ਭਰ ਪਾਣੀ ਵਿਚ ਭਿਓਂ ਕੇ ਰੱਖ ਦਿਓ। ਇਸਨੂੰ ਸਵੇਰੇ ਖਾਲੀ ਪੇਟ ਖਾਣ ਨਾਲ ਦਿਮਾਗੀ ਤਣਾਅ ਤੋਂ ਛੁਟਕਾਰਾ ਮਿਲਦਾ ਹੈ ਅਤੇ ਦਿਮਾਗ ਦੀਆਂ ਮਾਸਪੇਸ਼ੀਆਂ ਨੂੰ ਵੀ ਤਾਕਤ ਮਿਲਦੀ ਹੈ।
- ਸਿਰ ਦੇ ਵਾਲ ਝੜ ਰਹੇ ਹੋਣ ਤੇ ਚਿੱਟੇ ਹੋ ਰਹੇ ਹੋਣ ਤਾਂ ਦੋਵਾਂ ਹੱਥਾਂ ਦੀਆਂ ਸਾਰੀਆਂ ਉਂਗਲਾਂ ਦੇ ਨਹੁੰਆਂ ਨੂੰ ਆਪਸ ਵਿਚ ਰੋਜ਼ਾਨਾ 10-15 ਮਿੰਟ ਘਿਸਾਉਣ ਨਾਲ ਫਾਇਦਾ ਮਿਲਦਾ ਹੈ।



- ਯਾਦ-ਸ਼ਕਤੀ ਤੇ ਦਿਮਾਗ ਬਚਪਨ ਤੋਂ ਹੀ ਕਮਜ਼ੋਰ ਹੋ ਗਿਆ ਹੋਵੇ ਤਾਂ ਰੋਜ਼ਾਨਾ ਸਵੇਰੇ ਉੱਠਦਿਆਂ ਹੀ ਮੰਜਨ ਕਰਨ ਤੋਂ ਬਾਅਦ ਮਲਾਈ ਨਾਲ ਸ਼ਹਿਦ ਦੀ 2-3 ਮਹੀਨੇ ਵਰਤੋਂ ਕਰੋ।



## ਜ਼ਿਆਦਾ ਗੁੱਸਾ ਮਤਲਬ ਦਿਲ ਦੀਆਂ ਬੀਮਾਰੀਆਂ

ਓਹੀਓ ਸਟੇਟ ਯੂਨੀਵਰਸਿਟੀ ਦੇ ਮਾਹਿਰਾਂ ਵਲੋਂ ਕੀਤੀ ਗਈ ਇਕ ਖੋਜ ਅਨੁਸਾਰ ਗੁੱਸਾ ਦਿਲ ਦੀਆਂ ਬੀਮਾਰੀਆਂ ਦਾ ਪ੍ਰਮੁੱਖ ਕਾਰਨ ਹੈ। ਇਹ ਖੋਜ ਲਾਈਫ ਸਾਇੰਸ ਜਨਰਲ ‘ਚ ਛਾਪੀ ਗਈ ਹੈ, ਜਿਸ ਅਨੁਸਾਰ ਗੁੱਸੇ ਦਾ ਸੰਬੰਧ ਇਕ ਰਸਾਇਣ ਨਾਲ ਹੈ, ਜੋ ਦਿਲ ਦੀ ਬੀਮਾਰੀ ਦਾ ਕਾਰਨ ਬਣਦਾ ਹੈ। ਜਿਨਾਂ ਵਿਅਕਤੀਆਂ ਨੂੰ ਗੁੱਸਾ ਜ਼ਿਆਦਾ ਆਉਂਦਾ ਹੈ, ਉਨਾਂ ਦੇ ਖੂਨ ਵਿਚ ਹੋਮੋਸਿਸਟਿਨ ਨਾਂ ਦੇ ਰਸਾਇਣ ਦਾ ਲੈਵਲ ਜ਼ਿਆਦਾ ਦੇਖਿਆ ਜਾਂਦਾ ਹੈ, ਜੋ ਕੋਰੋਨਰੀ ਦਿਲ ਦੀ ਬੀਮਾਰੀ ਦਾ ਪ੍ਰਮੁੱਖ ਕਾਰਨ ਹੈ। ਖੋਜ ਦੌਰਾਨ ਇਹ ਵੀ ਦੇਖਿਆ ਗਿਆ ਕਿ ਔਰਤਾਂ ਦੇ ਮੁਕਾਬਲੇ ਇਹ ਲੈਵਲ ਮਰਦਾਂ ਵਿਚ ਜ਼ਿਆਦਾ ਸੀ।

# ਚੱਕਰ ਆਉਣਾ ਹੋ ਸਕਦੈ ਗੰਭੀਰ

ਲੇਟ ਕੇ ਜਾਂ ਬੈਠ ਕੇ ਉੱਠਣ ਵੇਲੇ ਚੱਕਰ ਆਉਣਾ ਜਾਂ ਬੇਹੋਸ਼ ਹੋਣ ਦਾ ਅਕਸਰ ਮੁਖ ਕਾਰਨ ਬਲੱਡ ਪ੍ਰੈਸ਼ਰ ‘ਚ ਕਮੀ ਆਉਣਾ ਹੁੰਦਾ ਹੈ। ਇਸ ਦੇ ਕਾਰਨਾਂ ‘ਚ ਅੰਦਰੂਨੀ ਤੌਰ ‘ਤੇ ਖੂਨ ਰਿਸਣਾ, ਦਿਲ ਦੀਆਂ ਗੰਭੀਰ ਸਮੱਸਿਆਵਾਂ ਅਤੇ ਗੰਭੀਰ ਨਿਰਜਲੀਕਰਨ ਹੋ ਸਕਦਾ ਹੈ। ਇਹ ਕੁਝ ਖਾਸ ਕਿਸਮ ਦੀਆਂ ਦਵਾਈਆਂ ਦੇ ਸਾਈਡ ਇਫੈਕਟਸ ਵੀ ਹੋ ਸਕਦੇ ਹਨ। ਇਹ ਜਾਨਲੇਵਾ ਵੀ ਹੋ ਸਕਦੀਆਂ ਹਨ ਅਤੇ ਚੱਕਰ ਆਉਣ ਕਾਰਨ ਅਚਾਨਕ ਡਿੱਗਣ ਨਾਲ ਲੱਗਣ ਵਾਲੀ ਸੱਟ ਵੀ ਜਾਨ ਲੈ ਸਕਦੀ ਹੈ। ਸਰੀਰ ਦੇ ਸਾਰੇ ਅੰਗਾਂ ਨੂੰ ਰੁਟੀਨ ‘ਚ ਅਤੇ ਬਿਨਾਂ ਰੁਕਾਵਟ ਖੂਨ ਦੇ ਸੰਚਾਰ ਦੀ ਲੋੜ ਹੁੰਦੀ ਹੈ। ਖੂਨ ਨਾਲ ਮਿਲਣ ਵਾਲੇ ਪੋਸ਼ਣ ਅਤੇ ਆਕਸੀਜਨ ਤੋਂ ਬਿਨਾਂ ਸਭ ਤੋਂ ਪਹਿਲਾਂ ਦਿਮਾਗ ਕੰਮ ਕਰਨਾ ਬੰਦ ਕਰ ਦਿੰਦਾ ਹੈ। ਦਿਮਾਗ ਨੂੰ ਹੋਣ ਵਾਲੇ ਖੂਨ ਦੇ ਸੰਚਾਰ ‘ਚ ਆਉਣ ਵਾਲੀ ਹਲਕੀ ਜਿਹੀ ਤਬਦੀਲੀ ਨਾਲ ਵੀ ਚੱਕਰ ਆਉਣ ਜਾਂ ਬੇਹੋਸ਼ ਹੋਣ ਵਰਗੇ ਲੱਛਣ ਪੈਦਾ ਹੋਣ ਲੱਗਦੇ ਹਨ।

ਜਦੋਂ ਤੁਸੀਂ ਲੇਟਣ ਪਿੱਛੋਂ ਉੱਠਦੇ ਹੋ ਜਾਂ ਬੈਠ ਕੇ ਉੱਠਦੇ ਹੋ ਤਾਂ ਤੁਹਾਡੇ ਸਰੀਰ ਵਿਚਲੀਆਂ ਖੂਨ ਦੀਆਂ ਨਾੜੀਆਂ ਅਤੇ ਦਿਲ ਆਪਣੇ ਆਪ ਨੂੰ ਵਿਵਸਥਿਤ ਕਰ ਲੈਂਦੇ ਹਨ। ਇਸ ਦੇ ਲਈ ਦਿਲ ਦੇ ਹੇਠਾਂ ਵਾਲੀਆਂ ਖੂਨ ਦੀਆਂ ਨਾੜੀਆਂ ਸੁੰਗੜ ਜਾਂਦੀਆਂ ਹਨ, ਜਦਕਿ ਦਿਲ ਦੇ ਉੱਪਰ ਵਾਲੀਆਂ ਫੈਲ ਜਾਂਦੀਆਂ ਹਨ, ਜਿਨਾਂ ਨਾਲ ਖੂਨ ਦਿਮਾਗ ਵੱਲ ਜਾਣ ਲੱਗਦਾ ਹੈ ਤਾਂਕਿ ਦਿਮਾਗ ਵੱਲ ਜਾਣ ਵਾਲੇ ਖੂਨ ਦੀ ਮਾਤਰਾ ਅਤੇ ਦਬਾਅ ਲੋੜੀਂਦਾ ਅਤੇ ਸਹੀ ਬਣਿਆ ਰਹੇ।

ਜੇਕਰ ਖੂਨ ਰਿਸਣ ਜਾਂ ਨਿਰਜਲੀਕਰਨ ਕਾਰਨ ਸਰੀਰ ‘ਚ ਲੋੜੀਂਦਾ ਖੂਨ ਜਾਂ ਹੋਰ ਜ਼ਰੂਰੀ ਤਰਲ ਨਹੀਂ ਹਨ ਤਾਂ ਸਰੀਰ ਵਲੋਂ ਖੁਦ ਕੀਤੀਆਂ ਜਾਣ ਵਾਲੀਆਂ ਉਪਰੋਕਤ ਤਬਦੀਲੀਆਂ ਦੇ ਬਾਵਜੂਦ ਦਿਮਾਗ ਨੂੰ ਲੋੜੀਂਦੀ ਮਾਤਰਾ ‘ਚ ਖੂਨ ਨਹੀਂ ਪਹੁੰਚ ਸਕੇਗਾ, ਜਿਸ ਨਾਲ ਤੁਹਾਨੂੰ ਚੱਕਰ ਆਏਗਾ ਜਾਂ ਤੁਸੀਂ ਬੇਹੋਸ਼ਵੀ ਹੋ ਸਕਦੇ ਹੋ।

ਇਹ ਜਾਣਨਾ ਅਹਿਮ ਹੈ ਕਿ ਦਿਲ ਦੇ ਰੋਗ ਵੀ ਉਪਰੋਕਤ ਲੱਛਣ ਪੈਦਾ ਕਰ ਸਕਦੇ ਹਨ। ਇਹ ਲੱਛਣ ਕੁਝ ਦਵਾਈਆਂ ਦੇ ਸਾਈਡ ਇਫੈਕਟ ਵੀ ਹੋ ਸਕਦੇ ਹਨ, ਇਸ ਲਈ ਚੱਕਰ ਆਉਣ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਲਈ ਡਾਕਟਰੀ ਜਾਂਚ ਜ਼ਰੂਰ ਕਰਵਾਓ। ਜੇਕਰ ਅੰਦਰ ਰਿਸਦਾ ਖੂਨ, ਗੰਭੀਰ ਨਿਰਜਲੀਕਰਨ ਜਾਂ ਦਿਲ ਦੇ ਰੋਗ ਦੇ ਕਾਰਨ ਅਜਿਹਾ ਹੋ ਰਿਹਾ ਹੋਵੇ ਤਾਂ ਸਮਾਂ ਰਹਿੰਦਿਆਂ ਇਲਾਜ ਕਰਕੇ ਜਾਨ ਬਚਾਈ ਜਾ ਸਕਦੀ ਹੈ। ਬਜ਼ੁਰਗਾਂ ‘ਚ ਚੱਕਰ ਆਉਣ ਦੀ ਸਮੱਸਿਆ ਵਧੇਰੇ ਖਤਰਨਾਕ ਹੋ ਸਕਦੀ ਹੈ, ਜਿਨਾਂ ਨੂੰ ਡਿੱਗ ਕੇ ਗੰਭੀਰ ਸੱਟ ਲੱਗ ਸਕਦੀ ਹੈ।



## Classified

### GIRL WANTED

Jat Sikh Virk Boy 34 Years 6', 10+2 passed, Green Card holder, working as truck driver living in Los Angeles wants girl permanently settled or of temprary status. Contact: 909-730-0629

### ਲੜਕੀ ਦੀ ਲੋੜ

ਲਾਸ ਏਂਜਲਸ ਵਿਚ ਰਹਿ ਰਹੇ ਗਰੀਨ ਕਾਰਡ ਹੋਲਡਰ 6 ਫੁੱਟ ਦੇ 34 ਸਾਲਾ ਜੱਟ ਸਿੱਖ ਲੜਕੇ ਗੋਤ ਵਿਰਕ, 10+2 ਪਾਸ, ਟਰੱਕ ਡਰਾਇਵਰ ਲਈ ਕੱਚੀ ਜਾਂ ਪੱਕੀ ਲੜਕੀ ਦੀ ਲੋੜ ਹੈ।

ਸੰਪਰਕ ਕਰੋ : 909-730-0629

### Bride WANTED

Jatt sikh parents seeking suitable match for their handsome son residing in India, 26 years, 6' 3" tall. Degrees in Bachelors of Business and MBA. Political family background. Farming, Property and Commission Agents Business(Aahartiya) in Ludhiana district. Parents have PR in USA. Preferred well-qualified tall beautiful girl from USA. Email - navneetbhandal@gmail.com Phone - 916-992-4538

**Office for Lease in Union City, CA**



Nice clean office

1200 to 1500 Sq feet in the business area of Union City.

Best for Trucking company if extra warehouse needed.

Call at:

510-875-3279

**For Classified Contact**

510.240.5949


# 'ਕਈ ਏਅਰਲਾਈਨਾਂ ਅੰਮ੍ਰਿਤਸਰ ਤੋਂ ਉਡਾਣਾਂ ਸ਼ੁਰੂ ਕਰਨ ਲਈ ਤਿਆਰ'

**ਅੰਮ੍ਰਿਤਸਰ/ ਮਨਮੋਹਨ ਸਿੰਘ ਢਿੱਲੋਂ:**
ਅੰਮ੍ਰਿਤਸਰ ਦੇ ਗੁਰੂ ਰਾਮਦਾਸ ਜੀ ਅੰਤਰ-ਰਾਸ਼ਟਰੀ ਹਵਾਈ ਅੱਡੇ ਤੋਂ ਬਹੁਤ ਸਾਰੀਆਂ ਅੰਤਰ-ਰਾਸ਼ਟਰੀ ਏਅਰਲਾਈਨਾਂ ਉਡਾਣਾਂ ਸ਼ੁਰੂ ਕਰਨੀਆਂ ਚਾਹੁੰਦੀਆਂ ਹਨ ਜਿਨ੍ਹਾਂ ਵਿੱਚ ਦੁਬਈ ਦੀ ਫਲਾਈ ਦੁਬਈ' ਹਵਾਈ ਕੰਪਨੀ ਵੀ ਸ਼ਾਮਲ ਹੈ। ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਕਿਹਾ ਕਿ ਮੰਚ ਦੇ ਓਵਰਸੀਅਜ਼ ਸਕੱਤਰ ਸਮੀਪ ਸਿੰਘ ਵੱਲੋਂ ਫਲਾਈ ਦੁਬਈ ਦੇ ਭਾਰਤ ਤੇ ਨੇਪਾਲ ਦੇ ਰੀਜਨਲ ਮੈਨੇਜਰ ਪ੍ਰਾਣ ਦਾਸਨ ਨੂੰ ਲਿਖੇ ਪੱਤਰ ਦੇ ਉੱਤਰ ਵਿੱਚ ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਉਨ੍ਹਾਂ ਲਈ ਬਹੁਤ ਮਹੱਤਵਪੂਰਨ ਹੈ ਤੇ ਉਹ ਇੱਥੋਂ ਉਡਾਣਾਂ ਸ਼ੁਰੂ ਕਰਨਾ ਚਾਹੁੰਦੇ ਹਨ, ਪਰ ਦੋਵਾਂ ਦੇਸ਼ਾਂ ਦੇ ਮੌਜੂਦਾ ਹਵਾਈ ਸਮਝੌਤਿਆਂ ਅਨੁਸਾਰ ਦੁਬਈ ਦੀਆਂ ਏਅਰਲਾਈਨਾਂ ਅੰਮ੍ਰਿਤਸਰ ਨਹੀਂ ਆ ਸਕਦੀਆਂ।



ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਨ੍ਹਾਂ ਸਮਝੌਤਿਆਂ ਵਿੱਚ ਸੋਧ ਕਰਨ ਦੀ ਲੋੜ ਹੈ ਤਾਂ ਜੋ ਉਡਾਣਾਂ ਦੀਆਂ ਸਵਾਰੀਆਂ ਦੀ ਸਮਰੱਥਾ ਵੀ ਵਧਾਈ ਜਾ ਸਕੇ। ਉਨ੍ਹਾਂ ਦੱਸਿਆ ਕਿ ਤੁਰਕੀ ਦੀ ਟਰਕਿਸ਼ ਏਅਰਵੇਜ਼' ਵੀ ਅੰਮ੍ਰਿਤਸਰ ਆਉਣਾ ਚਾਹੁੰਦੀ ਹੈ ਪਰ ਭਾਰਤ ਸਰਕਾਰ ਉਸ ਨੂੰ ਆਗਿਆ ਨਹੀਂ ਦੇ ਰਹੀ। ਭਾਰਤ ਸਰਕਾਰ ਵੱਲੋਂ ਫਲਾਈ ਦੁਬਈ ਤੇ ਓਮਾਨ ਵਰਗੀਆਂ ਕਈ ਕੰਪਨੀਆਂ ਭਾਰਤ ਲਈ ਆਪਣੀਆਂ ਉਡਾਣਾਂ ਸ਼ੁਰੂ ਕਰਨਾ ਚਾਹੁੰਦੀਆਂ ਹਨ। ਏਅਰ ਏਸ਼ੀਆ ਨੇ ਦੱਸਿਆ ਕਿ ਉਹ ਬੈਂਕਾਕ ਜਾਂ ਕੁਆਲਾਲੰਪੁਰ ਤੋਂ ਅੰਮ੍ਰਿਤਸਰ ਲਈ ਉਡਾਣਾਂ ਸ਼ੁਰੂ ਕਰਨ ਲਈ ਮੁਲੰਕਣ ਕਰ ਰਹੇ ਹਨ। ਬ੍ਰਿਟਿਸ਼ ਏਅਰਵੇਜ਼, ਵਰਜਿਨ ਐਟਲਾਂਟਿਕ ਤੇ ਏਅਰ ਕੈਨੇਡਾ ਨੇ ਲਿਖਿਆ ਹੈ ਕਿ ਉਨ੍ਹਾਂ ਨੂੰ ਵੱਡੀ ਗਿਣਤੀ ਵਿੱਚ ਵਿਦੇਸ਼ਾਂ ਤੋਂ ਪੰਜਾਬ ਆਉਂਦੇ ਯਾਤਰੂਆਂ ਬਾਰੇ ਗਿਆਨ ਹੈ ਪਰ ਇਸ ਸਮੇਂ ਉਹ ਭਾਰਤ ਲਈ ਹੋਰ ਉਡਾਣਾਂ ਸ਼ੁਰੂ ਨਹੀਂ ਕਰ ਰਹੇ। ਡਾ. ਗੁਮਟਾਲਾ ਨੇ ਕਿਹਾ ਕਿ ਮੰਚ ਨੇ ਮੰਚ ਨੇ ਪੰਜਾਬ ਦੇ ਲੋਕ ਸਭਾ ਅਤੇ ਰਾਜ ਸਭਾ ਮੈਂਬਰਾਂ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸੈਰ ਸਪਾਟਾ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਦੇ ਸਰਬਪੱਖੀ ਵਿਕਾਸ ਲਈ ਤੇ ਸੈਰ ਸਪਾਟਾ ਉਦਯੋਗ ਨੂੰ ਉਤਸ਼ਾਹਤ ਕਰਨ ਲਈ ਇਨ੍ਹਾਂ ਏਅਰਲਾਈਨਾਂ ਕੋਲ ਪਹੁੰਚ ਕਰਨ ਤੇ ਜਿਹੜੀਆਂ ਏਅਰਲਾਈਨਾਂ ਆਉਣਾ ਚਾਹੁੰਦੀਆਂ ਹਨ, ਉਨ੍ਹਾਂ ਨੂੰ ਸ਼ਹਿਰੀ ਹਵਾਬਾਜ਼ੀ ਮੰਤਰੀ ਨੂੰ ਮਿਲ ਕੇ ਆਗਿਆ ਦਿਵਾਉਣ ਦੀ ਖੇਚਲ ਕਰਨ।

---

*ਸ.ਫਾ ਇਕ ਦਾ ਬਾਕੀ*

## ਭਾਰਤੀ ਕੌਂਸਲੇਟ ਦੇ ਸਹਿਯੋਗ ਨਾਲ ਕਰਵਾਏ ਸੈਮੀਨਾਰ 'ਚ 'ਦਸਤਾਰ' ਦੀ ਬੇਅਦਬੀ ਦਾ ਜ਼ੋਰਦਾਰ ਵਿਰੋਧ

ਸਿੱਖ ਭਾਈਚਾਰੇ ਦੇ ਸਰਗਰਮ ਮੈਂਬਰ ਭਜਨ ਸਿੰਘ ਭਿੰਡਰ ਨੇ ਉੱਚੀ ਆਵਾਜ ਵਿੱਚ ਇਸ ਦਾ ਜ਼ਬਰਦਸਤ ਵਿਰੋਧ ਕੀਤਾ।

ਜਿਉ ਹੀ ਸਟੇਜ ਸੈਕਟਰੀ ਨੇ ਸਟੇਜ ਤੋਂ ਕਿਹਾ ਕਿ "ਹੁਣ ਡਾ. ਸਹੋਤਾ (ਹਰਵਿੰਦਰ ਸਹੋਤਾ) ਭਾਰਤੀ ਕੌਂਸਲੇਟ ਅਸ਼ੋਕ ਵੈਂਕਟਸ਼ਨ ਦਾ ਸਨਮਾਨ ਕਰਨਗੇ" ਉਸੇ ਵੇਲੇ ਭਜਨ ਸਿੰਘ ਜੋ ਸਮਾਰੋਹ ਵਿੱਚ ਮੌਜੂਦ ਸਨ, ਨੇ ਆਪਣੀ ਕੁਰਸੀ ਤੋਂ ਉਠ ਕੇ ਜ਼ੋਰਦਾਰ ਆਵਾਜ਼ ਵਿੱਚ ਕਿਹਾ ਕਿ "ਮੈਂ ਇਸ ਹਰਕਤ ਦਾ ਵਿਰੋਧ ਕਰਦਾ ਹਾਂ।" ਉਸ ਵਕਤ ਡਾ. ਸਹੋਤਾ ਦਸਤਾਰ ਲੈ ਕੇ ਭਾਰਤੀ ਕੌਂਸਲੇਟ ਵੱਲ ਵੱਧ ਰਹੇ ਸਨ। ਭਾਰਤੀ ਕੌਂਸਲੇਟ ਮਿਸਟਰ ਅਸ਼ੋਕ ਨੂੰ ਸੰਬੋਧਨ ਹੁੰਦਿਆਂ , ਭਜਨ ਸਿੰਘ, ਜਿਹੜੇ ਸਿੱਖ ਇਨਫਰਮੇਸ਼ਨ ਸੈਂਟਰ ਦੇ ਸੰਸਥਾਪਕ ਹਨ, ਨੇ ਆਪਣਾ ਵਿਰੋਧ ਜਾਰੀ ਰੱਖਦਿਆਂ ਕਿਹਾ ਕਿ " ਗੁਰੂ ਗੋਬਿੰਦ ਸਿੰਘ ਜੀ ਮਹਾਨ ਯੋਧੇ ਸਨ ਅਤੇ ਤੁਸੀਂ ਬੁਜ਼ਦਿਲ ਸਰਕਾਰ ਦੇ ਨੁਮਾਇੰਦੇ ਹੋ, ਜਿਸ ਨੇ ਹਜ਼ਾਰਾਂ ਸਿੱਖਾਂ ਦਾ ਦਿੱਲੀ ਵਿੱਚ ਕਤਲੇਆਮ ਕੀਤਾ। ਅਸੀਂ ਇਸ ਵੱਡੇ ਦੁਖਾਂਤ ਦਾ ਅਸਰ ਭੁਗਤ ਰਹੇ ਹਾਂ। ਤੁਸੀਂ ਉਸੇ ਭਾਰਤੀ ਸਰਕਾਰ ਦੇ ਨੁਮਾਇੰਦੇ ਬਣ ਕੇ ਆਏ ਹੋ ਅਤੇ ਕਹਿ ਰਹੇ ਹੋ ਕਿ ਗੁਰੂ ਗੋਬਿੰਦ ਸਿੰਘ ਜੀ ਸੱਚ' ਦੇ ਰੱਖਿਅਕ ਸਨ ਪਰ ਤੁਸੀਂ ਇੱਥੇ ਅਸੱਤ' ਦੀ ਨੁਮਾਇੰਦਗੀ ਕਰ ਰਹੇ ਹੋ। ਤੁਸੀਂ ਕਹਿੰਦੇ ਹੋ ਕਿ ਗੁਰੂ ਗੋਬਿੰਦ ਸਿੰਘ ਜੀ ਬਰਾਬਰਤਾ' ਦਾ ਹੋਕਾ ਦਿੰਦੇ ਸਨ ਪਰ ਤੁਸੀਂ ਜਾਤ-ਪਾਤ ਦੀ ਨੁਮਾਇੰਦਗੀ ਕਰ ਰਹੇ ਹੋ। ਤੁਸੀਂ ਜਾਤੀਵਾਦ ਦੇ ਸਮਰਥਕ ਹੋ। ਤੁਹਾਡਾ ਸੰਬੰਧ ਹਿੰਦੂਤਵੀ' ਤਾਕਤਾਂ ਨਾਲ ਹੈ। ਇਸ ਤਰਾਂ ਤੁਹਾਡਾ ਇਥੇ ਆ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਨੁਮਾਇੰਦਗੀ ਕਰਨ ਦਾ ਕੋਈ ਹੱਕ ਨਹੀਂ ਬਣਦਾ। ਅਸੀਂ ਤੁਹਾਡਾ ਇੱਥੇ ਆਉਣ ਦਾ ਕਰੜੇ ਸ਼ਬਦਾਂ ਵਿੱਚ ਵਿਰੋਧ ਕਰਦੇ ਹਾਂ।"

ਇਸ ਸਮਾਰੋਹ ਨੂੰ ਭਾਰਤੀ ਕੌਂਸਲਖਾਨੇ ਦੇ ਨਾਲ ਨਾਲ ਲੌਇਲਾ ਮੈਰੀਮਾਉਂਟ ਯੂਨੀਵਰਸਿਟੀ ਦੇ ਸਿੱਖ ਅਤੇ ਜੈਨੀ ਅਧਿਆਪਨ' ਵਿਭਾਗ ਵੱਲੋਂ ਕਰਵਾਇਆ ਜਾ ਰਿਹਾ ਸੀ। ਜਦੋਂ ਭਜਨ ਸਿੰਘ ਹੁਰਾਂ ਵਿੱਰੋਧ ਕੀਤਾ ਤਾਂ ਸਮਾਰੋਹ ਦੇ ਪ੍ਰਬੰਧਕਾਂ ਨੇ ਗ੍ਰਿਫ਼ਤਾਰ ਕਰਾਉਣ' ਦੀ ਧਮਕੀ ਦਿੱਤੀ।

ਇਸ ਦੇ ਉਤਰ ਵਿੱਚ ਭਜਨ ਸਿੰਘ ਬਿੰਡਰ ਨੇ ਕਿਹਾ ਕਿ "ਮੈਨੂੰ ਗ੍ਰਿਫ਼ਤਾਰੀ ਦੀ ਕੋਈ ਪ੍ਰਵਾਹ ਨਹੀਂ ਪਰ ਤੁਸੀਂ ਭਾਰਤੀ ਕੌਂਸਲੇਟ ਦੇ ਸਿਰ ਤੇ ਗੁਰੂ ਗੋਬਿੰਦ ਸਿੰਘ ਜੀ' ਦੀ ਬਖ਼ਸ਼ਿਸ਼ ਦਸਤਾਰ ਨਹੀਂ ਰੱਖ ਸਕਦੇ। ਇਹ ਸਿੱਖੀ ਦੀ ਭਾਰੀ ਬੇਅਦਬੀ ਵਾਲੀ ਕਾਰਵਾਈ ਹੈ।" ਉਸਨੇ ਗੂੰਜਵੀਂ ਸੁਰ ਵਿੱਚ "ਦਸਤਾਰ ਨੂੰ ਇਸ ਵਿਅਕਤੀ ਤੋਂ ਦੂਰ ਲੈ ਜਾਓ!"

ਪ੍ਰਬੰਧਕਾਂ ਨੇ ਹਾਲ ਵਿੱਚ ਸੁਰੱਖਿਆ ਕਰਮੀ ਬੁਲਾ ਲਏ ਪਰ ਸਿੱਖ ਵਿਖਾਵਾਕਾਰੀ ਦਾ ਰੋਸ ਸ਼ਾਂਤੀਪੂਰਬਕ ਅਤੇ ਸਲੀਕੇ ਵਿੱਚ ਹੋਣ ਕਾਰਨ ਸੁਰੱਖਿਆ ਮੁਲਜ਼ਮਾਂ ਨੇ ਕੋਈ ਕਾਰਵਾਈ ਕਰਨ ਦੀ ਥਾਂ ਉਸਨੂੰ ਚੁੱਪ ਕਰਨ ਦੀ ਬੇਨਤੀ ਕੀਤੀ ਜਿਸ ਬਾਰੇ ਭਜਨ ਸਿੰਘ ਭਿੰਡਰ ਨੇ ਕਹਿਣਾ ਜਾਰੀ ਰੱਖਿਆ ਕਿ ਇਹ ਭਾਰਤ ਨਹੀਂ, ਅਮਰੀਕਾ ਹੈ ਤੇ ਉਸਨੂੰ ਅਪਣਾ ਜਾਇਜ਼ ਰੋਸ ਪ੍ਰਗਟਾਉਣ ਦਾ ਲੋਕ ਰਾਜੀ ਹੱਕ ਹੈ।

ਬਹੁਤ ਹੀ ਘੱਟ ਲੋਕਾਂ ਦੀ ਹਾਜ਼ਰੀ ਵਿੱਚ ਹੋ ਰਹੇ ਇਸ ਸਮਾਰੋਹ ਦੀ ਕਾਰਵਾਈ ਠੱਪ ਹੋ ਕੇ ਰਹਿ ਗਈ ਅਤੇ ਕੋਈ ਵਾਹ ਨਾ ਚਲਦੀ ਵੇਖ ਪ੍ਰਬੰਧਕਾਂ ਨੇ ਸਥਿੱਤੀ ਸੰਭਾਲਣ ਲਈ ਚਾਹ ਦੇ ਟਾਈਮ ਦੀ ਐਲਾਨ ਕਰ ਦਿੱਤਾ ਅਤੇ ਸਾਰੇ ਲੋਕ ਸੈਮੀਨਾਰ ਹਾਲ ਵਿਚੋਂ ਹੌਲੀ ਹੌਲੀ ਬਾਹਰ ਖਿਸਕ ਗਏ। ਕੁਝ ਲੋਕ ਭਜਨ ਸਿੰਘ ਭਿੰਡਰ ਦੇ ਦੁਆਲੇ ਇਕਠੇ ਹੋ ਕੇ ਉਨ੍ਹਾਂ ਨੂੰ ਜ਼ਬਰਦਸਤੀ ਚੁੱਪ ਕਰਵਾਉਣ ਦੀ ਕੋਸ਼ਿਸ਼ ਕਰਨ ਲੱਗੇ ਪਰ ਭਜਨ ਸਿੰਘ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ "ਕੋਈ ਮੈਨੂੰ ਹੱਥ ਲਾਉਣ ਦੀ ਕੋਸ਼ਿਸ਼ ਨਾ ਕਰੇ। ਸਮਾਰੋਹ ਵਿੱਚ ਹਾਜ਼ਰ ਬਹੁਤੇ ਲੋਕ ਯੋਗੀ ਭਜਨ' ਦੇ ਸਿੱਖ ਧਰਮਾ ਗਰੁੱਪ ੩੮ ਨਾਲ ਸੰਬੰਧਤ ਸਨ , ਇਸ ਲਈ ਭਜਨ ਸਿੰਘ ਨੇ ਯੋਗੀ' ਜਿਸ ਦੀ ਸੰਨ 2004 ਵਿੱਚ ਮੌਤ ਹੋ ਚੁੱਕੀ ਹੈ , ਉਸ ਉਤੇ ਨਿਊ ਯਾਰਕ ਟਾਈਮਜ' ਵਿੱਚ ਲੱਗੇ ਸਰੀਰਕ ਸੰਬੰਧਾਂ ਕਾਰਨ ਦੋਸ਼ਾਂ ਦਾ ਹਵਾਲਾ ਵੀ ਦਿੱਤਾ।

ਇਸ ਦੌਰਾਨ ਅਗਲੀ ਕਤਾਰ ਵਿੱਚ ਬੈਠੀ ਇਕ ਔਰਤ ਉੱਠ ਕੇ ਉੱਥੇ ਆ ਗਈ ਤੇ ਉਸਨੇ ਆਪਣੇ ਹੱਥ ਵਿੱਚ ਫੜਿਆ ਕਿਤਾਬਚਾ ਭਜਨ ਸਿੰਘ ਦੇ ਮਾਰਿਆ । ਦਸਿਆ ਜਾਂਦਾ ਹੈ ਕਿ ਉਹ ਔਰਤ ਮਰਹੂਮ ਜੋਗੀ ਹਰਭਜਨ ਦੀ ਧੀ ਸੀ ਤੇ ਅਪਣੇ ਪਿਓ ਦੀ ਆਲੋਚਨਾ ਕੀਤੇ ਜਾਣ ਤੋਂ ਔਖੀ ਸੀ।

ਸੁਰਖਿਆ ਗਾਰਦਾਂ ਅਤੇ ਪ੍ਰਬੰਧਕਾਂ ਨੇ ਭਜਨ ਸਿੰਘ ਦੁਆਲੇ ਘੇਰਾ ਬੰਨ੍ਹਿਆ ਪਰ ਭਜਨ ਸਿੰਘ ਨੂੰ ਬੋਲ ਕੇ ਰੋਸ ਪ੍ਰਗਟਾਉਣ ਤੋ ਰੋਕ ਨਾ ਸਕੇ। ਭਜਨ ਸਿੰਘ ਹੁਰਾਂ ਵਿਰੋਧ ਜਾਰੀ ਰੱਖਦਿਆਂ ਰਾਜ ਕਰੇਗਾ ਖਾਲਸਾ' , ਮੂਲ ਨਿਵਾਸੀ ਜ਼ਿੰਦਾਬਾਦ , ਹਿੰਦੂਤਵੀ ਸਿੱਖ ' ਮੁਰਦਾਬਾਦ ਦੇ ਨਾਅਰੇ ਲਾਏ।

ਇਸ ਸਮਾਰੋਹ ਦੇ ਇਕ ਹਫ਼ਤਾ ਪਹਿਲਾਂ ਵੀ ਸਿੱਖ ਨੇਤਾਵਾਂ ਨੇ ਇਸ ਸਮਾਰੋਹ ਦਾ ਵਿਰੋਧ ਕੀਤਾ ਸੀ। ਲਾਸ ਏਂਜਲਸ ਵੈਸਟ ਸੈਕਰਾਮੈਂਟੋ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸਰਦਾਰ ਬਲਬੀਰ ਸਿੰਘ ਢਿੱਲੋਂ ਨੇ ਕਿਹਾ ਸੀ ਕਿ "ਜਦੋਂ ਇਸ ਨੰਵਬਰ ਮਹੀਨੇ ਵਿੱਚ ਸਿੱਖ , ਦਿੱਲੀ ਵਿੱਚ 33 ਸਾਲ ਪਹਿਲਾਂ ਹੋਈ ਸਿੱਖ ਨਸਲਕੁਸ਼ੀ, ਜਿਸ ਦੇ ਦੋਸ਼ੀਆਂ ਨੂੰ ਕੋਈ ਸਜ਼ਾਵਾਂ ਨਹੀਂ ਦਿੱਤੀਆਂ ਗਈਆਂ, ਦਾ ਸੋਗ ਮਨਾ ਰਹੇ ਹਨ, ਉਸੇ ਵਕਤ ਭਾਰਤੀ ਸਰਕਾਰ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਬਾਬਤ ਰੱਖਿਆ ਸਮਾਰੋਹ, ਭਾਰਤੀ ਸਰਕਾਰ ਦੀ ਆਕੜ ਦਰਸਾ ਰਿਹਾ ਹੈ।"

ਇਸੇ ਤਰਾਂ ਫਰੀਮੌਂਟ ਗੁਰਦੁਆਰਾ ਸਾਹਿਬ ਦੇ ਸਾਬਕਾ ਮੁੱਖ ਸੇਵਾਦਾਰ ਭਾਈ ਜਸਵਿੰਦਰ ਸਿੰਘ ਜੰਡੀ ਨੇ ਕਿਹਾ ਕਿ " ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਹਿਲੇ ਗੁਰੂ ਸਾਹਿਬਾਂ ਵਲੋਂ ਸਮਾਜ ਦੇ ਨੀਵਿਆਂ ਅਤੇ ਅੱਜ ਦੇ ਕਹੇ ਜਾਣ ਵਾਲੇ ਦਲਿਤਾਂ ਨੂੰ ਤਾਕਤ ਬਖਸ਼ਣ ਦਾ ਸਿਧਾਂਤ ਜਾਰੀ ਰਖਿਆ ਸੀ। ਪਰ ਅੱਜ ਦੀ ਜਾਤ ਪਾਤ ਵਿੱਚ ਵਿਸ਼ਵਾਸ਼ ਰੱਖਣ ਵਾਲੀ ਭਾਰਤੀ ਸਰਕਾਰ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਨੂੰ ਆਪਣੇ ਹਿੱਤਾਂ ਲਈ ਵਰਤਣਾ ਬਹੁਤ ਨਿੰਦਣਯੋਗ ਅਤੇ ਦਰਦਨਾਕ ਹੈ"।

ਚੇਤੇ ਰਹੇ ਸਿੱਖ ਭਾਈਚਾਰੇ ਦੇ ਸਰਗਰਮ ਆਗੂਆਂ ਵੈਸਟ ਸੈਕਰਾਮੈਂਟੋ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਲਬੀਰ ਸਿੰਘ ਢਿਲੋਂ, ਭਜਨ ਸਿੰਘ ਭਿੰਡਰ ਅਤੇ ਫਰੀਮਾਂਟ ਸਿੱਖ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਜਸਵਿੰਦਰ ਸਿੰਘ ਜੰਡੀ ਨੇ ਵੱਖ ਵੱਖ ਬਿਆਨਾਂ ਰਾਹੀਂ ਕਿਹਾ ਸੀ ਕਿ ਕੌਂਸਲੇਟ ਜਨਰਲ ਵਲੋਂ ਅਜਿਹੇ ਸੈਮੀਨਾਰ ਕਰਵਾਉਣ ਦੀ ਸਾਜ਼ਿਸ਼ ਸਿੱਖਾਂ ਨੂੰ ਹਿੰਦੂਤਵ ਦੀ ਵਿਚਾਰਧਾਰਾ ਦੇ ਗੁਲਾਮ ਬਣਾਉਣ ਦੀ ਇਕ ਕੋਸ਼ਿਸ਼ ਹੈ। ਇਸ ਲਈ ਗੁਰੂ ਸਾਹਿਬ ਦਾ ਸਤਿਕਾਰ ਕਰਨ ਵਾਲਾ ਕੋਈ ਵੀ ਸਿੱਖ ਇਸ ਸੈਮੀਨਾਰ ਵਿਚ ਸ਼ਾਮਲ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਇਤਿਹਾਸਕ ਹਸਤੀਆਂ ਦਾ ਸਤਿਕਾਰ ਕਰਨ ਲਈ ਪਾਗਲਾਨਾ ਪਹੁੰਚ ਅਪਣਾ ਰਹੀ ਹੈ ਅਤੇ ਗੁਰੂ ਸਹਿਬਾਨ ਨੂੰ ਸਿਰਫ਼ ਆਪਣੇ ਮਕਸਦ ਲਈ ਵਰਤ ਰਹੀ ਹੈ। ਉਨ੍ਹਾਂ ਅਗਾਊ ਸੱਦਾ ਦਿੱਤਾ ਸੀ ਕਿ ਸਿੱਖਾਂ ਨੂੰ ਇਸ ਸੈਮੀਨਾਰ ਦਾ ਬਾਈਕਾਟ ਹੀ ਨਹੀਂ ਕਰਨਾ ਚਾਹੀਦਾ ਸਗੋਂ ਇਸ ਦਾ ਵਿਰੋਧ ਵੀ ਕਰਨਾ ਚਾਹੀਦਾ ਹੈ।

### ਚਾਰ ਗੁਰਦੁਆਰਾ ਸਾਹਿਬਾਨ ਅਤੇ ਗੁਰਮਤਿ ਅਧਿਅਨ ਨਾਲ ਸਬੰਧਿਤ ਸੰਸਥਾ ਨੇ ਕੀਤਾ ਸੀ ਵਿਰੋਧ

ਵਰਨਣਯੋਗ ਹੈ ਕਿ ਦੱਖਣੀ ਕੈਲੀਫੋਰਨੀਆਂ ਖੇਤਰ ਦੇ ਚਾਰ ਉੱਘੇ ਗੁਰਦੁਆਰਾ ਸਾਹਿਬਾਨ ਅਤੇ ਗੁਰਮਤਿ ਅਧਿਅਨ ਨਾਲ ਸਬੰਧਿਤ ਸੰਸਥਾ ਨੇ ਲਓਲਾ ਮੇਰੀਮਾਉਂਟ ਯੂਨੀਵਰਸਿਟੀ ਲਾਸ ਏਂਜਲਸ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਜਨਮ ਪੁਰਬ ਸਬੰਧੀ 10 ਨਵੰਬਰ ਨੂੰ ਕਰਵਾਏ ਜਾਣ ਵਾਲੇ ਸੈਮੀਨਾਰ ਨਾਲੋਂ ਪੂਰੀ ਤਰ੍ਹਾਂ ਨਾਤਾ ਤੋੜਦਿਆਂ ਸੀ ਕਿ ਉਸ ਇਸ ਸਮਾਗਮ ਵਿੱਚ ਸ਼ਾਮਲ ਨਹੀਂ ਹੋਣਗੇ। ਸਿੱਖ ਗੁਰਦੁਆਰਾ ਸਾਹਿਬ ਲਾਸ ਏਂਜਲਸ ਲੈਂਕਰਸ਼ਿਮ, ਗੁਰੂ ਨਾਨਕ ਸਿੱਖ ਟੈਂਪਲ ਬਿਊਨਾ ਪਾਰਕ, ਸ੍ਰੀ ਗੁਰੁ ਸਿੰਘ ਸਭਾ ਵਾਲਨੱਟ, ਗੁਰਦੁਆਰਾ ਬਿਊਨਾ ਪਾਰਕ, ਸਟੈਨਟਨ ਅਤੇ ਇੰਟਰਨੈਸ਼ਨਲ ਇੰਸਟੀਚਿਊਟ ਆਫ਼ ਗੁਰਮਤਿ ਸਟੱਡੀਜ ਨੇ ਇਸ ਸੈਮੀਨਾਰ ਅਤੇ ਉਸਦੀ ਹਮਾਇਤ ਸਬੰਧੀ ਅਖ਼ਬਾਰਾਂ ਵਿੱਚ ਛਪੇ ਇਸ਼ਤਿਹਾਰ ਬਾਰੇ ਜਾਰੀ ਇੱਕ ਸਾਂਝੇ ਲਿਖਤੀ ਬਿਆਨ ਰਾਹੀਂ ਸਪੱਸ਼ਟ ਕੀਤਾ ਸੀ ਇਹ ਪ੍ਰੋਗਰਾਮ ਕਰਾਉਣਾ ਬੇਮਾਅਨਾ ਹੈ ਕਿਉਂਕਿ ਭਾਰਤ ਤੇ ਵਿਦੇਸ਼ਾਂ ਵਿਚਲੀਆਂ ਸੰਗਤਾਂ ਤਾਂ ਗੁਰੂ ਸਾਹਿਬ ਦਾ ਗੁਰਪੁਰਬ ਬਹੁਤ ਸਮਾਂ ਪਹਿਲਾਂ ਮਨਾ ਚੁਕੀਆਂ ਹਨ। ਇਸਤੋਂ ਇਲਾਵਾ ਪ੍ਰਬੰਧਕਾਂ ਵਲੋਂ ਇਸ ਸੈਮੀਨਾਰ ਲਈ ਬੁਲਾਏ ਦੱਸੇ ਜਾਂਦੇ ਕਈ ਵਿਦਵਾਨਾਂ/ਬੁਲਾਰਿਆਂ ਦੇ ਸਿੱਖੀ ਵਿਰੋਧੀ ਕਿਰਦਾਰ ਨੂੰ ਵੇਖਦਿਆਂ ਉਪਰੋਕਤ ਗੁਰੂ ਘਰਾਂ ਦੀਆਂ ਸੰਗਤਾਂ ਨੇ ਇਸ ਨਾਲ ਕੋਈ ਸਬੰਧ ਰੱਖਣ ਦਾ ਸਰਬਸੰਮਤੀ ਨਾਲ ਨਿਰਣਾ ਲਿਆ ਸੀ।

## ਬਲਾਤਕਾਰ ਦੇ ਮਾਮਲੇ 'ਚ ਭਾਰਤੀ ਸਟੋਰ ਵਰਕਰ ਨੂੰ 8 ਸਾਲ ਦੀ ਕੈਦ

**ਲੰਡਨ/ਬਿਊਰੋ ਨਿਊਜ਼**, ਇੰਗਲੈਂਡ ਵਿੱਚ 30 ਸਾਲਾ ਭਾਰਤੀ ਮੂਲ ਦੇ ਸਟੋਰ ਵਰਕਰ ਨੂੰ ਇਕ ਔਰਤ ਨਾਲ ਜਬਰ-ਜਨਾਹ ਕਰਨ ਦੇ ਦੋਸ਼ ਵਿੱਚ ਤਕਰੀਬਨ ਅੱਠ ਸਾਲਾਂ ਦੀ ਕੈਦ ਹੋਈ ਹੈ। ਮੀਡੀਆ ਰਿਪੋਰਟਾਂ ਮੁਤਾਬਕ ਇਹ ਬੀਬੀ ਉਸ ਦੀ ਦੁਕਾਨ 'ਤੇ ਮੋਬਾਈਲ ਫੋਨ ਚਾਰਜ ਕਰਨ ਗਈ ਸੀ। ਬੀਬੀਸੀ ਦੀ ਰਿਪੋਰਟ ਮੁਤਾਬਕ ਸਵਪਨਿਲ ਕੁਲੈਤ ਨੇ 40 ਸਾਲਾ ਔਰਤ ਨੂੰ ਦੁਕਾਨ ਵਿੱਚ ਬੰਦ ਕਰਕੇ ਕੁੱਟਮਾਰ ਕਰਨ ਬਾਅਦ ਉਸ ਨਾਲ ਜਬਰ-ਜਨਾਹ ਕੀਤਾ। ਮੈਨਚੈਸਟਰ ਕ੍ਰਾਊਨ ਕੋਰਟ ਨੇ ਨਾਗਪੁਰ ਦੇ ਕੁਲੈਤ ਨੂੰ ਸੱਤ ਸਾਲ ਅਤੇ ਅੱਠ ਮਹੀਨਿਆਂ ਦੀ ਸਜ਼ਾ ਸੁਣਾਈ ਹੈ। ਮੈਟਰੋ.ਕੋ.ਯੂਕੇ ਦੀ ਰਿਪੋਰਟ ਅਨੁਸਾਰ ਜੇਲ੍ਹ ਵਿੱਚੋਂ ਰਿਹਾਈ ਬਾਅਦ ਉਸ ਨੂੰ ਭਾਰਤ ਭੇਜਿਆ ਜਾਵੇਗਾ। ਪੁਲੀਸ ਨੇ ਦੱਸਿਆ ਕਿ ਪੀੜਤ ਔਰਤ 19 ਮਾਰਚ ਨੂੰ ਆਪਣੇ ਦੋਸਤ ਦੇ ਘਰ ਜਾ ਰਹੀ ਸੀ। ਉਸ ਨੂੰ ਰਸਤੇ ਵਿੱਚ ਪਤਾ ਲੱਗਾ ਕਿ ਉਸ ਦੇ ਮੋਬਾਈਲ ਫੋਨ ਦੀ ਬੈਟਰੀ ਖ਼ਤਮ ਹੋ ਗਈ ਹੈ। ਉਹ ਇਕ ਦੁਕਾਨ ਵਿੱਚ ਗਈ ਸੀ, ਜਿਥੇ ਕੁਲੈਤ ਕੰਮ ਕਰ ਰਿਹਾ ਸੀ। ਉਸ ਨੇ ਥੋੜ੍ਹੇ ਸਮੇਂ ਲਈ ਮੋਬਾਈਲ ਚਾਰਜ ਕਰਨ ਲਈ ਪੁੱਛਿਆ। ਗਰੇਟਰ ਮੈਨਚੈਸਟਰ ਪੁਲੀਸ ਨੇ ਦੱਸਿਆ, 'ਜਦੋਂ ਉਸ ਨੇ ਆਪਣਾ ਫੋਨ ਚਾਰਜ 'ਤੇ ਲਾਇਆ ਤਾਂ ਕੁਲੈਤ ਨੇ ਦੁਕਾਨ ਦਾ ਸ਼ਟਰ ਸੁੱਟ ਦਿੱਤਾ ਅਤੇ ਹਮਲਾਵਰ ਹੋ ਗਿਆ। ਦੋਸ਼ੀ ਨੇ ਪੀੜਤ ਔਰਤ ਨੂੰ ਪੂਰੀ ਰਾਤ ਅੰਦਰ ਤਾੜੀ ਰੱਖਿਆ ਅਤੇ ਉਸ ਨਾਲ ਬਲਾਤਕਾਰ ਕੀਤਾ। ਤੜਕੇ ਔਰਤ ਨੂੰ ਦੁਕਾਨ ਵਿੱਚੋਂ ਬਾਹਰ ਕੱਢਣ ਤੋਂ ਪਹਿਲਾਂ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ।'

## "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 25 ਦਸੰਬਰ ਨੂੰ ਹੀ ਮਨਾਇਆ ਜਾਵੇ"

ਮੁਤਵਾਜ਼ੀ ਜਥੇਦਾਰਾਂ ਤੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਜਗੀਰ ਕੌਰ ਖ਼ਿਲਾਫ਼ ਆਈਆਂ ਸ਼ਿਕਾਇਤਾਂ 'ਤੇ ਵਿਚਾਰ ਕਰਨ ਦਾ ਅਮਲ ਅਗਾਂਹ ਪਾ ਦਿੱਤਾ ਹੈ।

ਦੱਸਣਯੋਗ ਹੈ ਕਿ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਇਸ ਵਾਰ ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 23 ਦਸੰਬਰ, ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 25 ਦਸੰਬਰ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਪੁਰਬ 27 ਦਸੰਬਰ ਨੂੰ ਆ ਰਿਹਾ ਹੈ। ਇਸ ਕਾਰਨ ਸ਼੍ਰੋਮਣੀ ਕਮੇਟੀ ਨੇ ਪ੍ਰਕਾਸ਼ ਪੁਰਬ ਦੀ ਤਰੀਕ ਪੰਜ ਜਨਵਰੀ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਸਬੰਧੀ ਸ਼ੁਕਰਾਨਾ ਸਮਾਗਮ ਅਤੇ ਗੁਰਪੁਰਬ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਇਸ ਲਈ ਗੁਰਪੁਰਬ 25 ਦਸੰਬਰ ਨੂੰ ਹੀ ਮਨਾਇਆ ਜਾਵੇ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਕਿ ਉਹ ਗੁਰਪੁਰਬ ਲਈ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਨੂੰ ਸਹਿਯੋਗ ਦੇਵੇ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਸਬੰਧੀ ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿਖੇ ਵਿਸ਼ੇਸ਼ ਪ੍ਰਬੰਧ ਕਰਨ ਲਈ ਆਖਿਆ ਹੈ।

ਕੈਨੇਡਾ 'ਚ ਅੰਮ੍ਰਿਤਧਾਰੀ ਸਿੱਖਾਂ ਨੂੰ ਛੋਟੇ ਆਕਾਰ ਦੀ ਕਿਰਪਾਨ ਪਹਿਨ ਕੇ ਘਰੇਲੂ ਤੇ ਕੌਮਾਂਤਰੀ ਉਡਾਣਾਂ ਵਿੱਚ ਸਫ਼ਰ ਕਰਨ ਦੀ ਮਿਲੀ ਆਗਿਆ 'ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਪੰਜ ਸਿੰਘ ਸਾਹਿਬਾਨ ਨੇ ਕਿਹਾ ਕਿ ਭਾਰਤ 'ਚ ਵੀ ਘਰੇਲੂ ਤੇ ਕੌਮਾਂਤਰੀ ਉਡਾਣਾਂ 'ਚ ਕਿਰਪਾਨ ਪਹਿਨ ਕੇ ਸਫ਼ਰ ਕਰਨ ਦੀ ਪ੍ਰਵਾਨਗੀ ਮਿਲਣੀ ਚਾਹੀਦੀ ਹੈ। ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂਵਾਲੇ ਬਾਰੇ ਆਈ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਉਨ੍ਹਾਂ ਕਿਹਾ ਕਿ ਜਿਹੜੇ ਵਿਸ਼ਿਆਂ 'ਤੇ ਸੰਗਤ ਨੂੰ ਇਤਰਾਜ਼ ਹੈ, ਉਸ ਬਾਰੇ ਸੀਡੀਜ਼ ਅਕਾਲ ਤਖ਼ਤ 'ਤੇ ਭੇਜੀਆਂ ਜਾਣ ਤਾਂ ਜੋ ਸਬ-ਕਮੇਟੀ ਤੋਂ ਉਨ੍ਹਾਂ ਦੀ ਪੜਤਾਲ ਕਰਾਈ ਜਾ ਸਕੇ। ਉਨ੍ਹਾਂ ਨੇ ਸਿੱਖ ਪ੍ਰਚਾਰਕ ਨੂੰ ਹਦਾਇਤ ਕੀਤੀ ਕਿ ਆਪਣੇ ਪ੍ਰੋਗਰਾਮਾਂ 'ਚ ਗੁਰਬਾਣੀ ਤੇ ਗੁਰ ਇਤਿਹਾਸ ਬਾਰੇ ਕੋਈ ਅਜਿਹਾ ਪ੍ਰਸੰਗ ਨਾ ਸੁਣਾਇਆ ਜਾਵੇ, ਜਿਸ ਨਾਲ ਸੰਗਤ 'ਚ ਦੁਬਿਧਾ ਪੈਦਾ ਹੋਵੇ। ਸ੍ਰੀ ਅਕਾਲ ਤਖ਼ਤ ਤੋਂ ਸਮੂਹ ਗੱਤਕਾ ਸੰਸਥਾਵਾਂ ਨੂੰ ਸਖ਼ਤ ਹਦਾਇਤ ਕੀਤੀ ਗਈ ਹੈ ਕਿ ਗੁਰੂ ਕਾਲ ਤੋਂ ਚੱਲੇ ਆ ਰਹੇ ਗੱਤਕੇ 'ਚ ਸਟੰਟ ਸ਼ਾਮਲ ਨਾ ਕੀਤੇ ਜਾਣ।

ਪੰਜ ਸਿੰਘ ਸਾਹਿਬਾਨ ਨੇ ਨਿਹੰਗ ਸਿੰਘ ਜਥੇਬੰਦੀ ਸ਼੍ਰੋਮਣੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਨੂੰ 'ਸ਼੍ਰੋਮਣੀ ਸੇਵਾ ਰਤਨ' ਅਤੇ ਸਾਬਕਾ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ ਨੂੰ 'ਸ਼੍ਰੋਮਣੀ ਰਾਗੀ' ਦੀ ਉਪਾਧੀ ਦੇਣ ਦਾ ਫੈ ?ਸਲਾ ਕੀਤਾ ਹੈ। ਇਸ ਸਬੰਧੀ 29 ਨਵੰਬਰ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਸਮਾਗਮ ਹੋਵੇਗਾ। ਸੁਖਪਾਲ ਸਿੰਘ ਖਹਿਰਾ ਤੇ ਹੋਰਾਂ ਵੱਲੋਂ ਜਗੀਰ ਕੌਰ ਖ਼ਿਲਾਫ਼ ਕੀਤੀਆਂ ਸ਼ਿਕਾਇਤਾਂ ਨੂੰ ਅਣਡਿੱਠ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਿਕਾਇਤਾਂ ਬਾਰੇ ਕੋਈ ਜਾਣਕਾਰੀ ਨਹੀਂ ਹੈ। ਉਨ੍ਹਾਂ ਦੱਸਿਆ ਕਿ ਰਾਸ਼ਟਰੀ ਸਿੱਖ ਸੰਗਤ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਦੇ ਨਾਂ ਭੇਜਿਆ ਪੱਤਰ ਅਜੇ ਤਕ ਨਹੀਂ ਮਿਲਿਆ ਹੈ।

## ਤਖ਼ਤਾਂ ਦੇ ਜਥੇਦਾਰ ਕਿਸੇ ਦੁਨਿਆਵੀ ਅਦਾਲਤ ਅਧੀਨ ਨਹੀਂ: ਬਡੂੰਗਰ

ਅਦਾਲਤੀ ਕਾਰਵਾਈ ਦਾ ਸਵਾਲ ਹੈ, ਉਸ ਸਬੰਧੀ ਨੋਟਿਸ ਮਿਲਣ ਮਗਰੋਂ ਹੀ ਕੁਝ ਕਿਹਾ ਜਾ ਸਕਦਾ ਹੈ। ਪ੍ਰੋ. ਬਡੂੰਗਰ ਅੱਜ ਇੱਥੇ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਪੁੱਜੇ ਸਨ।ਦਸਵੇਂ ਗੁਰੂ ਦਾ ਪ੍ਰਕਾਸ਼ ਪੁਰਬ ਮਨਾਉਣ ਦੀ ਤਰੀਕ ਸਬੰਧੀ ਜਥੇਦਾਰਾਂ ਵੱਲੋਂ ਸ਼੍ਰੋਮਣੀ ਕਮੇਟੀ ਦੀਆਂ ਸਿਫ਼ਾਰਸ਼ਾਂ ਦੇ ਉਲਟ ਲਏ ਫ਼ੈਸਲੇ ਬਾਰੇ ਪ੍ਰੋ. ਬਡੂੰਗਰ ਨੇ ਕਿਹਾ ਕਿ ਉਨ੍ਹਾਂ ਨੇ ਤਾਂ ਜਥੇਦਾਰਾਂ ਕੋਲ ਤਜਵੀਜ਼ ਪੇਸ਼ ਕੀਤੀ ਸੀ, ਤਜਵੀਜ਼ ਨੂੰ ਮੰਨਣਾ ਜਾਂ ਨਾ ਮੰਨਣਾ ਜਥੇਦਾਰਾਂ ਦੇ ਹੱਥ ਹੈ। ਇਸ ਲਈ ਜੋ ਫ਼ੈਸਲਾ ਜਥੇਦਾਰਾਂ ਵੱਲੋਂ ਲਿਆ ਗਿਆ ਹੈ, ਉਹ ਸਭ ਨੂੰ ਪ੍ਰਵਾਨ ਹੈ ਅਤੇ 25 ਦਸੰਬਰ ਨੂੰ ਸਾਰੀ ਸੰਗਤ ਚੜ੍ਹਦੀ ਕਲਾ ਨਾਲ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਦਿਹਾੜਾ ਮਨਾਏਗੀ। ਉਨ੍ਹਾਂ ਕਿਹਾ ਕਿ ਅਗਲੇ ਪ੍ਰਧਾਨ ਬਾਰੇ ਫ਼ੈਸਲਾ 29 ਨਵੰਬਰ ਨੂੰ ਹੋਣ ਵਾਲੇ ਇਜਲਾਸ ਦੌਰਾਨ 185 ਮੈਂਬਰਾਂ ਵੱਲੋਂ ਲਿਆ ਜਾਵੇਗਾ।

## ਬੀਰਦਵਿੰਦਰ ਵਲੋਂ ਬਡੂੰਗਰ ਦੀ ਸਰਾਹਨਾ

ਮੁਹਾਲੀ/ਪੱਤਰ ਪ੍ਰੇਰਕ: ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਕਿਹਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਦਿਹਾੜਾ ਨਵੰਬਰ 2019 ਨੂੰ ਆ ਰਿਹਾ ਹੈ। ਇਸ ਮਹਾਨ ਪੁਰਬ ਦੀ ਰੂਪ-ਰੇਖਾ ਤੇ ਵਿਉਂਤਬੰਦੀ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੱਡੀ ਭੂਮਿਕਾ ਬਣਦੀ ਹੈ। ਇਸ ਲਈ ਉਦੋਂ ਤੱਕ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੂੰ ਹੀ ਪ੍ਰਧਾਨ ਰੱਖਿਆ ਜਾਵੇ। ਉਨ੍ਹਾਂ ਇੱਥੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਸਕੱਤਰ ਪੱਧਰ ਦੀਆਂ ਨਿਯੁਕਤੀਆਂ 'ਤੇ ਸਵਾਲ ਜ਼ਰੂਰ ਉੱਠ ਰਹੇ ਹਨ, ਪਰ ਜੋ ਵਿਅਕਤੀ ਕੰਮ ਕਰਦਾ ਹੈ, ਉਸ ਤੋਂ ਕਿਤੇ ਨਾ ਕਿਤੇ ਗ਼ਲਤੀ ਵੀ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਕੁੱਲ ਮਿਲਾ ਕੇ ਪ੍ਰੋ. ਬਡੂੰਗਰ ਦਾ ਬਤੌਰ ਸ਼੍ਰੋਮਣੀ ਕਮੇਟੀ ਪ੍ਰਧਾਨ ਹੁਣ ਤੱਕ ਦਾ ਕਾਰਜਕਾਲ ਸ਼ਲਾਘਾਯੋਗ ਰਿਹਾ ਹੈ।

## ਭੂਚਾਲ ਨਾਲ ਇਰਾਕ ਤੇ ਇਰਾਨ ਵਿੱਚ 400 ਤੋਂ ਵੱਧ ਮੌਤਾਂ

ਦੇ ਪੱਛਮੀ ਸੂਬੇ ਕਰਮਾਨਸ਼ਾਹ ਉਤੇ ਪਿਆ। ਅਧਿਕਾਰੀਆਂ ਨੇ ਕਿਹਾ ਕਿ ਭੂਚਾਲ ਕਾਰਨ ਦੇਸ਼ ਵਿੱਚ 407 ਜਾਨਾਂ ਗਈਆਂ ਅਤੇ 6700 ਜ਼ਖ਼ਮੀ ਹੋਏ। ਕਰਮਾਨਸ਼ਾਹ ਪੇਂਡੂ ਤੇ ਪਹਾੜੀ ਖਿੱਤਾ ਹੈ, ਜਿੱਥੋਂ ਦੇ ਬਸ਼ਿੰਦਿਆਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਇਰਾਕ ਦੇ ਗ੍ਰਹਿ ਮੰਤਰਾਲੇ ਅਨੁਸਾਰ ਭੂਚਾਲ ਕਾਰਨ ਦੇਸ਼ ਦੇ ਉੱਤਰੀ ਕੁਰਦਿਸ਼ ਖਿੱਤੇ ਵਿੱਚ ਘੱਟੋ ਘੱਟ ਸੱਤ ਜਣੇ ਮਾਰੇ ਗਏ ਅਤੇ 535 ਜ਼ਖ਼ਮੀ ਹੋ ਗਏ।

ਅਮਰੀਕੀ ਜੀਓਲੌਜੀਕਲ ਸਰਵੇ ਮੁਤਾਬਕ ਭੂਚਾਲ ਦਾ ਕੇਂਦਰ ਪੂਰਬੀ ਇਰਾਕੀ ਸ਼ਹਿਰ ਹਲਬਜਾ ਦੇ ਬਾਹਰ 31 ਕਿਲੋਮੀਟਰ ਦੂਰ ਸੀ। ਇਰਾਨ ਦੇ ਸਮੇਂ ਅਨੁਸਾਰ ਭੂਚਾਲ ਦੇ ਝਟਕੇ ਰਾਤੀਂ 9:48 ਵਜੇ ਉਦੋਂ ਲੱਗੇ, ਜਦੋਂ ਲੋਕ ਸੌਣ ਦੀ ਤਿਆਰੀ ਕਰ ਰਹੇ ਸਨ।

ਇਰਾਨ ਦੇ ਸੋਸ਼ਲ ਮੀਡੀਆ ਅਤੇ ਖ਼ਬਰ ਏਜੰਸੀਆਂ ਨੇ ਘਰਾਂ ਤੋਂ ਭੱਜ ਰਹੇ ਲੋਕਾਂ ਦੀਆਂ ਤਸਵੀਰਾਂ ਤੇ ਵੀਡੀਓ ਦਿਖਾਈਆਂ। ਵੱਡੇ ਭੂਚਾਲ ਤੋਂ ਬਾਅਦ 100 ਤੋਂ ਵੱਧ ਹੋਰ ਝਟਕੇ ਲੱਗੇ। ਭੂਚਾਲ ਕਾਰਨ ਸਭ ਤੋਂ ਵੱਧ ਤਬਾਹੀ ਕਰਮਾਨਸ਼ਾਹ ਸੂਬੇ ਦੇ ਸ਼ਹਿਰ ਸਰਪੋਲ-ਏ-ਜ਼ਹਾਬ ਵਿੱਚ ਹੋਈ, ਜੋ ਇਰਾਨ ਤੇ ਇਰਾਕ ਨੂੰ ਵੰਡਣ ਵਾਲੀਆਂ ਜ਼ਗਰੋਸ ਪਹਾੜੀਆਂ ਉਤੇ ਸਥਿਤ ਹੈ। ਇਸ ਸ਼ਹਿਰ ਦੀ 49 ਸਾਲਾ ਔਰਤ ਕੋਕਾਬ ਫਰਦ ਨੇ ਦੱਸਿਆ ਕਿ ਝਟਕੇ ਲੱਗਣ ਤੋਂ ਬਾਅਦ ਉਹ ਖ਼ਾਲੀ ਹੱਥ ਆਪਣੇ ਅਪਾਰਟਮੈਂਟ ਵਿੱਚੋਂ ਭੱਜੀ। ਬਾਹਰ ਨਿਕਲਣ ਤੋਂ ਫੌਰੀ ਬਾਅਦ ਇਮਾਰਤ ਢਹਿ ਗਈ। ਰੇਜ਼ਾ ਮਹਿਮੂਦੀ (51) ਨੇ ਕਿਹਾ ਕਿ ਉਹ ਤੇ ਉਸ ਦਾ ਪਰਿਵਾਰ ਭੂਚਾਲ ਦੇ ਪਹਿਲੇ ਝਟਕੇ ਮਗਰੋਂ ਹੀ ਵਾਹੋ-ਦਾਹੀ ਬਾਹਰ ਨੂੰ ਭੱਜੇ। ਉਸ ਨੇ ਮੁੜ ਕੇ ਕੁੱਝ ਸਾਮਾਨ ਕੱਢਣ ਦੀ ਕੋਸ਼ਿਸ਼ ਕੀਤੀ ਪਰ ਦੂਜੇ ਝਟਕੇ ਨਾਲ ਸਭ ਕੁੱਝ ਢਹਿ ਗਿਆ। ਸ਼ਹਿਰ ਵਿੱਚ ਬਿਜਲੀ ਤੇ ਪਾਣੀ ਨਹੀਂ ਹੈ ਅਤੇ ਟੈਲੀਫੋਨ ਸੇਵਾਵਾਂ ਵੀ ਕੰਮ ਨਹੀਂ ਕਰ ਰਹੀਆਂ।

## ਉਤਰੀ ਕੈਲੇਫੋਰਨੀਆ 'ਚ ਅੰਨੇਵਾਹ ਗੋਲੀਬਾਰੀ, 4 ਮੌਤਾਂ

ਕਾਰਨ ਵੱਡਾ ਦੁਖਾਂਤ ਵਾਪਰਨੋਂ ਬਚਾਅ ਹੋ ਗਿਆ। ਅਸਲ ਵਿੱਚ ਫਾਇਰਿੰਗ ਦੀ ਭਿਣਕ ਪੈਂਦਿਆਂ ਹੀ ਸਕੂਲ ਦੇ ਸਟਾਫ ਨੇ ਬਚਾਅ ਲਈ ਤਟਫਟ ਯਤਨ ਸ਼ੁਰੂ ਕਰ ਦਿੱਤੇ। ਉਨ੍ਹਾਂ ਨੇ ਕਮਰਿਆਂ ਦੇ ਦਰਵਾਜੇ ਬੰਦ ਕਰਦਿਆਂ ਵਿਦਿਆਰਥੀਆਂ ਨੂੰ ਬੈਂਚਾਂ ਥੱਲੇ ਲੁਕਾ ਲਿਆ।

ਚੋਰੀ ਦੇ ਪਿਕਅੱਪ ਟਰੱਕ ਉੱਤੇ ਸਵਾਰ ਹਮਲਾਵਰ ਨੇ ਸਕੂਲ ਦੇ ਬਰਾਮਦੇ ਵਿੱਚ ਦਾਖ਼ਲ ਹੋ ਕੇ ਬਾਰੀਆਂ ਅਤੇ ਕੰਧਾਂ ਉੱਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਇੱਕ ਵਿਦਿਆਰਥੀ ਗੋਲੀ ਲੱਗਣ ਤੇ ਕੁਝ ਹੋਰ ਟੁੱਟੇ ਸ਼ੀਸ਼ੇ ਲੱਗਣ ਕਾਰਨ ਜਖ਼ਮੀਂ ਹੋਏ। ਪਰ ਉਨ੍ਹਾਂ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਜਾਂਦੀ ਸੀ।

ਪੁਲੀਸ ਨੇ ਸਕੂਲ ਤੋਂ ਦੂਰ ਇੱਕ ਥਾਂ ਉੱਤੇ ਹਮਲਾਵਾਰ ਨੂੰ ਘੇਰ ਕੇ ਗੋਲੀ ਮਾਰ ਦਿੱਤੀ।

ਆਖ਼ਰੀ ਖਲਬਾਂ ਮਿਲਣ ਵੇਲੇ ਤੱਕ ਪੁਲੀਸ ਨੇ ਹਮਲਾਵਰ ਜਾਂ ਮ੍ਰਿਤਕਾਂ ਦੇ ਨਾਂਵਾਂ ਬਾਰੇ ਜਾਣਕਾਰੀ ਦੇਣੋਂ ਗੁਰੇਜ਼ ਕੀਤਾ ਪਰ ਹਮਲਾਵਰ ਦੀ ਭੈਣ ਨੇ ਲਾਸ ਏਂਜਲਸ ਟਾਈਮਜ਼ ਨਾਲ ਟੈਲੀਫੋਨ ਉੱਤੇ ਗੱਲਬਾਤ ਦੌਰਾਨ੍ਹ ਸਦਾ ਨਾਂਅਜੈਨਸਨ ਨੀਲ ਦਸਿਆ ਜਿਸਦੀ ਉਮਰ 44 ਸਾਲ ਦੇ ਕਰੀਬ ਸੀ। ਉਹ ਅਪਣੇ ਕਿਸੇ ਗਵਾਂਢੀ ਨਾਲ ਝਗੜੇ ਕਾਰਨ ਬੁਖਲਾਇਆ ਹੋਇਆ ਸੀ।

## ਸਿੱਖ ਸੰਗਤਾਂ ਨਾਨਕਸ਼ਾਹੀ ਕੈਲੰਡਰ ਮੁਤਾਬਕ ਦਸਵੇਂ ਪਾਤਸ਼ਾਹ ਦਾ ਗੁਰਪੁਰਬ 5 ਜਨਵਰੀ ਨੂੰ ਮਨਾਉਣ:ਦਲ ਖਾਲਸਾ

ਦੇ ਸ਼੍ਰੋਮਣੀ ਕਮੇਟੀ ਦੇ ਫੈਸਲੇ ਨੂੰ ਨਾ-ਮਨਜ਼ੂਰ ਕਰ ਦਿੱਤਾ ਸੀ ਜੋ ਉਸਨੇ ਨਾਨਕਸਰ ਸੰਪਰਦਾ ਅਤੇ ਸੰਤ ਸਮਾਜ ਦੇ ਦਬਾਅ ਹੇਠ ਕੀਤਾ ਸੀ।

ਉਹਨਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਗੁਰਪੁਰਬ 5 ਜਨਵਰੀ ਨੂੰ ਹੀ ਮਨਾਉਣ ਅਤੇ ਜਥੇਦਾਰਾਂ ਦੇ ਕੀਤੇ ਗੈਰ-ਸਿਧਾਂਤਕ ਫੈਸਲੇ ਨੂੰ ਅੱਖੋ-ਪਰੋਖੇ ਕਰਨ ਕਿਉਂਕਿ ਇਹ ਆਦਮੀ ਕੌਮ ਦਾ ਭਰੋਸਾ ਗੁਆ ਚੁੱਕੇ ਹਨ।

ਉਹਨਾਂ ਕਿਹਾ ਕਿ ਬਾਦਲਕੇ ਆਪਣੇ ਹੰਕਾਰ ਵਿੱਚ ਗਿਆਨੀ ਗੁਰਬਚਨ ਸਿੰਘ ਨੂੰ ਅਹੁਦੇ ਤੋਂ ਫਾਰਗ ਨਹੀਂ ਕਰ ਰਹੇ ਜਦਕਿ ਕੌਮ ਦੀ ਸਰਵਉਚ ਸੰਸਥਾ ਦੇ ਵਕਾਰ ਦੀ ਬਹਾਲੀ ਲਈ ਅਤੇ ਪੰਥਕ ਸੰਸਥਾਵਾਂ ਅੰਦਰ ਪੈਦਾ ਹੋਈ ਦਰਾਰ ਨੂੰ ਖਤਮ ਕਰਨ ਲਈ ਇਹਨਾਂ ਨੂੰ ਅਹੁਦੇ ਤੋਂ ਹੱਟਾਉਣਾ ਬੇਹੱਦ ਜ਼ਰੂਰੀ ਹੈ।

## ਕੰਨ੍ਹੇੜੀ ਚੜ੍ਹੇ ਵਰ੍ਹੇ

ਜਿੰਦਰ ਨੂੰ ਕਹੋ

ਇੱਥੇ ਚੰਡੀਗੜ੍ਹ ਆ - ਹੁਣ ਮੈਂ ਸੈਕਟਰ ਬਾਈ ਦੇ ਗਰਲਜ਼ ਹਾਈ ਸਕੂਲ ਵਿਚ ਦਾਖਲ ਹੋ ਜਾਂਦੀ ਹਾਂ - ਛੇਵੀਂ ਜਮਾਤ ਵਿਚ - ਇਹ ਬਿਲਡਿੰਗ ਸੈਕਟਰ ਬਾਈ ਏ ਵਿਚ ਹੈ 9 ਹੁਣ ਵਾਲਾ ਸਰਕਾਰੀ ਮਾਡਲ ਹਾਈ ਸਕੂਲ) - ਤਿੰਨ ਵਿੰਗ ਹਨ ਇਸ ਬਿਲਡਿੰਗ ਦੇ -

ਖੱਬੇ ਹੱਥ ਵਾਲੇ ਪਾਸੇ ਦਾ ਕੁੜੀਆਂ ਦਾ ਹਾਈ ਸਕੂਲ ਹੈ, ਵਿਚਕਾਰ ਜੂਨੀਅਰ ਮਾਡਲ ਸਕੂਲ ਤੇ ਸੱਜੇ ਪਾਸੇ ਮੁੰਡਿਆਂ ਦਾ ਹਾਈ ਸਕੂਲ ਹੈ - ਤਿੰਨੇ ਅਲੱਗ ਅਲੱਗ ਸੰਸਥਾਵਾਂ ਇਕੋਂ ਬਿਲਡਿੰਗ ਵਿਚ ਹਨ - ਤੇ ਖੱਬੇ ਪਾਸੇ ਸਰਕਾਰੀ ਘਰਾਂ ਵਿਚ, ਇਕ ਹੋਰ ਪ੍ਰਾਇਮਰੀ ਸਕੂਲ ਵੀ ਹੈ - ਸਿੰਦਰ ਮੋਹਣ ਇੱਥੇ ਹੀ ਦਾਖਲ ਹੁੰਦੇ ਹਨ, ਪੰਜਵੀ ਚੌਥੀ ਵਿਚ। ਸਾਰੇ ਚੰਡੀਗੜ੍ਹ ਵਿਚ ਇਨ੍ਹਾਂ ਤੋਂ ਇਲਾਵਾ ਇਕ ਸਕੂਲ ਹੋਰ ਵੀ ਹੈ ਗੌਰਮਿੰਟ ਸੀਨੀਅਰ ਮਾਡਲ ਸਕੂਲ - ਸੈਕਟਰ ਸੋਲ੍ਹਾਂ ਵਿਚ - ਤੇ ਬਸ।

ਇਸ ਵੇਲੇ ਸਾਡੇ ਸਕੂਲ ਦੀ ਮੁਖਅਧਿਆਪਕਾ - ਮਿਸਜ਼ ਪਿੱਕ ਹਨ - ਹੋਰ ਬਹੁਤ ਸਾਰੀਆਂ ਅਧਿਆਪਕਾਂ, ਅੱਗੇ ਪਿੱਛੇ ਸ਼ਿਮਲੇ ਦੇ, ਪੋਰਟ ਮੋਰ ਸਕੂਲ ਤੋਂ ਵੀ ਬਦਲ ਕੇ ਇੱਥੇ ਆ ਗਈਆਂ ਹਨ - ਜਿਨ੍ਹਾਂ ਵਿਚੋਂ ਖਾਸ ਕਰ - ਮਿਸਜ਼ ਮਹਿਤਾ, ਮਿਸਜ਼ ਖੰਨਾ, ਮਿਸ ਸੁਰਜੀਤ ਕੌਰ, ਮਿਸ ਲਾਲ ਸਿੰਘ, ਭੈਣ ਜੀ ਇੰਦਰ ਕੌਰ ਉਨ੍ਹਾਂ ਵਿਚੋਂ ਕੁਝ ਨਾਂ ਮੈਨੂੰ ਯਾਦ ਹਨ। ਦਸਵੀਂ ਵੀ ਫੇਰ ਮੈਂ ਇਸੇ ਸਕੂਲ ਵਿਚੋਂ ਪਾਸ ਕਰਦੀ ਹਾਂ - ਮਾਰਚ ਅਠਵੰਜਾ ਵਿਚ - ਬਾਅਦ ਵਿਚ ਹੋਰ ਵੀ ਬਹੁਤ ਅਧਿਆਪਕਾਵਾਂ ਮਿਸਜ਼ ਅਪਰੰਮਪਾਰ ਸਿੰਘ, ਮਿਸ ਥਾਂਡੀ, ਮਿਸਜ਼ ਜੀ ਸੁਰਜੀਤ ਸਿੰਘ, ਮਿਸ ਸ਼ੇਖਰ ਤੇ ਸੀਤਾ ਦੇਵੀ ਭੈਣ ਜੀ ਸਣੇ ਇੱਥੇ ਸਾਨੂੰ ਪੜ੍ਹਾਉਂਦੇ ਹਨ।

ਇਸੇ ਸਕੂਲ ਵਿਚ ਮੈਂ ਫਰਸਟ ਏਡ, ਨਰਸਿੰਗ, ਹੋਮ-ਗਾਰਡ ਦੀ ਟ੍ਰੇਨਿੰਗ ਸਣੇ, ਏ ਸੀ ਸੀ ਦੀ ਸਿਖਿਆ ਵੀ ਲੈਂਦੀ ਹਾਂ ਤੇ ਸੈਕਟਰ ਸਤਾਰ੍ਹਾਂ ਵਿਚ ਸਮੇਂ ਸਮੇਂ ਤੇ ਪ੍ਰੇਡ ਵਿਚ ਵੀ, ਭਾਗ ਲੈਣ ਦਾ ਮੌਕਾ ਵੀ ਮਿਲਦਾ ਰਿਹਾ ਹੈ - ਸਮੇਤ ਸਕੂਲ ਦੇ ਸਾਲਾਨਾ ਸਮਾਗਮਾਂ ਦੇ -

ਸਾਡੇ ਸਕੂਲ ਦਾ ਸਲਾਨਾ ਸਮਾਗਮ ਹੈ ਅੱਜ - ਅਸੀਂ ਪੀ ਟੀ ਕਰਨੀ ਹੈ, ਨਾਲ ਗੀਤ ਗਾ ਗਾ ਕੇ - ਛੇ ਕਤਾਰਾਂ ਵਿਚ ਸਫੇਦ ਸੂਟ ਤੇ ਤਿੰਨ ਰੰਗੇ ਦੁਪੱਟੇ (ਕੇਸਰੀ ਸਫ਼ੇਦ ਤੇ ਹਰੇ) ਲੈ ਝੰਡਾ ਬਨਾਉਣਾ ਹੈ - ਗੀਤ ਗਾਉਂਦੇ ਹਾਂ -

ਜਾਗ ਜਾਗ ਜਾਗ -
ਜਾਗ ਰੇ, ਅਬ ਤੋਂ ਜਾਗ
ਆਗੇ ਨਿਕਲ ਗਯਾ ਜਹਾਂ
ਪੀਛੇ ਤੇਰਾ ਕਰਾਵਾਂ
ਉਠ ਰੇ ਹਿੰਦ ਕੇ ਨੌਜਵਾਂ
ਜਾਗ ਰੇ ਅਬ ਤੋਂ ਜਾਗ।

ਥੱਕ ਗਈਆਂ ਹਾਂ, ਸਵੇਰ ਤੋਂ, ਪ੍ਰੈਕਟਿਸ ਕਰ ਕਰ - ਮੈਨੂੰ ਲੱਗਾ ਮਿਸ ਥਾਂਡੀ ਸੱਜੇ ਖੱਬੇ ਨਹੀਂ ਹਨ, ਖਬਰੇ ਕਿਤੇ ਪਰ੍ਹਾਂ - ਹੁਣ ਮੈਂ ਜ਼ੋਰ ਜ਼ੋਰ ਨਾਲ ਗਾ ਰਹੀ ਹਾਂ -

ਸੌਂ ਸੌਂ ਸੌਂ
ਸੌਂ ਰੇ ਅਬ ਤੋਂ ਸੌਂ....

"ਤਾ ...ਆ...ੜ" ਥੱਪੜ- ਪਿੱਛੋਂ ਦੀ ਗਲ੍ਹ ਦੇ ਰਸੀਦ ਹੋ ਜਾਂਦਾ ਹੈ-

ਬੱਸ ਫੇਰ ਕੀ - ਹੁਣ ਤਾਂ ਮੈਂ ਰੁੱਸ ਕੇ ਜਮਾਤ ਵਿਚ ਚਲੀ ਜਾਂਦੀ ਹਾਂ - ਅਗਲੇ ਦਿਨ ਸਮਾਗਮ ਹੈ - ਮਿਸ ਥਾਂਡੀ ਜਮਾਤ ਵਿਚ ਆ ਕੇ ਮਨਾਉਂਦੇ ਹਨ - ਮੈਨੂੰ ਮੇਰੀ ਗਲਤੀ ਦਾ ਅਹਿਸਾਸ ਵੀ ਹੈ ਪਰ ਮੈਂ ਕਾਹਨੂੰ ਮੰਨਦੀ ਹਾਂ - ਸ਼ਰਮਿੰਦਗੀ - ਨਮੋਸ਼ੀ - ਫੋਕੀ ਆਕੜ - ਅਖੇ ਨਾਲੇ ਚੋਰ ਨਾਲੇ ਚਤਰਾਈਆਂ - ਖਲਬਰੇ ਉਮਰ ਦਾ ਤਕਾਜ਼ਾ ਹੈ ਗ਼ਲਤੀ ਗ਼ਲਤੀ ਨਹੀਂ ਲੱਗ ਰਹੀ - ਕੁੜੀਆਂ ਮੂਹਰੇ ਬੇਇੱਜ਼ਤੀ ਵਾਲਾ ਪਾਸਾ ਭਾਰੂ ਹੋ ਜਾਂਦਾ ਹੈ - ਖੇਰ ਅਧਿਆਪਕ ਹਨ, ਮੰਨਣਾ ਤਾਂ ਪੈਂਦਾ ਹੀ ਹੈ - ਮੰਨ ਵੀ ਜਾਂਦੀ ਹਾਂ (ਇਹ ਮੇਰੀ ਆਦਤ ਵਿਚ ਸ਼ਾਮਲ ਹੈ, ਅੱਜ ਵੀ)।

ਥੇ ਇਕ ਵਾਰ ਇੰਜ ਹੀ ਮਾਰਚਿੰਗ ਕਰਦੇ ਕਰਦੇ ਥੱਕ ਜਾਂਦੇ ਹਾਂ ਅਸੀਂ - ਲੈਫਟ ਰਾਈਟ ਲੈਫਟ - ਜੋ ਬਾਅਦ ਵਿਚ ਲੇਫ ਤਲਾਈ ਲੇਫ ਬਣ ਜਾਂਦਾ ਹੈ ਤੇ ਮੈਂ ਜ਼ੋਰ ਜ਼ੋਰ ਦੀ ਬੋਲ ਰਹੀ ਹਾਂ - ਫੇਰ ਤਾਅੜ ਥੱਪੜ - ਅਖੇ ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ-

ਹੁਣ ਮੈਂ ਮੂਹਰਲੀ ਕਤਾਰ ਵਿਚ ਹਾਂ ਰਾਈਟ ਸਾਈਡ ਤੇ - ਸਤਾਰ੍ਹਾਂ ਸੈਕਟਰ ਵਿਚ ਪ੍ਰੇਡ ਹੋਣੀ ਹੈ - "ਆਹ ਢਿਲੜ ਜੇਹੀ ਕੁੜੀ ਕੀ ਮੂਹਰੇ ਲਾ ਦਿੱਤੀ - ਮਿਸ ਥਾਂਡੀ ?" ਮਿਸਜ਼ ਢਿੱਲੋਂ ਗਿਆ ਹੋਵੇ-

ਅੰਤਾਂ ਦਾ ਪਿਆਰ ਕਰਦੇ ਹਨ ਸਾਡੇ ਸਾਰੇ ਅਧਿਆਪਕ - ਨਿੱਕੀਆਂ ਨਿੱਕੀਆਂ ਸਿੱਖ-ਮੱਤਾਂ ਦੇਂਦੇ - ਵੇਲੇ ਕੁਵੇਲੇ - ਛੇਵੀਂ ਜਮਾਤ ਦੇ ਸਾਡੇ ਕਲਾਸ ਟੀਚਰ ਹਨ- ਮਿਸਜ਼ ਖੁਰਾਨਾ। ਉਨ੍ਹਾਂ ਦੀ ਇਕੋ ਇਕ ਬੇਟੀ -ਹਰਬੰਸ- ਮੇਰੀ ਤੇ ਨਰਿੰਦਰ ਦੀ ਪੱਕੀ ਸਹੇਲੀ ਹੈ - ਇਕ ਦਿਨ ਜਮਾਤ ਵਿਚ ਕਹਿੰਦੇ ਹਨ, "ਲੜਕੀਓ! ਜੇ ਦੋ ਦੋ ਸ਼ਮੀਜ਼ਾਂ ਨਹੀਂ ਪਾਉਣੀਆਂ ਤਾਂ ਇਕ ਇਕ ਤਾਂ ਜ਼ਰੂਰ ਪਾ ਕੇ ਆਇਆ ਕਰੋ - ਫਿਰਦੀਆਂ ਰਹਿੰਦੀਆਂ ਹੋ ਦੁੜੰਗੇ ਮਾਰਦੀਆਂ।" ਖੂੰ ਖੂੰ ਕਰਦੀਆਂ ਹੱਸਦੀਆਂ ਨੂੰ ਫੇਰ ਕਿਤੇ ਮਾੜੀ ਮੋਟੀ ਸਮਝ ਆਉਂਦੀ ਹੈ ਸਾਨੂੰ - ਤੇ ਅਗਲੇ ਦਿਨ ਤੋਂ ਹੀ ਸ਼ਮੀਜ਼ਾਂ ਪਾ ਕੇ ਜਾਣ ਲੱਗੀਆਂ - ਸਕੂਲ ਅਸੀਂ।

ਪਰ ਇਕ ਦਿਨ ਜਦੋਂ ਇਹੋ ਗੱਲ ਬੀਜੀ ਨੇ ਕਹੀ ਮੈਨੂੰ, "ਇਹ ਤੇਰੀ ਮਾਸੀ ਹੈ ਨਾ - ਕਰਤਾਰ ਦੀ ਬੀਬੀ, ਕਹਿ ਰਹੀ ਸੀ - ਜਿੰਦਰ ਨੂੰ ਕਹੋ ਕਮੀਜ਼ ਹੇਠਾਂ ਸ਼ਮੀਜ਼ ਪਾਇਆ ਕਰੇ, ਇੰਜ ਚੰਗਾ ਨਹੀਂ ਲੱਗਦਾ।"

ਫੇਰ ਕੀ ਸੀ, ਮੈਂ ਆ ਦੇਖਿਆ ਨਾ ਤਾਅ, ਜਾ ਵੜੀ ਦੂੰ ਦੂੰ ਕਰਦੀ ਉਨ੍ਹਾਂ ਦੇ ਘਰ-

"ਮਾਸੀ ਜੀ ਤੁਹਾਨੂੰ ਕੀਹਨੇ ਕਿਹਾ ਮੇਰੀ ਬੀਜੀ ਨੂੰ ਉਲਟੀਆਂ-ਸੁਲਟੀਆਂ ਗੱਲਾਂ ਕਹਿਣ ਨੂੰ। ਜੇ ਕੁਝ ਕਹਿਣਾ ਹੁੰਦਾ - ਉਹ ਆਪ ਨਹੀਂ ਕਹਿ ਸਕਦੇ ਮੈਨੂੰ?" ਬੁੜ ਬੁੜ ਕਰਦੀ ਸੜੀ ਬਲੀ ਮੈਂ ਘਰ ਮੁੜ ਆਈ - ਤੇ ਅੱਜ ਉਹੋ ਕੰਮ ਮਿਸਜ਼ ਖੁਰਾਨਾ ਦੇ ਹੁਕਮ ਨੇ ਕਰਵਾ ਦਿੱਤਾ ਸਾਥੋਂ-

ਉਂਜ ਆਮ ਤੀਵੀਆਂ ਵਿਚ ਬੈਠਣਾ ਉਨ੍ਹਾਂ ਦੀਆਂ ਗੱਲਾਂ ਸੁਨਣਾ - ਮੈਨੂੰ ਕਦੀ ਦੀ ਚੰਗਾ ਨਹੀਂ ਸੀ ਲਗਦਾ - ਇਹੋ ਕਾਰਨ ਰਿਹਾ ਬਹੁਤ ਵੱਡੀ ਹੋਣ ਤੱਕ - ਵਿਆਹ ਹੋਣ ਤੱਕ (ਜੋ ਦਸਵੀਂ ਵਿਚ ਪੜ੍ਹਦੇ ਹੀ ਹੋ ਗਿਆ ਸੀ - ਸਾਢੇ ਸਤਾਰ੍ਹਾਂ ਸਾਲ ਦੀ ਉਮਰ ਵਿਚ) ਵੀ ਮੈਂ ਬਹੁਤ ਕੁਝ ਤੋਂ ਅਣਜਾਣ, ਅਣਭਿੱਜ ਰਹੀ ਹਾਂ - ਜੋ ਨਹੀਂ ਸੀ ਹੋਣਾ ਚਾਹੀਦਾ - ਜੋ ਕੁਝ ਜਾਨਣਾ ਚਾਹੀਦਾ ਹੈ ਮੈਨੂੰ, ਮੈਂ ਨਹੀਂ ਜਾਣਦੀ ਹਾਂ ਅਜੇ ਤੱਕ -ਕਿਉਂ? ਘਰ ਵਿਚ ਕੋਈ ਵੱਡਾ ਨਹੀਂ ਹੈ- ਬੀਜੀ ਹਨ - ਉਹ ਕੀ ਸਮਝਾਉਣ - ਮੈਂ ਉਨ੍ਹਾਂ ਦੀ ਅਜਿਹੀ ਗੱਲ ਸੁਣਦੀ ਵੀ ਕਦੋ ਹਾਂ - ਸ਼ਾਇਦ ਕਬੂਤਰ ਵਾਂਗ ਅੱਖਾਂ ਮੀਟੀ ਰੱਖਣਾ ਹੀ, ਮੈਨੂੰ ਚੰਗਾ ਲਗਦਾ ਹੈ - ਸ਼ਰਮ ਦੇ ਮਾਰੇ - ਇੱਥੇ ਸਾਡੀ ਗਲੀ ਵਿਚ ਸਾਹਮਣਾ ਘਰ ਹਾਕਮ ਸਿੰਘ ਜੀ ਦਾ ਹੈ- ਉਨ੍ਹਾਂ ਦੀਆਂ ਕਈ ਬੇਟੀਆਂ ਹਨ, ਵੱਡੀਆਂ ਵਿਆਹੀਆਂ ਹੋਈਆਂ, ਛੋਟੀਆਂ ਮੈਥੋਂ ਬਹੁਤ ਛੋਟੀਆਂ - ਬਸ ਰਾਮ ਹੈ ਮੇਰੀ ਸਹੇਲੀ ਮੈਥੋਂ ਇਕ ਜਮਾਤ ਮੂਹਰੇ - ਉਨ੍ਹਾਂ ਦਾ ਬੇਟੀ ਜੀਤ - ਤੇ ਨਾਲ ਦਾ ਕਰਤਾਰ (ਤੇਜਾ ਸਿੰਘ ਦਾ ਬੇਟਾ) - ਅਸੀਂ ਤਿੰਨੇ ਜਮਾਤੀ ਹਾਂ।

ਰਾਮ ਨਾਲ ਮੇਰਾ ਸੁਹੇਲਪੁਣਾ ਹੈ - ਪੜ੍ਹਨਾ ਗੀਟੇ ਖੇਡਣਾ ਤੇ ਪਾਠ ਵੀ ਰਹਿਰਾਸ ਸਾਹਿਬ ਦਾ ਇਕੱਠੇ ਹੀ ਕਰਨਾ ਗਲੀ ਵਿਚ ਸੈਰ ਕਰਦੇ ਕਰਦੇ ਰੋਜ਼ ਸ਼ਾਮ ਨੂੰ -

ਉਂਜ ਹੁਣ ਅਸੀਂ ਇਸਤਰੀਆ ਵਾਂਗ, ਗੁਰਦੁਆਰੇ ਵਿਚ ਕੀਰਤਨ ਕਰਨ ਦਾ ਆਪਣਾ ਇਕ ਜੱਥਾ ਵੀ ਬਣਾ ਲਿਆ ਹੈ - ਉਨ੍ਹਾਂ ਦੀ ਬੁੱਧ-ਸਭਾ ਤੇ ਸਾਡੀ ਵੀਰ ਵਾਰ ਨੂੰ - ਸਕੂਲੋਂ ਆ ਕੇ - ਨਿਰਮਲ ਮੇਰੀ ਜਮਾਤਣ ਵਾਜਾ ਵਜਾ ਲੈਂਦੀ ਹੈ ਤੇ ਅਸੀਂ ਸਭ ਢੋਲਕੀ ਛੈਣੇ, ਖੜਤਾਲਾਂ ਲੈ ਬੈਠ ਜਾਂਦੀਆਂ - ਭਾਈ ਗੋਪਾਲ ਸਿੰਘ ਜੀ ਨੇ ਸਾਡੇ ਜਥੇ ਦਾ ਨਾਂ ਮਾਤਾ ਸਾਹਿਬ ਦੇਵਾਂ ਜਥਾ ਰਖ ਦਿੱਤਾ ਹੈ - ਪ੍ਰਭਾਤ ਫੇਰੀਆਂ, ਲੰਗਰ ਲਈ ਉਗਰਾਹੀਆਂ, ਨਗਰ ਕੀਰਤਨ, ਲੰਗਰ ਦੀ ਸੇਵਾ ਵਿਚ ਹੁਣ ਅਸੀਂ ਵਧ ਚੜ੍ਹ ਕੇ ਹਿੱਸਾ ਲੈਂਦੀਆਂ ਹਾਂ, ਜਿਵੇਂ ਅਸੀਂ ਹੀ ਹਰ ਜਗ੍ਹਾ ਪ੍ਰਧਾਨ ਹੋਈਏ - ਪਰ ਪਤਾ ਨਹੀਂ ਕਿਉਂ, ਇਹ ਸਾਡਾ ਜਥਾ ਬਹੁਤ ਦੇਰ ਨਹੀਂ ਚਲ ਸਕਿਆ।

ਤੇ ਇੱਥੇ ਹੀ ਹੈ ਮੇਰੀ ਸਹੇਲੀ ਬਲਬੀਰ ਲਾਡੋ (ਰਾਣੀ ਬਲਬੀਰ) ਜੋ ਦਸ ਟਾਈਪ ਦੇ ਕੋਨੇ ਵਾਲੇ ਘਰ ਵਿਚ ਰਹਿੰਦੀ ਹੈ - ਤਿੰਨ ਚਾਰ ਭਾਈਆਂ ਦੀ ਇਕੱਲੀ ਇਕੱਲੀ ਲਾਡਲੀ ਭੈਣ - ਕਦੀ ਕਦੀ ਮੈਂ ਇਹਦੀ ਕਾਲੀ ਕਾਰ ਵਿਚ ਬੈਠ ਸਕੂਲ ਵੀ ਚਲੀ ਜਾਂਦੀ ਹਾਂ - ਇਹਦੇ ਨਾਲ ਕਦੀ ਘੁੰਮਣ ਫਿਰਨ ਵੀ - ਬਹੁਤ ਪਿਆਰ ਕਰਦੇ ਹਨ ਇਹਦੇ ਮੰਮੀ (ਭਾਬੋ ਜੀ) ਸਾਨੂੰ ਵੀ - ਬਲਬੀਰ ਦੇ ਦਾਰਜੀ ਠੇਕੇਦਾਰ ਹਨ - ਹਰਬੰਸ ਸਿੰਘ ਤੁੱਲੀ - ਇਹਨੀ ਦਿਨੀਂ ਗੁਰਦੁਆਰੇ ਤੇ ਗੁਰਪੁਰਬ ਦੀ ਬਹੁਤ ਸੇਵਾ ਵੀ ਕਰਦੇ ਹਨ ਇਹ ਵਧ ਚੜ੍ਹ ਕੇ - ਇਕ ਜਾਣੀ ਪਛਾਣੀ ਹਸਤੀ ਹਨ ਇੱਥੇ ਉਹ - ਅੱਜਕਲ੍ਹ।